## ਸੰਖੇਪ ਚਿੰਨ੍ਹਾਂ ਦਾ ਵੇਰਵਾ ः–

੧. ਦਰਪਣ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾਕਟਰ ਸਾਹਿਬ ਸਿੰਘ ਡੀ. ਲਿਟ.)।
੨. ਸੰ. ਸ. = ਸੰਪ੍ਰਦਾਈ ਸਟੀਕ (ਟੀਕਾਕਾਰ ਸੰਤ ਕ੍ਰਿਪਾਲ ਸਿੰਘ ਜੀ)।
੩. ਸ਼ਬਦਾਰਥ = (ਗੁਰੂ ਗ੍ਰੰਥ ਸਾਹਿਬ ਦਾ ਟੀਕਾ) ਪ੍ਰਕਾਸ਼ਕ ः– ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
੪. ਫ. ਸ. = ਫਰੀਦਕੋਟ ਸਟੀਕ (ਭਾਸ਼ਾ ਵਿਭਾਗ ਪੰਜਾਬ)।
੫. ਸੰ. ਪੋ. (ਸੰਥਿਆ ਪੋਥੀਆਂ) ਟੀਕਾਕਾਰ = ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸੰਘ ਜੀ।
੬. ਗੁ. ਗ੍ਰੰ. ਕੋਸ਼. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਕ੍ਰਿਤ = ਭਾਈ ਵੀਰ ਸਿੰਘ ਜੀ)।
੭. ਮ. ਕੋ. = ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ)।
੮. ਬਾ. ਪ੍ਰ. (ਸ੍ਰੀ ਗੁਰੂ ਬਾਣੀ ਪਰਕਾਸ਼) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨੇਵਾਰ ਕੋਸ਼ (ਰਚਿਤ = ਸੋਢੀ ਤੇਜਾ ਸਿੰਘ)।
੯. ਗੁ. ਪਾ. ਦ. ਗੁਰਬਾਣੀ ਪਾਠ ਦਰਸ਼ਨ (ਕਰਤਾ = ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾਂ ਵਾਲੇ)।
੧੦. ਟਕਸਾਲ = ਭਿੰਡਰਾਂ ਵਾਲੀ ਟਕਸਾਲ।
੧੧. ਜਾਂ, ਅਥਵਾ ਭਾਵ ਦੂਜੇ ਅਰਥ ਲਈ ਚਿੰਨ੍ਹ ਹੈ = ;
੧੨. ਭਾ. ਗੁ. = ਭਾਈ ਗੁਰਦਾਸ ਜੀ। ਕ. ਭਾ. ਗੁ =ਕਬਿੱਤ ਭਾਈ ਗੁਰਦਾਸ ਜੀ।
੧੩. ਨਾ. ਪ੍ਰ. = ਨਾਨਕ ਪ੍ਰਕਾਸ਼ (ਕ੍ਰਿਤ = ਕਵੀ ਸੰਤੋਖ ਸਿੰਘ)।
੧੪. ਪਾ. ੧੦ = ਪਾਤਸ਼ਾਹੀ ਦਸਵੀਂ। ਅ. ਉ. = ਅਕਾਲ ਉਸਤਤਿ (ਪਾ. ੧੦)।ਦ. ਗ. = ਦਸਮ ਗ੍ਰੰਥ।
੧੫. S. G. P. C. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
੧੬. ਅ. = ਅਰਬੀ। ਫ. = ਫਾਰਸੀ। ਅਧਿ = ਅਧਿਆਇ
੧੭. ਨਰੋਤਮ = ਪੰਡਤ ਤਾਰਾ ਸਿੰਘ ਨਰੋਤਮ (ਨਿਰਮਲੇ ਸੰਤ)।
੧੮. ਪਦਾਰਥ = ਪਦ + ਅਰਥ = ਪਦਾਰਥ।

ਨੋਟ = ਜਿਥੇ ਕੇਵਲ ਪੰਨਾ ਨੰਬਰ ਹੀ ਦਿਤਾ ਗਿਆ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪੰਨਾ ਨੰਬਰ ਹਨ।

## ਅੰਗ ੧੫੧ = ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਨਿਰਗੁਣ ਤੇ ਸਰਗੁਣ ਸਰੂਪ ਵਾਲਾ ਸਰਬ ਸ਼ਕਤੀਵਾਨ ਵੈਰਾਟ ਰੂਪ ਅਦੁਤੀ, ਅਨਾਦੀ ਤੇ ਅਨੰਤ ਪ੍ਰਮਾਤਮਾ।ਉਹ ਸਦੀਵੀ ਹੋਂਦ ਵਾਲਾ ਹੈ।ਸਾਰੀ ਰਚਨਾ ਨੂੰ ਧਾਰਣ ਵਾਲੀ ਸਰਬ ਵਿਆਪਕ ਰੱਬੀ ਸ਼ਕਤੀ।ਸਾਰੀ ਰਚਨਾ ਦਾ ਸਿਰਜਣਹਾਰ ਪ੍ਰਮਾਤਮਾ ਅਤੇ ਸਰਬ ਵਿਆਪਕ ਹਸਤੀ।ਭੈ ਰਹਿਤ ਅਤੇ ਵੈਰ ਰਹਿਤ ਪ੍ਰਮਾਤਮਾ।ਕਾਲ ਤੋਂ ਰਹਿਤ ਪ੍ਰਮਾਤਮ ਹਸਤੀ।ਜਨਮ ਮਰਣ ਦੇ ਗੇੜ ਤੋਂ ਰਹਿਤ ਪ੍ਰਮਾਤਮਾ। ਅਪਣੇ ਆਪ ਤੋਂ ਪ੍ਰਕਾਸ਼ਵਾਨ ਅਤੇ ਅਪਣੇ ਆਪ ਤੋਂ ਪੈਦਾ ਹੋਇਆ ਪ੍ਰਭੂ।ਪ੍ਰਮਾਤਮਾ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਭਉ ਮੁਚੁ ਭਾਰਾ ਵਡਾ ਤੋਲੁ ॥ ਮਨਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥ ਹਰੀ ਦਾ ਡਰ ਬਹੁਤ ਭਾਰਾ ਹੈ ਤੇ (ਇਹ ਭੈ) ਵੱਡੇ ਤੋਲ ਵਾਲਾ ਹੈ ਭਾਵ ਹਰੀ ਦੇ ਡਰ ਵਿਚ ਰਹਿਣਾ ਆਸਾਨ ਨਹੀ ਹੈ, ਹਰੀ ਦਾ ਡਰ ਧਾਰਣ ਲਈ ਗੁਣਵਾਨ ਬਣਨਾ ਪੈਂਦਾ ਹੈ।(ਦੂਜੇ ਪਾਸੇ) ਮਨ ਦੀ ਮੱਤ ਹੌਲੀ ਹੈ ਤੇ (ਹਲਕੇ; ਹੋਛੇ) ਬੋਲ ਬੋਲਦੀ ਹੈ ਭਾਵ ਆਪ ਹੁਦਰਾ ਆਦਮੀ ਹੋਛਾ ਹੈ ਤੇ ਖਾਲੀ ਗੱਲਾਂ ਹੀ ਗੱਲਾਂ ਕਰਦਾ ਹੈ {ਮਨਮੁਖ ਕਥਨੀ ਹੈ, ਪਰੁ ਰਹਤ ਨ ਹੋਈ ੮੩੧} (ਡਰ ਦਾ ਭਾਰ ਕਿਹੜੇ ਗੁਣਾਂ ਨਾਲ ਚੁੱਕੇ?)।ਇਸ ਡਰ ਨੂੰ ਸਿਰ ਤੇ ਧਰ ਕੇ ਚਲੀਏ ਤੇ ਤਕੜੇ ਹੋ ਕੇ ਇਸਦਾ ਭਾਰ ਸਹਾਰੀਏ (ਭੈ ਹਿਰਦੇ ਵਿਚ ਧਾਰਣ ਕਰ ਲਈਏ)।ਤਾਂ ਉਸ ਨਦਰ ਵਾਲੇ (ਕਰਤਾਰ) ਦੀ ਬਖਸ਼ਿਸ਼ ਨਾਲ ਗੁਰੂ ਦੀ ਵਿਚਾਰ ਪ੍ਰਪਤ ਹੁੰਦੀ ਹੈ।੧।

ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ, ਭਾਇ ਸਵਾਰਿ ॥੧॥ਰਹਾਉ॥ (ਵਾਹਿਗੁਰੂ ਦੇ) ਡਰ ਤੋਂ ਬਿਨਾ ਕੋਈ ਵੀ ਜੀਵ (ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਲੰਘ ਸਕਦਾ।(ਜਿਸ ਮਨੁੱਖ ਦੇ ਅੰਦਰ ਰੱਬ ਦਾ) ਭੈ ਹੈ, (ਉਸ ਨੇ ਇਸ) ਭੈ ਨੂੰ ਪ੍ਰੇਮ ਨਾਲ ਸਵਾਰ ਕੇ ਰੱਖਿਆ ਹੈ; (ਸਿਰਫ ਉਹ ਹੀ ਪਾਰ ਲੰਘਦਾ ਹੈ, ਜਿਸ ਨੇ) ਪ੍ਰਭੂ ਦੇ ਡਰ ਵਿਚ ਰਹਿ ਕੇ ਅਤੇ ਪ੍ਰਭੂ ਦੇ ਪਿਆਰ ਰਾਹੀਂ ਅਪਣਾ ਜੀਵਨ ਸਵਾਰ ਕੇ ਪ੍ਰਭੂ ਦਾ ਡਰ (ਅਪਣੇ ਹਿਰਦੇ ਵਿਚ ਟਿਕਾ ਕੇ) ਰੱਖਿਆ ਹੈ (ਦਰਪਣ)।੧।ਰਹਾਉ।

ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤਿ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥

(ਹੇ ਭਾਈ!) ਸਰੀਰ ਵਿਚ (ਵਾਹਿਗੁਰੂ ਦੇ) ਭੈ ਦੀ ਜੋ ਅੱਗ ਹੈ, (ਉਹ ਅੱਗ ਵਾਹਿਗੁਰੂ ਦਾ) ਭੈ ਰੱਖਣ ਨਾਲ (ਹੋਰ ਜਿਆਦਾ) ਭਖਦੀ (ਪ੍ਰਚੰਡ ਹੁੰਦੀ) ਹੈ। ਵਾਹਿਗੁਰੂ ਦੇ ਭੈ ਵਿਚ ਰਹਿ ਕੇ ਭੈ ਵਾਲੇ ਜੀਵਨ ਨੂੰ ਗੁਰੂ ਸ਼ਬਦ ਦੁਆਰਾ ਸਵਾਰ ਕੇ ਘੜੀਦਾ ਹੈ। ਵਾਹਿਗੁਰੂ ਦੇ ਭੈ ਤੋਂ ਬਿਨਾ (ਅਪਣੀ ਮੱਤ ਦੇ ਆਸਰੇ ਘੜੀ ਹੋਈ ਮਾਨਸਕ ਜੀਵਨ ਦੀ) ਘਾੜਤ ਬਿਲਕੁਲ ਕੱਚੀ ਹੁੰਦੀ ਹੈ। ਜਿਸ ਸਾਂਚੇ ਵਿਚ (ਮਾਨਸਕ ਜੀਵਨ ਘੜੀਦਾ ਹੈ, ਉਹ ਸੰਚਾ) ਅੰਨ੍ਹਾ ਹੈ ਭਾਵ ਕਿਸੇ ਆਦਰਸ਼ ਵਾਲਾ ਨਹੀਂ ਹੁੰਦਾ, ਐਵੇਂ ਅੰਨ੍ਹੇ ਵਾਹ ਕਿਸੇ ਸ਼ਕਲ ਦਾ ਬਣ ਜਾਂਦਾ ਹੈ ਅਤੇ (ਉਸ ਉਤੇ) ਸੱਟਾਂ ਵੀ (ਵੇਦ ਹਥਿਆਰ ਦੀਆਂ ਨਹੀਂ) ਅੰਨ੍ਹੇ ਵਾਹ ਹੀ ਪੈਂਦੀਆਂ ਹਨ (ਜੇ ਕਿਸੇ ਬੱਝਵੀਂ ਵਿਉਂਤ ਵਾਲੀਆਂ ਸੱਟਾਂ ਪੈਣ ਤਾਂ ਕਿਸੇ ਸੁੰਦਰ ਸ਼ਕਲ ਵਿਚ ਢਲ ਜਾਵੇ); ਜਿਨ੍ਹਾਂ ਦਾ ਅੰਤਹਕਰਣ ਰੂਪ ਸੰਚਾ ਅੰਨ੍ਹਾ ਹੈ, ਉਨ੍ਹਾਂ ਨੂੰ ਉਪਦੇਸ਼ ਦੀ ਚੋਟ ਵੀ ਅੰਨ੍ਹੀ ਹੀ ਪੈਂਦੀ ਹੈ ਭਾਵ ਹਿਰਦਾ ਕਠੋਰ ਹੋਣ ਕਰਕੇ ਉਪਦੇਸ਼ ਗ੍ਰਹਿਣ ਨਹੀਂ ਕਰਦੇ।੨।

ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥ (ਅਜੇਹੇ ਅਗਿਆਨੀ ਪੁਰਖ ਦੀ) ਬੁੱਧੀ ਵਿਚ ਸੰਸਾਰਕ ਖੇਡਾਂ ਦੇਖਣ ਦਾ ਚਾਉ ਪੈਦਾ ਹੋਇਆ ਰਹਿੰਦਾ ਹੈ (ਸੰਸਾਰਕ ਖੇਡ ਸਦਾ ਰਹਿਣ ਵਾਲੀ ਨਹੀਂ) {ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ, ਭਾਇ ਮਿਲੈ ਮਨਿ ਭਾਣੇ ੪੩੬}। (ਇਸੇ ਕਰਕੇ) ਹਜਾਰਾਂ ਸਿਆਣਪਾਂ ਨਾਲ ਵੀ ਉਸ ਦੀ ਬੁੱਧੀ ਵਿਚ ਰੱਬ ਦੇ ਭੈ ਰੂਪ ਅੱਗ ਦਾ ਸੇਕ ਨਹੀਂ ਪੈਂਦਾ (ਉਸਦੀ ਅਕਲ ਸੰਵਰਦੀ ਨਹੀਂ, ਭਾਵ ਚੰਗੇ ਸਾਂਚੇ ਵਿਚ ਨਹੀਂ ਢਲਦੀ)। ਗੁਰੂ ਨਾਨਕ ਦੇਵ ਜੀ ਆਖਦੇ ਹਨ, ਅਜੇਹੇ ਮਨਮੁਖ ਦਾ ਬੋਲਣਾ (ਵਖਿਆਨ ਭਾਵ ਉਪਦੇਸ਼) ਬਿਰਥਾ ਹੈ {ਆਖਣੁ ਸੁਨਣਾ ਪਉਣ ਕੀ ਬਾਣੀ, ਇਹੁ ਮਨੁ ਰਤਾ ਮਾਇਆ ੨੪}। ਉਸ ਦਾ ਉਪਦੇਸ਼ ਵਿਅਰਥ ਹੈ ਅਤੇ ਬੇ ਥਵਾ ਹੈ ਭਾਵ ਗਿਆਨ ਦੀ ਮੰਜਲ ਤੇ ਨਹੀਂ ਪੁਚਾ ਸਕਦਾ, ਇਸ ਲਈ ਹਵਾ ਦੀ ਸਾਂ ਸਾਂ ਵਾਂਙ ਵਿਅਰਥ ਹੁੰਦਾ ਹੈ; ਮਨਮੁਖ ਦਾ ਵਖਿਆਨ (ਉਪਦੇਸ਼) ਤੇ ਅਸ਼ੀਰਵਾਦ (ਆਦਿ ਸਭ) ਹਵਾ ਵਾਂਗ ਬੇ ਅਸਰ ਹਨ (ਹੰਕਾਰ ਤੇ ਅਗਿਆਨਤਾ ਵਾਲੀ ਬੁੱਧੀ ਨਾਲ ਦਿਤਾ ਉਪਦੇਸ਼ ਅਤੇ ਵਰ ਬੇ ਅਸਰ ਹੁੰਦਾ ਹੈ)।੩।੧।

ਪਦਾਰਥ = ਭਉ–ਰੱਬ ਦਾ ਡਰ। ਮੁਚੁ–ਬਹੁਤ। ਮਨਮਤਿ–ਮਨ ਦੇ ਪਿੱਛੇ ਚਲਣ ਵਾਲੀ ਅਕਲ। ਹਉਲੀ–ਹੋਛੀ; ਤੁੱਛ। ਸਿਰਿ ਧਰਿ–ਸਿਰ ਉਤੇ ਧਰ ਕੇ। ਚਲੀਐ–ਜੀਵਨ ਗੁਜਾਰੀਏ। ਸਹੀਐ–ਸਹਾਰੀਏ। ਨਦਰੀ–ਮਿਹਰ ਦੀ ਨਜਰ ਕਰਨ ਵਾਲਾ ਕਰਤਾਰ। ਕਰਮੀ–ਬਖਸ਼ਿਸ਼ ਨਾਲ। ਬੀਚਾਰੁ–ਉਪਦੇਸ਼।੧। ਭੈ ਬਿਨੁ–ਪ੍ਰਭੂ ਦਾ ਡਰ ਹਿਰਦੇ ਵਿਚ ਧਾਰਣ ਤੋਂ ਬਿਨਾ। ਭੈ–ਰੱਬ ਦੇ ਡਰ ਵਿਚ ਰਹਿ ਕੇ। ਭਾਇ–ਪ੍ਰਭੂ ਦੇ ਪ੍ਰੇਮ ਨਾਲ। ਸਵਾਰਿ–ਜੀਵਨ ਨੂੰ ਸੁਚੱਜਾ ਬਣਾ ਕੇ।੧। ਰਹਾਉ। ਅਗਨਿ–ਰੱਬੀ ਭੈ ਦੀ ਅੱਗ। ਭਖੈ–ਭਖਦੀ (ਤੇਜ ਹੁੰਦੀ) ਹੈ। ਭੈ ਨਾਲਿ–ਡਰ ਰੱਖਣ ਨਾਲ। ਭਾਇ–ਪ੍ਰੇਮ। ਘਾੜਤਿ–(ਜੀਵਨ ਦੀ) ਬਣਤਰ। ਕਚੁ ਨਿਕਚ–ਬਿਲਕੁਲ ਕੱਚਾ। ਸਚਾ–ਸੈਂਚਾ; ਕਲਬੂਤ (ਜਿਸ ਵਿਚ ਧਾਤ ਢਾਲ ਕੇ ਪਾਈਦੀ ਹੈ)। ਸਟ–ਚੋਟਾਂ। ਬੁਧੀ–ਅਕਲ।੨। ਬਾਜੀ–ਸੰਸਾਰ ਦੀ ਖੇਡ। ਉਪਜੈ ਚਾਉ–ਖੁਸ਼ੀ ਪੈਦਾ ਹੁੰਦੀ ਹੈ। ਸਹਸ–ਹਜਾਰਾਂ। ਪਵੈ ਨ–ਨਹੀਂ ਪੈਂਦਾ (ਲਗਦਾ)। ਤਾਉ–ਸੇਕ। ਬੋਲਣੁ–ਵਖਿਆਨ; ਉਪਦੇਸ਼; ਬਚਨ। ਅੰਧਾ–ਅੰਨ੍ਹਾ; ਗਿਆਨ ਹੀਣ। ਅਖਰੁ–ਉਪਦੇਸ਼। ਵਾਉ–ਹਵਾ ਸਮਾਨ; ਫਜੂਲ। ਦੁਆਉ–ਦੁਆ; ਵਰ; ਅਸ਼ੀਰਵਾਦ।੩।੧।

ਗਉੜੀ = ਕੁਝ ਵਿਦਵਾਨਾਂ ਨੇ ਗਉੜੀ ਨੌਂ ਪ੍ਰਕਾਰ ਦੀ ਲਿਖੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੧੫੧ ਤੋਂ ੩੪੬ ਤਕ ਗਉੜੀ ਦੇ ਬਾਰਾਂ ਸਰੂਪ ਮਿਲਦੇ ਹਨ = ੧. ਗਉੜੀ ਗੁਆਰੇਰੀ ੨. ਗਉੜੀ ੩. ਗਉੜੀ ਦਖਣੀ ੪. ਗਉੜੀ ਚੇਤੀ ੫. ਗਉੜੀ ਬੈਰਾਗਣਿ ੬. ਗਉੜੀ ਦੀਪਕੀ ੭. ਗਉੜੀ ਪੂਰਬੀ ਦੀਪਕੀ ੮. ਗਉੜੀ ਪੂਰਬੀ ੯. ਗਉੜੀ ਮਾਝ ੧੦. ਗਉੜੀ ਮਾਲਵਾ ੧੧. ਗਉੜੀ ਮਾਲਾ ੧੨ ਗਉੜੀ ਸੋਰਠਿ। ਗਉੜੀ ਰਾਗਿ ਸੁਲਖਣੀ, ਜੇ ਖਸਮੈ ਚਿਤਿ ਕਰੇਇ। ੩੧੧}।

ਵਿਆਖਿਆ = ਸੰਪ੍ਰਦਾਈ ਵਿਦਵਾਨਾਂ ਤੇ ਟਕਸਾਲ ਨੇ ਇਹ ਸ਼ਬਦ ਕੌਡੇ ਰਾਖਸ਼ ਪ੍ਰਤੀ ਉਚਾਰਿਆ ਦਸਿਆ ਹੈ। ਪਰ ਸ਼ਬਦ ਦੀਆਂ ਤੁਕਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸ਼ਰਧਾ ਤੇ ਰੱਬੀ ਭੈ ਤੋਂ ਹੀਣ ਕਿਸੇ ਉਪਦੇਸ਼ ਦੇਣ ਵਾਲੇ ਪੰਡਤ ਪ੍ਰਤੀ ਉਚਾਰਿਆ ਹੈ। ਨਿਰੀ ਵਿੱਦਿਆ ਨਾਲ ਬੁੱਧੀ ਚਤਰ ਤਾਂ ਹੋ ਜਾਂਦੀ ਹੈ, ਪਰ ਵਾਹਿਗੁਰੂ ਦੇ ਭੈ ਅਤੇ ਪ੍ਰੇਮ ਤੋਂ ਸੱਖਣੀ ਹੋਣ ਕਰਕੇ ਸੰਸਾਰ ਸਮੁੰਦਰ ਤੋਂ ਮਨੁੱਖ ਨੂੰ ਪਾਰ ਨਹੀਂ ਕਰਾ ਸਕਦੀ। ਮਾਇਆ ਵਿਚ ਫਸੀ ਬੁਧੀ ਵਿਚ ਰੱਬੀ ਪ੍ਰੇਮ ਤੇ ਭੈ ਪੈਦਾ ਨਹੀਂ ਹੁੰਦੇ। ਅਘੱੜ ਬੁੱਧੀ ਵਿਚ ਸੰਸਾਰ ਦੇ ਤਮਾਸ਼ੇ ਦੇਖਣ ਦਾ ਚਾਉ ਪੈਦਾ ਹੋਇਆ ਰਹਿੰਦਾ ਹੈ। ਹਜਾਰਾਂ ਸਿਆਣਪਾਂ ਹੋਣ ਦੇ ਬਾਵਜੂਦ ਵੀ ਉਸ ਮਨੁੱਖ ਦੇ ਅੰਦਰ ਭੈ ਰੂਪ ਅੱਗ ਦਾ ਸੇਕ ਨਹੀਂ ਪੈਂਦਾ ਭਾਵ ਅਜੇਹੀਆਂ ਸਿਆਣਪਾਂ ਰੱਬ ਦਾ ਭੈ ਪੈਦਾ ਨਹੀਂ ਹੋਣ ਦੇਂਦੀਆਂ, ਇਸੇ ਕਰਕੇ ਉਸਦੀ ਕਥਨੀ ਤੇ ਕਰਨੀ ਇਕ ਨਹੀਂ ਹੁੰਦੀ। ਅਜੇਹੇ ਪੰਡਤ ਦੀ ਸਿੱਖਿਆ ਲੋਕਾਂ ਦੇ ਮਨਾਂ ਤੇ ਕੋਈ ਅਸਰ ਨਹੀਂ ਕਰਦੀ। ਉਪਦੇਸ਼ ਤਾਂ ਸੋਨੇ ਦੇ ਸਮਾਨ ਹੈ, ਇਹ ਸ਼ੁੱਧ ਹਿਰਦੇ ਵਿਚ ਹੀ ਟਿਕ ਸਕਦਾ ਹੈ। ਭੈ ਤੇ ਪ੍ਰੇਮ ਬਿਨਾ ਜੇ ਹਿਰਦਾ ਅੰਨ੍ਹਾ ਹੈ, ਤਾਂ ਉਪਦੇਸ਼ ਦੀ ਸੱਟ ਵੀ ਅੰਨ੍ਹੀ ਹੀ ਪੈਂਦੀ ਹੈ ਭਾਵ ਅਗਿਆਨ ਨਾਸ਼ਕ ਨਹੀਂ ਹੁੰਦੀ।

ਉਥਾਨਕਾ = ਕਰਤਾਰ ਦਾ ਕਿਵੇਂ ਧਾਰਣ ਕੀਤਾ ਜਾਵੇ? ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ।

ਗਉੜੀ ਮਹਲਾ ੧ ॥ ਡਰਿ ਘਰੁ ਘਰਿ ਡਰੁ ,ਡਰਿ ਡਰੁ ਜਾਇ ॥ ਸੋ ਡਰੁ ਕੇਹਾ, ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ, ਸਭ ਤੇਰੀ ਰਜਾਇ ॥੧॥ (ਜਿਸ ਮਨੁੱਖ ਦਾ) ਹਿਰਦਾ ਰੱਬ ਦੇ ਡਰ ਵਿਚ ਰਹਿੰਦਾ ਹੈ, ਉਸਦੇ ਹਿਰਦੇ ਵਿਚ

ਰੱਬ ਦਾ ਡਰ (ਪੱਕੇ ਤੌਰ ਤੇ) ਵਸ ਜਾਂਦਾ ਹੈ; ਵਾਹਿਗੁਰੂ ਦੇ ਡਰ ਕਰਕੇ (ਅਪਣੇ ਹਿਰਦੇ) ਸਰੂਪ ਦੀ ਪਛਾਣ ਹੁੰਦੀ ਹੈ, ਫਿਰ ਹਿਰਦੇ ਵਿਚ ਜਦ ਇਹ ਡਰ ਆ ਟਿਕਦਾ ਹੈ, ਤਾਂ ਇਸ ਡਰ ਨਾਲ ਹੋਰ ਡਰ ਦੂਰ ਹੋ (ਡਰ) ਜਾਂਦਾ ਹੈ (ਡਾ. ਤਾਰਨ ਸਿੰਘ ਤੇ ਸ਼ਬਦਾਰਥ) ।ਵਾਹਿਗੁਰੂ ਦਾ ਉਹ ਡਰ ਕਾਹਦਾ ਹੋਇਆ? ਜਿਸ ਡਰ ਕਰਕੇ ਕੋਈ ਹੋਰ ਡਰ ਆ ਪਵੇ; ਉਹ ਡਰ ਕਿਹੋ ਜਿਹਾ ਹੈ? ਜਿਸ ਡਰ ਕਰਕੇ ਮਨੁੱਖ ਡਰ ਪੈਂਦਾ ਹੈ (ਟਕਸਾਲ)।(ਅਰਦਾਸ, ਹੇ ਵਾਹਿਗੁਰੂ! ਡਰ ਤੋਂ ਬਚਣ ਲਈ) ਤੈਥੋਂ ਬਿਨਾ ਹੋਰ ਕੋਈ ਦੂਜਾ ਟਿਕਾਣਾ ਨਹੀਂ। (ਦੁਨੀਆਂ ਵਿਚ) ਜੋ ਕੁਝ ਵਰਤ ਰਿਹਾ ਹੈ, ਸਭ ਤੇਰੀ ਰਜ਼ਾ ਵਿਚ ਹੀ ਵਰਤ ਰਿਹਾ ਹੈ (ਫਿਰ ਡਰ ਕਾਹਦਾ?)।੧।

ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ਰਹਾਉ॥ (ਹੇ ਵਾਹਿਗੁਰੂ! ਕਿਸੇ ਦੂਜੇ ਦੇ) ਡਰ ਤੋਂ ਅਸੀਂ ਤਾਂ ਡਰੀਏ, ਜੇ (ਤੇਰੇ ਵਰਗਾ ਕੋਈ) ਹੋਰ ਹੋਵੇ।(ਕਿਉਂਕਿ ਕਿਸੇ ਹੋਰ ਦੇ) ਡਰ ਤੋਂ ਡਰ ਕੇ ਡਰਨਾ ਐਵੇਂ ਮਨ ਦਾ ਹੀ ਰੌਲਾ ਰੱਪਾ ਹੈ (ਡਰ ਅਪਣੇ ਆਪ ਵਿਚ ਕੁਛ ਵੀ ਨਹੀਂ, ਇਹ ਤਾਂ ਮਨ ਦੀ ਹੀ ਇਕ ਅਵਸਥਾ ਹੈ, ਜੋ ਮਨ ਦੀ ਅਸਥਿਰਤਾ ਦਾ ਹੀ ਰੂਪ ਹੈ)।੧।ਰਹਾਉ।

ਨਾ ਜੀਉ ਮਰੈ ਨਾ ਡੂਬੈ ਤਰੈ ॥ ਜਿਨਿ ਕਿਛੁ ਕੀਆ, ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ (ਅਪਣੇ ਆਪ) ਨਾ ਕੋਈ ਜੀਵ ਮਰਦਾ ਹੈ, ਨਾ ਡੁਬਦਾ ਹੈ ਤੇ ਨਾ ਹੀ ਤਰਦਾ ਹੈ।ਜਿਸ ਪ੍ਰਭੂ ਨੇ ਕੁਛ ਕੀਤਾ (ਜਗਤ ਰਚਿਆ) ਹੈ, ਉਹ ਹੀ ਸਭ ਕੁਛ ਕਰ ਰਿਹਾ ਹੈ (ਵਾਹਿਗੁਰੂ ਨੇ ਹੀ ਸਭ ਜੀਵਾਂ ਨੂੰ ਪੈਦਾ ਕੀਤਾ ਹੈ ਤੇ ਉਹ ਹੀ ਸਭ ਕੁਝ ਕਰਦਾ ਹੈ)।(ਜੀਵ ਤਾਂ ਪ੍ਰਭੂ ਦੇ) ਹੁਕਮ ਵਿਚ ਆਉਂਦਾ ਹੈ ਅਤੇ (ਉਸਦੇ) ਹੁਕਮ ਵਿਚ ਹੀ ਚਲੇ ਜਾਂਦਾ ਹੈ।(ਜਗਤ ਵਿਚ ਆਉਣ ਤੋਂ) ਪਹਿਲਾਂ ਤੇ (ਇਥੋਂ ਮਰ ਜਾਣ ਤੋਂ) ਪਿਛੋਂ (ਰੱਬ ਦੇ) ਹੁਕਮ ਵਿਚ ਸਮਾਇਆ ਰਹਿੰਦਾ ਹੈ; ਲੋਕ ਪ੍ਰਲੋਕ ਵਿਚ ਰੱਬ ਦੇ ਹੁਕਮ ਵਿਚ ਟਿਕਿਆ ਰਹਿੰਦਾ ਹੈ।੨।

ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ (ਜਿਸ ਮਨੁੱਖ ਦੇ ਅੰਦਰ) ਹਿੰਸਾ, ਮੋਹ ਤੇ ਅਕਾਸ਼ ਵਾਂਗ (ਬਹੁਤ ਜਿਆਦਾ ਪਦਾਰਥਾਂ ਦੀ) ਆਸਾ ਲੱਗੀ ਹੋਈ ਹੈ।ਉਸ ਮਨੁੱਖ ਦੇ ਅੰਦਰ ਨਦੀ ਦੇ ਪ੍ਰਵਾਹ ਵਾਂਗ (ਪਦਾਰਥਾਂ ਦੀ) ਬਹੁਤ ਭੁੱਖ ਲੱਗੀ ਰਹਿੰਦੀ ਹੈ; ਜਿਥੇ ਨਿਰਦੈਤਾ, ਮੋਹ, ਆਸਾ ਤੇ ਹੰਕਾਰ ਵਸਦੇ ਹਨ ।ਉਥੇ ਵਿਕਾਰਾਂ ਲਈ ਭੁੱਖ ਨਦੀ ਦੇ ਪ੍ਰਵਾਹ ਵਤ ਵੱਡੀ ਹੈ (ਸ਼ਬਦਾਰਥ)।(ਗੁਰਮੁਖਾਂ ਲਈ ਰੱਬ ਦਾ) ਡਰ ਹੀ ਖਾਣਾ ਪੀਣਾ ਤੇ ਆਸਰਾ ਹੈ ਭਾਵ ਖਾਣ ਪੀਣ ਵਿਚ ਰੱਬ ਦਾ ਡਰ ਹੋਵੇ, ਕਿਸੇ ਤੇ ਜੁਲਮ ਕਰਕੇ ਜਾਂ ਦੂਜਿਆਂ ਤੋਂ ਖੋਹ ਕੇ ਨਾ ਖਾਵੇ ਪੀਵੇ।(ਰਬ ਦਾ) ਭੈ ਖਾਧੇ ਬਿਨਾ ਮੂਰਖ ਲੋਕ (ਸੰਸਾਰ ਦੇ ਭੈ ਵਿਚ) ਮਰ ਕੇ ਖਜਲ ਖੁਆਰ ਹੁੰਦੇ ਰਹਿੰਦੇ ਹਨ।੩।

ਜਿਸ ਕਾ ਕੋਇ, ਕੋਈ ਕੋਇ ਕੋਇ ॥ ਸਭੁ ਕੋ ਤੇਰਾ, ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥ ਜਿਸ (ਮਨੁੱਖ ਦਾ ਜਗਤ ਵਿਚ) ਕੋਈ ਰੱਖਿਅਕ ਹੁੰਦਾ ਹੈ, (ਤਾਂ ਉਹ ਵੀ) ਕੋਈ ਹੀ ਹੈ, ਕੋਈ ਕੋਈ ਵਿਰਲਾ ਹੀ ਹੁੰਦਾ ਹੈ (ਜਿਹੜਾ ਕਿਸੇ ਦੀ ਸਹਾਇਤਾ ਕਰਦਾ ਹੈ)।(ਪਰ ਹੇ ਕਰਤਾਰ!) ਸਭ ਕੋਈ ਤੇਰਾ ਹੈ ਅਤੇ ਤੂੰ ਉਨ੍ਹਾਂ ਸਾਰਿਆਂ ਦਾ (ਮਾਲਕ) ਹੈਂ।ਜਿਸ (ਪ੍ਰਭੂ) ਦੇ ਰਚੇ ਹੋਏ ਸਾਰੇ ਜੀਵ ਜੰਤ ਹਨ ਅਤੇ (ਉਨ੍ਹਾਂ ਨੂੰ ਪ੍ਰਭੂ ਦਾ ਬਖਸ਼ਿਆ) ਧਨ ਤੇ ਮਾਲ ਹੈ।ਹੇ ਨਾਨਕ! (ਉਸ ਪ੍ਰਭੂ ਦਾ) ਵਿਚਾਰ ਵਰਨਣ ਕਰਨਾ ਕਠਨ ਹੈ।੪।੨।

ਪਦਾਰਥ = ਡਰਿ-ਡਰ ਵਿਚ; ਡਰ ਨਾਲ।ਘਰੁ-ਹਿਰਦਾ ਘਰ।ਡਰੁ-ਰੱਬ ਦਾ ਡਰ।ਸੋ-ਉਹ।ਕੇਹਾ-ਕਾਹਦਾ।ਜਿਤੁ ਡਰਿ-ਜਿਸ ਡਰ ਨਾਲ।ਜਾਇ-ਥਾਂ; ਟਿਕਾਣਾ।ਰਜਾਇ-ਭਾਣੇ ਵਿਚ; ਹੁਕਮ ਅਨੁਸਾਰ।੧।ਹੋਰੁ-ਕਿਸੇ ਦੂਜੇ ਦਾ।ਡਰਿ ਡਰਿ-ਡਰ ਨਾਲ ਡਰ ਕੇ।ਸੋਰੁ-ਰੌਲਾ ਰੱਪਾ; ਘਬਰਾਹਟ (ਮਨ ਦਾ ਸਥਿਰ ਨਾ ਰਹਿਣਾ)।੧।ਰਹਾਉ।ਜੀਉ-ਜੀਵ।ਜਿਨਿ-ਜਿਸ ਪ੍ਰਭੂ ਨੇ।ਕਿਛੁ-ਕੁਛ (ਜਗਤ ਰਚਨਾ) ।ਸੋ-ਉਹ।ਹੁਕਮੇ-ਹੁਕਮ ਵਿਚ।ਆਵੈ-ਜਨਮਦਾ ਹੈ।ਜਾਇ-ਮਰਦਾ ਹੈ।ਆਗੈ ਪਾਛੈ-ਪਹਿਲਾਂ ਤੇ ਪਿਛੋਂ; ਲੋਕ ਪ੍ਰਲੋਕ ਵਿਚ।ਸਮਾਇ -ਟਿਕਿਆ ਰਹਿੰਦਾ ਹੈ।੨।ਹੰਸੁ-ਹਿੰਸਾ; ਦਇਆ ਹੀਣ।ਹੇਤੁ-ਮੋਹ।ਅਸਮਾਨੁ-ਅਕਾਸ਼ ਵਾਂਗ; ਸਮਾਨਤਾ ਤੋਂ ਬਿਨਾ (ਨਾ ਬਰਾਬਰਤਾ) ;ਹੰਕਾਰ।ਨੈ ਸਾਨੁ-ਨਦੀ ਸਮਾਨ।ਆਧਾਰੁ-ਆਸਰਾ।ਗਵਾਰ-ਪੇਂਡੂ (ਦਿਹਾਤੀ); ਅਸੱਭਯ; ਮੂਰਖ।੩।ਜਿਸੁ ਕਾ-ਜਿਸ ਕਿਸੇ ਦਾ।ਸਭੁ ਕੋ-ਸਭ ਕੋਈ ।ਸੋਇ-ਉਨ੍ਹਾਂ ਦਾ।ਜੀਅ-ਜੀਵ।ਜੰਤ-ਸੂਖਮ ਜੀਵ।ਆਖਣੁ-ਵਰਨਣ ਕਰਨਾ; ਵਖਿਆਨ।ਬਿਖਮੁ-ਔਖਾ।੪।੨।

ਉਥਾਨਕਾ = ਗੁਰੂ ਨਾਨਕ ਦੇਵ ਜੀ ਜਦ ਦੋ ਉਦਾਸੀਆਂ ਦੁਆਰਾ ਬੇਅੰਤ ਲੋਕਾਂ ਦਾ ਉਧਾਰ ਕਰਕੇ ਤੀਜੀ ਉਦਾਸੀ ਦੀ ਤਿਆਰੀ ਕਰਨ ਲੱਗੇ ਤਾਂ ਮਾਤਾ ਤ੍ਰਿਪਤਾ ਜੀ ਨੇ ਆਪ ਜੀ ਨੂੰ ਆਖਿਆ, 'ਬੇਟਾ ਹੁਣ ਤੁਸੀ ਪ੍ਰਵਾਰ ਵਾਲੇ ਹੋ, ਤੁਹਾਡੇ ਦੋ ਪੁਤ੍ਰ ਹਨ, ਪਤਨੀ ਹੈ, ਫਿਰ ਅਸੀਂ ਤੇਰੇ ਮਾਂ ਬਾਪ ਹਾਂ, ਸੱਸ ਸਹੁਰਾ ਹਨ, ਸਾਰੇ ਚਾਹੁੰਦੇ ਹਨ ਕਿ ਤੁਸੀ ਅਪਣੇ ਪ੍ਰਵਾਰ ਵਿਚ ਰਹੋ।ਕੋਈ ਵੀ ਨਹੀਂ ਚਾਹੁੰਦਾ ਕਿ ਤੁਸੀਂ ਇਸ ਤਰ੍ਹਾਂ ਪ੍ਰਵਾਰ ਨੂੰ ਛੱਡ ਕੇ ਬਾਹਰ ਜਾਵੋ'।ਗੁਰੂ ਜੀ ਨੇ ਉਤਰ ਦਿਤਾ ਕਿ ਤੁਹਾਡੇ ਸਭ ਨਾਲ ਮੇਰਾ ਸੰਸਾਰਕ ਸਬੰਧ ਹੈ, ਮਾਂ ਬਾਪ, ਪ੍ਰਵਾਰ (ਪਤਨੀ ਤੇ ਬੱਚੇ), ਸੱਸ ਸਹੁਰਾ ਤੇ ਭੈਣ ਭਰਾ ਆਦਿ ਸਭ ਸੰਸਾਰੀ ਰਿਸ਼ਤੇ ਹਨ।ਇਨ੍ਹਾਂ ਸਭਨਾ ਦਾ ਸਾਥ ਸੰਸਾਰ ਤਕ ਹੀ ਸੀਮਤ ਹੈ, ਅੱਗੇ ਪ੍ਰਲੋਕ ਨੂੰ ਇਨ੍ਹਾਂ ਵਿਚੋਂ ਕੋਈ ਕਿਸੇ ਦੇ ਨਾਲ ਨਹੀਂ ਜਾਂਦਾ।ਵਾਹਿਗੁਰੂ ਸਭ ਦੀ ਪਾਲਣਾ ਤੇ ਸੰਭਾਲ ਕਰਦਾ ਹੈ, ਫਿਕਰ ਕਰਨ ਦੀ ਲੋੜ ਨਹੀਂ।ਇਕ ਹੋਰ ਰੁਹਾਨੀ ਪ੍ਰਵਾਰ ਹੈ, ਜਿਹੜਾ ਅੱਗੇ ਪ੍ਰਲੋਕ ਵਿਚ ਸਹਾਈ ਹੁੰਦਾ ਹੈ।ਮਾਤਾ ਜੀ ਦੇ ਪੁੱਛਿਆ, ਉਹ ਕਿਹੋ ਜਿਹਾ ਪ੍ਰਵਾਰ ਹੈ? ਗੁਰੂ ਜੀ ਇਸ ਸ਼ਬਦ ਦੁਆਰਾ ਮਾਤਾ ਜੀ ਨੂੰ ਅਪਣੇ ਰੁਹਾਨੀ ਪ੍ਰਵਾਰ ਦਾ ਵੇਰਵਾ ਦਸਦੇ ਹਨ।

ਗਉੜੀ ਮਹਲਾ ੧ ॥ ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਇਹੁ ਵਿਸੇਖੁ ॥੧॥ (ਹੇ ਭਾਈ! ਸ਼ੁੱਭ) ਮੱਤ ਮੇਰੀ ਮਾਤਾ ਅਤੇ ਸੰਤੋਖ ਪਿਤਾ (ਬਣ ਗਿਆ ਹੈ) {ਮਤਿ ਮਾਤਾ ਮਤਿ ਜੀਉ ,ਨਾਮੁ ਮੁਖਿ ਰਾਮਾ।ਸੰਤੋਖੁ ਪਿਤਾ ਕਰਿ, ਗੁਰੁ ਪੁਰਖੁ ਅਜਨਮਾ ੧੭੨; ਮਤਿ ਮਾਤਾ ਸੰਤੋਖੁ ਪਿਤਾ, ਸਰਿ ਸਹਜ ਸਮਾਯਉ ੧੩੯੭}।ਅਤੇ ਸੱਚ ਰੂਪ ਭਰਾ, ਵਿਸ਼ੇਸ਼ ਕਰਕੇ (ਮੇਰਾ ਆਤਮਕ ਪ੍ਰਵਾਰ ਬਣ ਗਿਆ) ਹੈ।੧।

ਅੰਗ ੧੫੨ = ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ਰਹਾਉ॥ (ਹੇ ਨਿਰੰਕਾਰ! ਤੇਰੇ ਬਾਰੇ ਜੋ) ਕੁਛ ਕਹਿਣਾ ਹੁੰਦਾ ਹੈ, ਉਹ ਕਿਹਾ ਨਹੀਂ ਜਾਂਦਾ।ਕਿਉਂਕਿ ਤੇਰੀ ਕੁਦਰਤ ਦੀ ਕੀਮਤ ਨਹੀਂ ਪਾਈ ਜਾ ਸਕਦੀ (ਕਰਤਾਰ ਨੇ ਸ਼ੁੱਭ ਗੁਣਾਂ ਦਾ ਇਕ ਅਨੋਖਾ ਮਾਨਸਕ ਪ੍ਰਵਾਰ ਰਚ ਦਿਤਾ ਹੈ, ਇਹ ਉਸਦੀ ਅਸਚਰਜ ਰਚਨਾ ਹੈ)।੧।ਰਹਾਉ।

ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥੨॥ ਉਦਮ (ਜਾਂ ਬੁਰੇ ਕੰਮਾਂ ਤੋਂ ਸ਼ਰਮ ਰੱਖਣੀ ਜਾਂ ਵੈਰਾਗ ਤੇ ਚੰਗੇ ਕੰਮਾਂ ਦੀ ਉਚੀ ਸੂਝ ਬੂਝ, ਮੇਰੇ) ਦੋਵੇਂ ਸੱਸ ਤੇ ਸਹੁਰਾ ਬਣ ਗਏ ਹਨ।ਮਨ ਕਰਕੇ ਸ਼ੁੱਭ ਕਿਰਿਆ ਪਤਨੀ ਬਣ ਗਈ ਹੈ।੨।

ਸਾਹਾ ਸੰਜੋਗੁ ਵਿਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥ ਸੱਤ ਪੁਰਖਾਂ ਦਾ ਮੇਲ (ਮੇਰੇ ਲਈ) ਵਿਆਹ ਦਾ ਸ਼ੁੱਭ ਮਹੂਰਤ ਕੱਢਿਆ ਗਿਆ ਹੈ ਅਤੇ (ਮਨਮੁਖਾਂ ਦਾ) ਵਿਛੋੜਾ, ਇਹ ਕੰਤ ਪ੍ਰਭੂ ਨਾਲ ਵਿਆਹ ਹੋਇਆ ਹੈ।(ਯਥਾਰਥ ਗਿਆਨ ਦੀ ਪ੍ਰਾਪਤੀ ਕਰਾਉਣ ਵਾਲੀ) ਸੱਚ ਰੂਪ ਸੰਤਾਨ ਪੈਦਾ ਹੋਈ ਹੈ, ਗੁਰੂ ਜੀ ਆਖਦੇ ਹਨ ਕਿ (ਪ੍ਰਵਾਰ ਦਾ ਕੈਸਾ ਸੁੰਦਰ) ਸਬੰਧ ਬਣਿਆ ਹੈ; ਕਿਹੋ ਜਿਹਾ ਲਾਇਕ ਪ੍ਰਵਾਰ ਜੁੜਿਆ ਹੈ।੩।੩।

ਪਦਾਰਥ = ਮਤਿ-ਬੁੱਧੀ; ਅਕਲ।ਸਤੁ-ਸੱਚ।ਕਰਿ ਵਿਸੇਖੁ-ਵਿਸ਼ੇਸ਼ ਕਰਕੇ।੧।ਕਹਣੁ-ਵਰਨਣ; ਬਿਆਨ।ਤਉ-ਤੇਰੀ।ਕੁਦਰਤਿ-ਰਚਨਾ ;ਕਰਤਾਰ ਦੀ ਸ਼ਕਤੀ।੧।ਰਹਾਉ।ਸਰਮ-ਉਦਮ; ਸ਼ਰਮ (ਲੱਜਾ)।ਸੁਰਤਿ-ਆਤਮਕ ਸੂਝ ਬੂਝ; ਗਿਆਨ ਵਾਲੀ ਉਚੀ ਵਿਚਾਰ।ਸਸੁਰ-ਸੱਸ ਤੇ ਸਹੁਰਾ।ਭਏ-ਹੋ ਗਏ; ਬਣ ਗਏ।ਕਰਣੀ-ਸ਼ੁੱਭ ਕਰਮ; ਸ੍ਰੇਸਟ ਕਿਰਿਆ।ਕਾਮਣਿ-ਇਸਤ੍ਰੀ; ਪਤਨੀ।੨। ਸਾਹਾ-ਵਿਆਹ ਲਈ ਸੋਧਿਆ ਹੋਇਆ ਸ਼ੁੱਭ ਮਹੂਰਤ (ਸਮਾਂ)।ਸੰਜੋਗ-ਮਿਲਾਪ (ਸੱਤ ਪੁਰਖਾਂ ਦਾ)।ਵਿਜੋਗੁ-ਵਿਛੋੜਾ (ਮਨਮੁਖਾਂ ਦਾ; ਪਦਾਰਥਾਂ ਨਾਲੋਂ); ਸੰਸਾਰ ਜਾਂ ਮਾਇਆ ਤੋਂ ਉਪਰਾਮਤਾ।ਸੰਤਤਿ-ਸੰਤਾਨ; ਔਲਾਦ।ਜੋਗ-ਸਬੰਧ; ਮਿਲਾਪ; ਲਾਇਕ; ਠੀਕ; ਜੁੜਿਆ ।੩।੩।

ਕਰਿ ਮਨ ਲਏ = ੧. ਸ਼ੁੱਭ ਕਰਣੀ ਇਸਤ੍ਰੀ ਕਰਕੇ ਮੰਨ ਲਈ ਹੈ।੨. ਕਰਣੀ ਜੋ ਜਪ ਤਪ ਆਦਿ ਸਾਧਨ ਹੈ, ਸੋ ਇਸਤ੍ਰੀ ਹੈ, ਐਸੇ ਗੁਣ ਮੇਰੇ ਮਨ ਨੇ ਗ੍ਰਹਣ ਕਰ ਲਏ ਹਨ (ਫ.ਸ.)।੩. ਕਰਣੀ (ਭਗਤੀ) ਇਸਤ੍ਰੀ ਹੈ, (ਮਨ) ਮੈਂ ਤਾਂ ਇਹ ਪ੍ਰਵਾਰ ਬਣਾ ਲਿਆ ਹੈ (ਪੰ. ਨਰੈਣ ਸਿੰਘ)।੪. ਦਰਪਣ, ਸੰਥਿਆ ਪੋਥੀਆਂ ਤੇ ਸ਼ਬਦਾਰਥ ਦੇ ਮਨ ਨੂੰ ਸੰਬੋਧਨ ਰੂਪ ਵਿਚ 'ਹੇ ਮਨ!' ਅਰਥ ਸਹੀ ਨਹੀਂ ਹਨ।੫. ਮਨ = ਸ਼੍ਰੋਮਣੀ ਨਿਸ਼ਕਾਮ ਕਰਮਾਂ ਦੀ ਕਰਨੀ ਰੂਪੀ ਕਾਮਣਿ = ਇਸਤ੍ਰੀ ਅਸਾਂ ਨੇ ਕਰ ਲਈ ਹੈ (ਸੰ.ਸ.)।

ਵਿਆਖਿਆ = ਸਭ ਤੋਂ ਪਹਿਲੀ ਸਿਖਿਆ ਬੱਚਾ ਮਾਂ ਤੋਂ ਲੈਂਦਾ ਹੈ।ਜਿਸਦੀ ਮਾਂ ਮਰ ਜਾਏ, ਲੋਕ ਉਸ ਨੂੰ ਯਤੀਮ ਆਖਦੇ ਹਨ।ਸ੍ਰੇਸਟ ਮੱਤ, ਉਤਮ ਬਿਚਾਰ ਚੰਗੇ ਸਮਾਜ ਦੀ ਸਿਰਜਣਾ ਕਰਦੇ ਹਨ।ਸੰਸਾਰ ਵਿਚ ਜਿੰਨਾ ਅਨਰਥ ਚਲਦਾ ਹੈ, ਉਹ ਚੰਗੀ ਮੱਤ ਦੀ ਘਾਟ ਦੇ ਕਾਰਣ ਹੀ ਹੁੰਦਾ ਹੈ।ਜਿਵੇਂ ਮਾਂ ਬੱਚੇ ਦੀ ਪਾਲਣਾ ਕਰਦੀ ਹੈ, ਇਵੇਂ ਸ੍ਰੇਸਟ ਮੱਤ ਮਨੁੱਖ ਦੇ ਅਚਰਣ ਦੀ ਰੱਖਿਆ ਕਰਦੀ ਹੈ।ਮੱਤ ਹੀਣ ਬੰਦਾ ਗੁੰਡਾ, ਬਦਮਾਸ਼ ਤੇ ਦੁਰਾਚਾਰੀ ਹੋ ਜਾਂਦਾ ਹੈ।ਸੰਤੋਖੀ ਮਨੁੱਖ ਲੋਭੀ ਬਣ ਕੇ ਪਾਪ ਨਹੀਂ ਕਰਦਾ।ਉਸਦੇ ਅੰਦਰ ਰੱਬੀ ਭੈ ਹੁੰਦਾ ਹੈ, ਜੋ ਕੁਛ ਕੋਲ ਹੈ, ਸੰਤੋਖੀ ਮਨੁੱਖ ਉਸੇ ਵਿਚ ਸੰਤੁਸ਼ਟ ਤੇ ਖੁਸ਼ ਰਹਿੰਦਾ ਹੈ।ਲੋਭੀ ਮਨੁੱਖ ਦੁਨੀਆਂ ਦੀ ਦੌਲਤ ਹਾਸਲ ਕਰਕੇ ਵੀ ਰੱਜਦਾ ਨਹੀਂ, ਉਹ ਹੋਰ ਹੋਰ ਜਿਆਦਾ ਚਾਹੁੰਦਾ ਹੈ।ਮਿਹਨਤ ਜਾਂ ਉਦਮ ਤੇ ਉਚੀ ਸੁਰਤ ਤੋਂ ਸ਼ੁੱਭ ਕਰਣੀ ਦਾ ਜਨਮ ਹੁੰਦਾ ਹੈ।ਇਹ ਕਰਣੀ ਸਦਾ ਮਨੁੱਖ ਦਾ ਸਾਥ ਦਿੰਦੀ ਹੈ, ਉਦਮ, ਸੁਰਤ ਤੇ ਸ੍ਰੇਸਟ ਕਰਣੀ ਤੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ।ਸ਼ਰਧਾ ਤੇ ਪ੍ਰੇਮ ਤੋਂ ਹੀਣਾ ਗਿਆਨ, ਤਰਕ ਤੇ ਸੰਸੇ ਵੀ ਪੈਦਾ ਕਰਦਾ ਹੈ, ਇਸ ਕਰਕੇ ਸ਼ਰਧਾ ਤੋਂ ਹੀਣਾ ਗਿਆਨ ਅਧੂਰਾ ਹੈ।ਗਿਆਨ ਤੋਂ ਹੀਣ ਭਗਤੀ ਵੀ ਅਧੂਰੀ ਹੈ, ਜੋ ਮਨੁੱਖ ਨੂੰ ਪਖੰਡੀ ਤੇ ਅੰਧ ਵਿਸ਼ਵਾਸੀ ਬਣਾ ਦਿੰਦੀ ਹੈ।ਸ਼ਰਧਾ, ਵਿਸ਼ਵਾਸ ਤੋਂ ਬਿਨਾ ਥੋਥਾ ਗਿਆਨ ਤੇ ਤਰਕ ਮਨੁੱਖ ਨੂੰ ਨਾਸਤਕ ਬਣਾ ਦੇਂਦੇ ਹਨ।ਗਿਆਨ ਤੇ ਭਗਤੀ ਦੋਵੇਂ ਮਿਲ ਕੇ ਸੰਪੂਰਣ ਹੁੰਦੇ ਹਨ।ਜਿਵੇਂ ਉਦਮ ਤੇ ਮਿਹਨਤ ਕਰਕੇ ਧਨ ਕਮਾਈਦਾ ਹੈ, ਇਵੇਂ ਮਿਹਨਤ ਤੇ ਉਦਮ ਨਾਲ ਧਰਮ ਕਮਾਈਦਾ ਹੈ।ਦੁਨਿਆਵੀ ਧਨ ਤਾਂ ਪਿਓ ਦਾਦੇ ਦਾ ਕਮਾਇਆ ਹੋਇਆ ਵੀ ਮਿਲ ਜਾਂਦਾ ਹੈ, ਪਰ ਧਰਮ ਪਿਓ ਦਾਦੇ ਦਾ ਕਮਾਇਆ ਔਲਾਦ ਨੂੰ ਨਹੀਂ ਮਿਲਦਾ, ਆਪ ਕਮਾਉਣਾ ਪੈਂਦਾ ਹੈ।ਇਸੇ ਲਈ ਸੰਸਾਰ ਵਿਚ ਧਨ ਵਧਦਾ ਜਾ ਰਿਹਾ ਹੈ, ਪਰ ਧਰਮ ਘਟਦਾ ਜਾ ਰਿਹਾ ਹੈ।ਧਨ ਦੀ ਲਾਟਰੀ ਵੀ ਨਿਕਲ ਆਉਂਦੀ ਹੈ, ਪਰ ਧਰਮ ਲਾਟਰੀ ਦੁਆਰਾ ਨਹੀਂ ਨਿਕਲਦਾ।

ਗਉੜੀ ਮਹਲਾ ੧ ॥ ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ (ਹੇ ਗਿਆਨੀ!) ਪੌਣ, ਪਾਣੀ ਤੇ ਅਗਨੀ (ਆਦਿ ਤੱਤਾਂ) ਦਾ ਮੇਲ ਹੋਇਆ (ਤਾਂ ਇਹ ਸਰੀਰ ਬਣਿਆ ਹੈ।ਇਹ ਸਰੀਰ) ਚੰਚਲ (ਮਨ) ਅਤੇ ਅਸਥਿਰ ਬੁਧੀ ਦਾ ਖੇਲ (ਤਮਾਸ਼ਾ) ਹੈ ਭਾਵ ਸਰੀਰ ਵਿਚ ਚੰਚਲ ਤੇ ਅਸਥਿਰ ਬੁੱਧੀ ਕਲੋਲ ਕਰ ਰਹੀ ਹੈ।(ਇਸ ਸਰੀਰ ਰੂਪ ਮਹਿਲ ਦੇ) ਨੌਂ ਦਰਵਾਜੇ (ਪ੍ਰਗਟ) ਹਨ ਤੇ ਦਸਵਾਂ ਦੁਆਰ (ਗੁਪਤ) ਹੈ {ਨਉ ਦਰ ਠਾਕੇ ਧਾਵਤੁ

ਰਹਾਏ।ਦਸਵੈ ਨਿਜ ਘਰਿ ਵਾਸਾ ਪਾਏ ੧੨੪} (ਗੁਰੂ ਜੀ ਆਖਣ ਲੱਗੇ, ਇਸ ਮਰੀ ਦੇਹ ਦੇ ਨੌ ਦਰਵਾਜੇ ਸਾਬਤ ਹਨ ਤੇ ਦਸਵਾਂ ਦੁਆਰ ਵੀ ਇਸਦੇ ਸਿਰ ਵਿਚ ਹੈ)।ਹੇ ਗਿਆਨਵਾਨ ਪੁਰਖ! (ਤੂੰ) ਇਹ ਵਿਚਾਰ ਸਮਝ (ਜੋ ਆਪਾਂ ਕਰ ਰਹੇ ਹਾਂ, ਇਸ ਦੇ ਵਿਚੋਂ ਕਿਹੜੀ ਚੀਜ ਮਰੀ ਹੈ, ਇਸ ਸਰੀਰ ਤਾਂ ਉਵੇਂ ਸਾਬਤ ਪਿਆ ਹੈ)।੧।

ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ਰਹਾਉ॥ (ਜਿਹੜਾ ਪੁਰਖ) ਅਪਣੇ ਆਪ ਨੂੰ ਵਿਚਾਰਦਾ ਹੈ, ਉਹ ਗਿਆਨਵਾਨ ਹੋ ਜਾਂਦਾ ਹੈ।(ਉਹ ਜਾਣ ਲੈਂਦਾ ਹੈ ਕਿ ਇਸ ਦੇਹੀ ਦੇ ਅੰਦਰ ਵਿਆਪਕ ਹੋਣ ਕਰਕੇ) ਕਥਨ ਕਰਨ ਵਾਲਾ, ਬੋਲਣ ਵਾਲਾ ਤੇ ਸੁਣਨ ਵਾਲਾ ਉਹ (ਵਾਹਿਗੁਰੂ ਆਪ) ਹੀ ਹੈ।੧।ਰਹਾਉ।

ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥ (ਜੇ ਪੰਡਤ ਆਖੇ ਕਿ ਦੇਹ ਮਰ ਗਈ ਹੈ, ਤਾਂ ਗੁਰੂ ਜੀ ਆਖਦੇ ਹਨ ਕਿ) ਦੇਹ ਤਾਂ ਮਿੱਟੀ ਹੈ, ਇਸ ਵਿਚ ਪੌਣ ਬੋਲ ਰਹੀ ਹੈ। (ਦੇਹ ਸੁਆਸਾਂ ਸੇ ਸਹਾਰੇ ਚਲਦੀ ਹੈ, ਸਾਰੇ ਇੰਦ੍ਰੇ ਪੌਣ ਦੀ ਸਹਾਇਤਾ ਨਾਲ ਕਾਰਜਸ਼ੀਲ ਹੁੰਦੇ ਹਨ, ਮਿਟੀ ਵੀ ਨਹੀਂ ਮਰੀ ਤੇ ਪੌਣ ਵੀ ਨਹੀਂ ਮਰੀ, ਕਿਉਂਕਿ ਸਰੀਰ ਦੇ ਮਰਿਆਂ ਮਿੱਟੀ ਦਾ ਤੱਤ ਮਿਟੀ ਵਿਚ ਤੇ ਪੌਣ ਦਾ ਤੱਤ ਪੌਣ ਵਿਚ ਮਿਲ ਜਾਂਦਾ ਹੈ।ਗੁਰੂ ਜੀ ਆਖਦੇ ਹਨ) ਹੇ ਗਿਆਨੀ! ਤੂੰ ਬੁੱਝ, ਕੌਣ ਮਰਿਆ ਹੈ? (ਪੰਡਤ ਆਖਦਾ ਹੈ, ਆਪ ਹੀ ਕ੍ਰਿਪਾ ਕਰੇ ਦੱਸੋ, ਕੌਣ ਮਰਿਆ ਹੈ? ਤਾਂ ਗੁਰੂ ਜੀ ਦਸਦੇ ਹਨ) ਉਹ ਸੂਰਤ (ਸਰੀਰ) ਮਰ ਗਿਆ; ਸ਼ਕਲ ਮਰ ਗਈ (ਕਿਉਂਕਿ ਮਰੇ ਤੋਂ ਬਾਦ ਸ਼ਕਲ ਪਹਿਲਾਂ ਵਰਗੀ ਨਹੀਂ ਰਹਿੰਦੀ = ਟਕਸਾਲ) ,ਜੋ ਹਉਂ ਤੇ ਵਾਦ ਵਿਵਾਦ ਦੇ ਆਸਰੇ ਕਾਇਮ ਸੀ; ਜਿਸ ਸੂਰਤ ਦਾ ਵਿਅਰਥ ਹੰਕਾਰ ਕਰਦਾ ਸੀ, ਉਹ ਮਰ ਗਈ (ਸੰ. ਸ.।ਪਰ ਇਸ ਦੇ ਅੰਦਰ) ਜੋ ਦੇਖਣ ਵਾਲੀ ਸ਼ਕਤੀ (ਜੀਵਾਤਮਾ) ਹੈ, ਉਹ ਨਹੀਂ ਮਰੀ ਭਾਵ ਉਹ ਸਦਾ ਕਾਇਮ ਰਹਿਣ ਵਾਲੀ ਹੈ ਭਾਵ ਅਮਰ ਹੈ।

ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥ (ਉਹ ਅਮਰ ਵਸਤੂ ਕੀ ਹੈ?) ਜਿਸ ਦੀ ਪ੍ਰਾਪਤੀ ਵਾਸਤੇ ਲੋਕ ਤੀਰਥਾਂ ਦੇ ਕਿਨਾਰਿਆ ਤੇ ਜਾਂਦੇ ਹਨ, ਉਹ ਰਤਨ ਪਦਾਰਥ (ਰੱਬ ਦੀ ਜੋਤ ਮਨੁੱਖ ਦੇ) ਹਿਰਦੇ ਅੰਦਰ ਹੀ (ਮੌਜੂਦ) ਹੈ।(ਪ੍ਰਭੂ ਦੀ ਸਮਝ ਤੋਂ ਬਿਨਾ) ਪੰਡਤ (ਵੇਦ ਸ਼ਾਸਤ੍ਰ) ਪੜ੍ਹ ਪੜ੍ਹ ਕੇ ਵਾਦ ਵਿਵਾਦ ਹੀ ਬਿਆਨ ਕਰਦਾ ਹੈ; ਪੰਡਤ ਵੇਦ ਪੁਰਾਣ ਆਦਿ ਗ੍ਰੰਥ ਪੜ੍ਹ ਪੜ੍ਹ ਕੇ ਬਿਅਰਥ ਵਿਆਖਿਆ ਕਰਦਾ ਹੈ।(ਕਿਉਂਕਿ ਹਿਰਦੇ ਦੇ) ਅੰਦਰ ਹੋਂਦ ਵਾਲੀ ਜੋਤ ਰੂਪ ਚੇਤਨ ਵਸਤੂ ਨੂੰ ਨਹੀਂ ਜਾਣਦਾ (ਇਸ ਕਰਕੇ ਜੰਮਦਾ ਮਰਦਾ ਰਹਿੰਦਾ ਹੈ)।੩।

ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥ (ਜਦ ਗਿਆਨ ਦੁਆਰਾ ਮਨੁੱਖ ਜੀਵਤ ਭਾਵ ਤੋਂ ਮਰ ਜਾਂਦਾ ਹੈ ਤਾਂ ਉਹ ਆਖਦਾ ਹੈ ਕਿ) ਮੈਂ ਨਹੀਂ ਮਰਿਆ, ਮੇਰੀ ਅਗਿਆਨਤਾ ਦੀ ਬਲਾ ਮਰ ਗਈ ਹੈ।(ਸਰੀਰ ਦੇ ਅੰਦਰ ਵਾਹਿਗੁਰੂ) ਜੋ ਸਮਾ ਰਿਹਾ ਹੈ, ਉਹ ਨਹੀਂ ਮਰਿਆ (ਪੰਡਤ ਨੇ ਸੁਆਲ ਕੀਤਾ ਕਿ ਫਿਰ ਅਵਿਦਿਆ ਦਾ ਨਾਸ ਕਿਵੇਂ ਹੋਇਆ?) ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਮੈਨੂੰ ਜਦ ਸਰੀਰ ਵਿਚ ਸਮਾਇਆ ਤੇ ਸਾਰੇ ਵਿਆਪਕ ਹੋ ਰਿਹਾ) ਵਾਹਿਗੁਰੂ ਦਿਖਾ ਦਿਤਾ।(ਤਾਂ ਫਿਰ ਮੈਨੂੰ ਕੋਈ) ਮਰਦਾ ਜੰਮਦਾ ਨਜਰ ਨਹੀਂ ਆਇਆ (ਜੰਮਣਾ ਮਰਨਾ ਵਾਹਿਗੁਰੂ ਦੀ ਇਕ ਖੇਡ ਪ੍ਰਤੀਤ ਹੋ ਰਹੀ ਹੈ)।੪।੪। ਨਹ ਕਿਛੁ ਜਨਮੈ ਨਹ ਕਿਛ ਮਰੈ।(੨੮੧)

ਪਦਾਰਥ = ਪਉਣੈ–ਪੌਣ ਦਾ ਤੱਤ (ਉਪਨਿਸ਼ਦਾਂ ਨੇ ਸਰੀਰ ਦੀ ਰਚਨਾ ਤਿੰਨ ਤੱਤਾਂ ਤੋਂ ਮੰਨੀ ਹੈ)।ਮੇਲੁ–ਜੋੜ।ਚੰਚਲ–ਇਕ ਥਾਂ ਨਾ ਟਿਕਣ ਵਾਲੀ।ਚਪਲ–ਅਸਥਿਰ (ਇਕ ਥਾਂ ਨਾ ਟਿਕਣ ਵਾਲੀ); ਚਲਾਕ।ਨਉ ਦਰਵਾਜੇ–ਸਰੀਰ ਦੇ ਨੌ ਦਰਵਾਜੇ (ਦੋ ਨਾਸਾਂ, ਦੋ ਅੱਖਾਂ, ਦੋ ਕੰਨ, ਮੂੰਹ, ਗੁਦਾ ਤੇ ਲਿੰਗ)।ਦਸਵਾ ਦੁਆਰ–ਗਿਆਨ ਅਵਸਥਾ (ਆਤਮਾ ਦੇ ਧੁਰ ਅੰਦਰ ਦੀ ਅਵਸਥਾ, ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ)।੧।ਕਥਤਾ–ਕਥਨ ਕਰਨ ਵਾਲਾ।ਬਕਤਾ–ਬੋਲਣ ਵਾਲਾ; ਉਪਦੇਸ਼ਕ।ਸੁਨਤਾ–ਸੁਣਨ ਵਾਲਾ (ਸ੍ਰੋਤਾ)।ਆਪੁ–ਅਪਣੇ ਆਪ ਨੂੰ।੧।ਰਹਾਉ।ਦੇਹੀ–ਸਰੀਰ।ਪਉਣੁ–ਹਵਾ; ਸੁਆਸ।ਬਾਦੁ–ਝਗੜਾ; ਵਿਅਰਥ।੨।ਜੈ ਕਾਰਣਿ–ਜਿਸ ਵਾਸਤੇ।ਤਟਿ–ਕਿਨਾਰੇ ਉਤੇ। ਜਾਹੀ–ਜਾਂਦੇ ਹਨ।ਰਤਨ ਪਦਾਰਥ–ਜੋਤ ਰੂਪ ਰਤਨ ਪਦਾਰਥ (ਚੇਤਨ ਸੱਤਾ)।ਘਟ–ਹਿਰਦਾ।ਮਾਹੀ–ਵਿਚ।ਬਾਦੁ–ਵਾਦ ਵਿਵਾਦ; ਬਿਅਰਥ।ਵਖਾਣੈ–ਬਿਆਨ ਕਰਦਾ ਹੈ।ਭੀਤਰਿ–ਅੰਦਰ।ਹੋਦੀ–ਹੋਂਦ ਵਾਲੀ; ਮੌਜੂਦ।੩।ਹਉ–ਮੈਂ।ਬਲਾਇ–ਅਵਿਦਿਆ (ਅਗਿਆਨ; ਮੂਰਖਤਾ) ਮਾਇਆ ਦੀ ਉਹ ਦਸ਼ਾ ਹੈ, ਜੋ ਜੀਵਾਤਮਾ ਨੂੰ ਅਗਿਆਨ ਬੰਧਨ ਵਿਚ ਫਸਾਉਂਦੀ ਹੈ।ਜਾਤਾ–ਜੰਮਦਾ।੪।੪

ਸੁਰਤਿ = ਸੂਰਤ ਭਾਵ ਸਰੀਰ (ਸ਼ਬਦਾਰਥ; ਸੰ.ਸ.; ਫ.ਸ.); ਵਿਚਾਰ ਸ਼ਕਤੀ; ਸਮਝ = ਬਾਦ ਤੇ ਹੰਕਾਰ ਦਾ ਸਬੰਧ ਸੁਰਤਿ ਨਾਲ ਹੈ, ਮਨੁੱਖ ਨੂੰ ਪਹਿਲਾਂ ਸੁਰਤ ਦੁਆਰਾ ਸਮਝ ਆਉਂਦੀ ਹੈ, ਤਾਂ ਹੀ ਉਹ ਵਾਦ ਵਿਵਾਦ ਤੇ ਹੰਕਾਰ ਵਿਚ ਪ੍ਰਵਿਰਤ ਹੁੰਦਾ ਹੈ (ਨਿਰਣੈ ਵਿਚੋਂ); ਇਸ ਸਰੀਰ ਵਿਚੋਂ ਬਹਿਸ ਤੇ ਹੰਕਾਰ ਵਾਲੀ ਸਮਝ ਮਰ ਗਈ।

ਹਉ ਨ ਮੂਆ = (ਪੰਡਤ ਕਹਿੰਦਾ ਕਿ ਤੁਸੀਂ ਆਪ ਨੂੰ ਅਮਰ ਕਿਵੇਂ ਜਾਣਿਆ ਹੈ, ਗੁਰੂ ਜੀ ਨੇ ਉਤਰ ਦਿਤਾ ਕਿ ਸਰੀਰ ਦੇ ਮਰਨ ਨਾਲ) ਜੋ ਵਾਹਿਗੁਰੂ ਇਸਦੇ ਅੰਦਰ ਸਮਾ ਰਿਹਾ ਹੈ, ਉਹ ਨਹੀਂ ਮਰਿਆ।(ਮੈਂ ਉਸ ਵਾਹਿਗੁਰੂ ਨੂੰ ਅੰਦਰੋਂ ਹੀ ਜਾਣ ਲਿਆ ਹੈ ਅਤੇ

ਉਸੇ ਦਾ ਹੀ ਰੂਪ ਹੋ ਗਿਆ ਹਾਂ, ਇਸ ਲਈ) ਮੈਂ ਨਹੀਂ ਮਰਨਾ, (ਹਾਂ, ਮਰਨ ਵਾਲੀ) ਬਲਾ ਅਗਿਆਨਤਾ ਮਰ ਗਈ। ਸਾਡੇ ਗੁਰੂ ਨਿਰੰਕਾਰ ਨੇ ਸਾਨੂੰ ਅਪਣਾ ਵਿਆਪਕ (ਬ੍ਰਹਮ) ਰੂਪ ਦਿਤਾ ਹੈ। ਹੁਣ ਸਾਨੂੰ ਕੋਈ ਮਰਦਾ ਜੰਮਦਾ ਨਿਗ੍ਹਾ ਵਿਚ ਨਹੀਂ ਆਉਂਦਾ।

ਵਿਆਖਿਆ = ਇਸ ਸ਼ਬਦ ਵਿਚ ਇਕ ਪੰਡਤ ਨੂੰ ਉਪਦੇਸ਼ ਦਿਤਾ ਹੈ, ਜੋ ਆਪਣੇ ਆਪ ਨੂੰ ਗਿਆਨੀ ਵੀ ਸਦਾਉਂਦਾ ਹੈ। ਵੇਦਾਂ ਸ਼ਾਂਸਤ੍ਰਾਂ ਦਾ ਗਿਆਤਾ ਹੋਣ ਦੇ ਬਾਵਜੂਦ ਵੀ ਉਹ ਅਪਣੇ ਪਿਤਾ ਦੇ ਮਰਨ ਤੋਂ ਬਹੁਤ ਦੁਖੀ ਹੋਇਆ। ਗੁਰੂ ਜੀ ਨਾਮ ਪਦਾਰਥ ਦੀ ਪ੍ਰਾਪਤੀ ਅੰਦਰੋਂ ਹੀ ਹੋਣੀ ਦਸ ਕੇ ਪੰਡਤ ਨੂੰ ਦੁਖ ਵਿਚੋਂ ਨਿਕਲਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਦਸਦੇ ਹਨ ਕਿ ਸਰੀਰ ਪੌਣ ਪਾਣੀ ਤੇ ਅਗਨੀ ਆਦਿ ਤੱਤਾਂ ਦੀ ਰਚਨਾ ਹੈ। ਸਰੀਰ ਵਿਚ ਹਿਲਣ, ਜੁਲਣ ਤੇ ਸੋਚਣ ਆਦਿ ਦੀ ਕਿਰਿਆ ਬੁਧੀ ਕਰਦੀ ਹੈ। ਸਰੀਰ ਵਿਚ ਨੌਂ ਦਰਵਾਜੇ ਹਨ, ਇਕ ਦਸਵਾਂ ਦੁਆਰਾ ਵੀ ਹੈ, ਜੋ ਇਕਾਗ੍ਰਤਾ ਤੇ ਆਤਮ ਲੱਖਤਾ ਦਾ ਸਥਾਨ ਹੈ। ਆਤਮਾ ਅਮਰ ਹੈ, ਜੋ ਸਰੀਰ ਵਿਚ ਬੁੱਧੀ ਦੇ ਪਿਛੇ ਬਕਤਾ ਤੇ ਸ਼੍ਰੋਤਾ ਹੈ। ਉਹ ਆਪਣਾ ਆਪ ਹੈ, ਆਤਮਾ ਹੈ, ਤੂੰ ਜਾਣਦਾ ਹੈਂ ਕਿ ਇਹ ਅਮਰ ਹੈ, ਇਸ ਲਈ ਮਰਿਆ ਕੌਣ ਹੈ? ਕਿਉਂਕਿ ਹਵਾ, ਪਾਣੀ ਤੇ ਅੱਗ ਆਦਿ ਤੱਤ ਆਪੋ ਅਪਣੇ ਤੱਤਾਂ ਵਿਚ ਰਲ ਗਏ। ਆਤਮ ਜੋਤ ਨਹੀਂ ਮਰੀ, ਹੰਕਾਰ ਤੇ ਬਹਿਸਾਂ ਕਰਨ ਵਾਲੀ ਸਮਝ ਮਰ ਗਈ ਹੈ। ਜੋ ਮਰੀ ਹੈ, ਉਹ ਆਤਮਾ ਨਹੀਂ ਸੀ, ਆਤਮਾ ਤਾਂ ਅਮਰ ਹੈ। ਪੜ੍ਹ ਕੇ ਬੁੱਧੀ ਚੰਚਲ ਬਣਾ ਕੇ ਬਹਿਸਾਂ ਕਰਨੀਆਂ ਫਜ਼ੂਲ ਹਨ, ਅੰਦਰਲੀ ਵਸਤੂ ਨੂੰ ਸਮਝ, ਜਿਸ ਨਾਲ ਅਵਿਦਿਆ ਤੇ ਹੰਕਾਰ ਮਰ ਜਾਂਦੇ ਹਨ। ਫਿਰ ਜੀਵਤ ਭਾਵ ਤੋਂ ਮਰ ਜਾਈਦਾ ਹੈ, ਇਉਂ ਆਪਣਾ ਆਪ ਵਾਹਿਗੁਰੂ ਨਾਲ ਅਭੇਦ ਹੋਇਆ ਦਿਸ ਪੈਂਦਾ ਹੈ। ਫਿਰ ਜਨਮ ਮਰਨ ਵਾਹਿਗੁਰੂ ਦੀ ਇਕ ਖੇਡ ਪ੍ਰਤੀਤ ਹੁੰਦੀ ਹੈ।

ਪਵਨੈ ਮਹਿ ਪਵਨੁ ਸਮਾਇਆ। ਜੋਤੀ ਮਹਿ ਜੋਤਿ ਰਲਿ ਜਾਇਆ। ਮਾਟੀ ਮਾਟੀ ਹੋਈ ਏਕ।....

ਕਉਨੁ ਮੂਆ ਰੇ ਕਉਨੁ ਮੂਆ। ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ, ਇਹੁ ਤਉ ਚਲਤੁ ਭਇਆ। (੮੮੫)

ਗਉੜੀ ਮਹਲਾ ੧ ਦਖਣੀ ॥ ਸੁਣਿ ਸੁਣਿ ਬੂਝੈ, ਮਾਨੈ ਨਾਉ ॥ ਤਾ ਕੈ, ਸਦ ਬਲਿਹਾਰੈ ਜਾਉ ॥ ਆਪਿ ਭੁਲਾਏ, ਠਉਰੁ ਨ ਠਾਉ ॥ ਤੂੰ ਸਮਝਾਵਹਿ, ਮੇਲਿ ਮਿਲਾਉ ॥੧॥ (ਜੋ ਮਨੁੱਖ ਪ੍ਰੇਮ ਨਾਲ ਵਾਹਿਗੁਰੂ ਦਾ) ਨਾਮ ਸੁਣ ਸੁਣ ਕੇ ਸਮਝਦਾ ਹੈ ਤੇ ਮੰਨਦਾ ਹੈ। ਮੈਂ ਉਸ ਦੇ ਸਦਾ ਬਲਹਾਰ ਜਾਂਦਾ ਹਾਂ। (ਪਰ ਜਿਸ ਮਨੁੱਖ ਨੂੰ ਨਾਮ ਤੋਂ ਪ੍ਰਭੂ) ਆਪ ਭੁਲਾ ਦੇਂਦਾ ਹੈ, (ਉਸ ਨੂੰ ਇਸ ਲੋਕ ਵਿਚ ਵੀ) ਥਾਂ ਨਹੀਂ ਮਿਲਦੀ (ਤੇ ਪ੍ਰਲੋਕ ਵਿਚ ਵੀ) ਟਿਕਾਣਾ ਨਹੀਂ ਮਿਲਦਾ (ਜੰਮਦਾ ਮਰਦਾ ਰਹਿੰਦਾ ਹੈ)। (ਪਰ ਜਿਸ ਮਨੁੱਖ ਨੂੰ ਗੁਰੂ ਨਾਲ) ਮਿਲਾ ਕੇ (ਨਾਮ) ਸਮਝਾ ਦੇਂਦਾ ਹੈਂ, (ਉਸਨੂੰ ਅਪਣਾ) ਮਿਲਾਪ ਬਖਸ਼ਦਾ ਹੈਂ।੧।

ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ਰਹਾਉ॥ (ਹੇ ਵਾਹਿਗੁਰੂ ! ਮੇਰੀ ਅਰਦਾਸ ਹੈ ਕਿ) ਮੈਨੂੰ ਤੇਰਾ ਨਾਮ ਮਿਲ ਜਾਵੇ (ਜੋ ਮੌਤ ਤੋਂ ਮਗਰੋਂ ਵੀ ਮੇਰਾ ਸਾਥੀ ਬਣ ਕੇ) ਮੇਰੇ ਨਾਲ ਚੱਲੇ। (ਜਿਹੜੀ ਦੁਨੀਆਂ) ਨਾਮ ਤੋਂ ਬਿਨਾ ਹੈ, (ਉਹ) ਸਾਰੀ ਕਾਲ ਨੇ (ਅਪਣੀ ਫਾਹੀ ਵਿਚ) ਬੰਨ੍ਹੀ ਹੋਈ ਹੈ; ਕਾਲ ਵਿਚ ਬੱਧੀ ਹੋਈ ਹੈ।੧। ਰਹਾਉ।

ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥ ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ ਨਾਮ ਦੇ ਸਹਾਰੇ (ਮਨੁੱਖ) ਖੇਤੀ ਤੇ ਵਾਪਾਰ ਕਰਦਾ ਹੈ; ਨਾਮ ਦੀ ਓਟ ਹੀ ਮੇਰੀ ਖੇਤੀ ਹੈ ਤੇ ਵਣਜ ਹੈ। (ਪਰ ਜਿਹੜਾ ਮਨੁੱਖ) ਪਾਪ ਪੁੰਨ ਰੂਪ ਬੀਜਾਂ ਦੀ ਪੋਟਲੀ ਚੁੱਕੀ ਫਿਰਦਾ ਹੈ। (ਉਸਦੇ) ਹਿਰਦੇ ਵਿਚ ਕਾਮ ਤੇ ਕ੍ਰੋਧ ਚੋਟਾਂ ਮਾਰਦੇ ਹਨ (ਵਿਸ਼ਿਆਂ ਵਿਚ ਲਗਾ ਕੇ ਦੁੱਖ ਦੇਂਦੇ ਹਨ)। (ਉਹ ਜੀਵਨ ਮਾਰਗ ਤੇ) ਨਾਮ ਨੂੰ ਭੁਲਾ ਕੇ ਮਨ ਵਿਚ ਖੋਟ ਰੱਖ ਕੇ ਚਲਦਾ ਹੈ।੨।

ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥ (ਪਰ ਜਿਨ੍ਹਾਂ ਮਨੁੱਖਾਂ ਨੇ) ਸੱਚੇ ਗੁਰੂ ਦੀ ਸੱਚੀ ਸਿਖਿਆ ਪ੍ਰਾਪਤ ਕੀਤੀ ਹੈ। (ਉਨ੍ਹਾਂ ਦਾ) ਤਨ ਤੇ ਮਨ ਸੀਤਲ ਹੋ ਗਿਆ ਹੈ ਅਤੇ ਉਨ੍ਹਾਂ ਨੇ ਸੱਚ ਰੂਪ ਵਾਹਿਗੁਰੂ ਦੀ ਪਰਖ (ਪੜਚੋਲ ਕਰਕੇ ਪਛਾਣ) ਕਰ ਲਈ ਹੈ। ਉਨ੍ਹਾਂ ਪੁਰਖਾਂ ਦੀ ਪਰਖ ਇਹ ਹੈ ਕਿ ਉਹ ਇਉਂ ਨਿਰਲੇਪ ਹਨ ਜਿਵੇਂ ਜਲ ਉਪਰ ਚੁਪੱਤੀ ਅਤੇ ਪਾਣੀ ਅੰਦਰ ਕਮਲ ਨਿਰਲੇਪ ਹੁੰਦਾ ਹੈ। ਉਹ ਮਨੁੱਖ ਸਬਦ ਵਿਚ ਰੰਗੇ ਹੋਏ ਗੰਨੇ ਦੇ ਰਸ ਵਾਂਗ ਮਿੱਠੇ ਸੁਭਾਵ ਵਾਲੇ ਹੁੰਦੇ ਹਨ; ਉਨ੍ਹਾਂ ਨੂੰ ਗੰਨੇ ਦੇ ਰਸ ਨਾਲੋਂ ਵੀ ਮਿੱਠਾ ਰਸ ਪ੍ਰਾਪਤ ਹੋਇਆ ਹੈ।੩।

ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥ ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥ (ਉਹ ਗੁਰਮੁਖ ਸਮਝਦੇ ਹਨ ਕਿ ਹਰੀ ਦੇ) ਹੁਕਮ ਨਾਲ ਕਰਮਾਂ ਦੇ ਸੰਜੋਗਾਂ ਕਰਕੇ ਦਸ ਦੁਆਰਿਆਂ ਵਾਲਾ ਕਿਲ੍ਹਾ (ਸਰੀਰ ਪ੍ਰਾਪਤ ਹੋਇਆ) ਹੈ। (ਇਸ ਸਰੀਰ ਵਿਚ ਉਹ) ਪੰਚ ਜਨ ਬੇਅੰਤ ਵਾਹਿਗੁਰੂ ਦੀ ਜੋਤ ਨਾਲ ਮਿਲੇ ਹੋਏ ਵਸਦੇ ਹਨ (ਭਾ. ਵੀਰ ਸਿੰਘ); ਵਾਹਿਗੁਰੂ ਦੇ ਹੁਕਮ ਵਿਚ ਕਰਮਾਂ ਦੇ ਸੰਜੋਗਾਂ ਨਾਲ ਸਰੀਰ ਕਿਲੇ ਵਿਚ ਦਸ ਦੁਆਰ ਹੋਏ। (ਇਸ ਸਰੀਰ ਵਿਚ) ਪੰਜ ਤੱਤ ਇਕੱਠੇ ਬੇਅੰਤ ਵਾਹਿਗੁਰੂ ਦੀ ਜੋਤ (ਜੀਵਾਤਮਾ) ਨਾਲ ਮਿਲ ਕੇ ਵਸਦੇ ਹਨ (ਸ਼ਬਦਾਰਥ)। ਹਰੀ ਆਪ ਹੀ ਵਣਜਾਰਾ (ਹੋ ਕੇ ਖ੍ਰੀਦ ਰਿਹਾ) ਹੈ ਅਤੇ ਆਪ ਹੀ ਸੌਦਾ ਹੋ ਕੇ ਤੁਲ ਰਿਹਾ ਹੈ। ਹੇ ਨਾਨਕ ! (ਕਿ ਅਸਲ ਵਿਚ ਵਾਹਿਗੁਰੂ ਆਪ ਹੀ ਗੁਰਮੁਖਾਂ ਨੂੰ) ਨਾਮ ਦੁਆਰਾ ਸਵਾਰਣਹਾਰ ਹੈ।੪।੫।

ਪਦਾਰਥ = ਦਖਣੀ-ਰਾਗ ਗਉੜੀ ਦੀ ਇਕ ਜਾਤੀ ਦਾ ਨਾਮ ਹੈ। ਤਾ ਕੈ-ਉਸ ਦੇ। ਠਉਰੁ-ਥਾਂ। ਮਿਲਾਉ-ਮਿਲਾਪ।੧। ਮੈ ਨਾਲਿ-ਮੇਰੇ ਨਾਲ। ਬਾਧੀ-ਬੱਝੀ (ਜਕੜੀ) ਹੋਈ। ਕਾਲਿ-ਮੌਤ ਨੇ; ਕਾਲ ਵਿਚ।੧। ਰਹਾਉ। ਵਣਜੁ-ਵਪਾਰ। ਪੋਟ-ਪੋਟਲੀ (ਗਠੜੀ)। ਜੀਅ ਮਹਿ-ਹਿਰਦੇ ਵਿਚ।੨। ਸੀਖ-ਸਿੱਖਿਆ। ਪਰੀਖੁ-ਪਰਖ; ਪਛਾਣ। ਪੁਰਇਨਿ-ਚੁਪੱਤੀ। ਰਸ-ਜਲ। ਰਤੇ-ਰੰਗੇ ਹੋਏ। ਰਸ ਈਖ-ਗੰਨੇ ਦਾ ਰਸ ।੩। ਹੁਕਮਿ-(ਵਾਹਿਗੁਰੂ ਦੇ) ਹੁਕਮ ਨਾਲ। ਸੰਜੋਗਿ-ਕਰਮ ਆਦਿਕਾਂ ਦੇ ਸਬੰਧ ਨਾਲ। ਗੜਿ-ਕਿਲ੍ਹਾ (ਸਰੀਰ)। ਪੰਚ-ਪੰਜ ਤੱਤ; ਗੁਰਮੁਖ ਜਨ; ਪੰਜ ਪ੍ਰਾਣ। ਜੋਤਿ ਅਪਾਰ-ਬੇਅੰਤ ਪ੍ਰਭੂ ਦੀ ਜੋਤ। ਤੁਲੈ-ਤੁਲਦਾ ਹੈ। ਵਣਜਾਰ-ਵਪਾਰੀ।੪।੫।

ਗਉੜੀ ਮਹਲਾ ੧ ॥ ਜਾਤੋ ਜਾਇ, ਕਹਾ ਤੇ ਆਵੈ ॥ ਕਹ ਉਪਜੈ, ਕਹ ਜਾਇ ਸਮਾਵੈ ॥ ਕਿਉ ਬਾਧਿਓ, ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਜੰਮਦਾ ਮਰਦਾ ਹੈ ਜੀਵ, (ਪਰ) ਇਹ ਕਿੱਥੋਂ ਆਉਂਦਾ ਹੈ? (ਸ਼ਬਦਾਰਥ); ਇਹ ਜਾਣਿਆ ਜਾਵੇ ਕਿ ਜੀਵ ਕਿੱਥੋਂ ਆਉਂਦਾ ਹੈ? (ਜੀਵ) ਪੈਦਾ ਕਿਵੇਂ ਹੁੰਦਾ ਹੈ ਅਤੇ ਕਿੱਥੇ ਜਾ ਕੇ ਸਮਾਉਂਦਾ ਹੈ? (ਜਨਮ ਮਰਣ ਦੇ ਬੰਧਨ ਵਿਚ) ਕਿਉਂ ਬੱਝਿਆ ਹੋਇਆ ਹੈ ਅਤੇ ਮੁਕਤੀ ਕਿਵੇਂ ਪਾਉਂਦਾ ਹੈ? ਕਿਵੇ ਸਹਜ ਪਦ ਵਿਚ ਪੁੱਜ ਕੇ ਅਬਿਨਾਸੀ ਵਾਹਿਗੁਰੂ ਵਿਚ ਸਮਾਉਂਦਾ ਹੈ; ਕਿਸ ਤਰ੍ਹਾਂ ਨਾਸ਼ ਰਹਿਤ ਸਹਿਜ ਪਦ ਵਿਚ ਲੀਨ ਹੁੰਦਾ ਹੈ?।੧।

ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ਰਹਾਉ॥ ਜਿਸ ਮਨੁੱਖ ਦੇ ਹਿਰਦੇ ਵਿਚ ਤੇ ਮੂੰਹ ਵਿਚ ਵਾਹਿਗੁਰੂ ਦਾ ਅੰਮ੍ਰਿਤ ਨਾਮ ਹੈ। ਉਹ ਵਾਹਿਗੁਰੂ ਦਾ ਨਾਮ ਜਪਦਾ ਹੈ ਅਤੇ ਵਾਹਿਗੁਰੂ ਰੂਪ ਹੋ ਕੇ ਕਾਮਨਾ ਤੋਂ ਰਹਿਤ ਹੋ ਜਾਂਦਾ ਹੈ (ਵਾਹਿਗੁਰੂ ਕਾਮਨਾ ਤੋਂ ਰਹਿਤ ਹੈ, ਮਨੁੱਖ ਨੂੰ ਨਾਮ ਸਿਮਰਨ ਵਾਹਿਗੁਰੂ ਵਾਹਿਗੁਰੂ ਵਾਂਗ ਹੀ ਕਾਮਨਾ ਰਹਿਤ ਬਣਾ ਦੇਂਦਾ ਹੈ। ਕਿਉਂਕਿ ਕਾਮਨਾ ਤੋਂ ਹੀ ਜੀਵ ਕਰਮਾਂ ਦੇ ਚੱਕਰ ਵਿਚ ਪੈ ਕੇ ਜਨਮ ਮਰਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ)।੧। ਰਹਾਉ।

ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥ ਕੁਦਰਤੀ ਨਿਯਮਾਂ ਅਨੁਸਾਰ ਜੀਵ ਆਉਂਦਾ ਹੈ ਅਤੇ ਕੁਦਰਤੀ ਨਿਯਮਾਂ ਅਨੁਸਾਰ ਚਲੇ ਜਾਂਦਾ ਹੈ। ਮਨ ਦੇ ਸੰਕਲਪਾਂ ਵਿਕਲਪਾਂ ਦੇ ਕਾਰਣ ਮਨੁੱਖ ਪੈਦਾ ਹੁੰਦਾ ਹੈ ਤੇ ਮਨ ਵਿਚ ਹੀ ਲੀਨ ਰਹਿੰਦਾ ਹੈ {ਮਨਸਾ ਮਾਰਿ ਮਨ ਮਾਹਿ ਸਮਾਇਆ ੧੦੪੪} (ਗਿਆਨ ਪ੍ਰਾਪਤ ਹੋਣ ਨਾਲ ਮਨ ਦੀਆਂ ਕਾਮਨਾਵਾਂ ਨਾਸ਼ ਹੋ ਜਾਂਦੀਆਂ ਹਨ, ਫਿਰ ਮਨ, ਮਨ ਵਿਚ ਹੀ ਲੀਨ ਹੋ ਜਾਂਦਾ ਹੈ)। (ਜੀਵ) ਗੁਰੂ ਦੁਆਰਾ ਮੁਕਤ ਹੁੰਦਾ ਹੈ, (ਫਿਰ ਉਸ ਨੂੰ ਕੋਈ) ਬੰਧਨ ਨਹੀਂ ਪੈਂਦਾ; (ਰਸਤੇ ਵਿਚ) ਕੋਈ ਰੋਕ ਨਹੀਂ ਪਾਉਂਦਾ {ਲਾਖ ਕਰੋਰੀ ਬੰਧੁ ਨ ਪਰੈ ੨੬੪}। ਉਹ ਸ਼ਬਦ ਨੂੰ ਵਿਚਾਰ ਕੇ ਹਰੀ ਦੇ ਨਾਮ ਦੁਆਰਾ (ਜਨਮ ਮਰਣ ਦੇ ਬੰਧਨ ਤੋਂ) ਮੁਕਤ ਹੋ ਜਾਂਦਾ ਹੈ।੨

ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥ ਦਹ ਦਿਸਿ ਧਾਵਹਿ, ਕਰਮਿ ਲਿਖਿਆਸੁ ॥੩॥ ਜਿਵੇਂ ਰਾਤ ਸਮੇਂ ਦਰੱਖਤ ਉਤੇ ਬਹੁਤ ਪੰਛੀ ਆ ਕੇ ਨਿਵਾਸ ਕਰਦੇ ਹਨ (ਤਿਵੇਂ ਜਗਤ ਰੂਪ ਦਰੱਖਤ ਉਤੇ ਬਹੁਤ ਜੀਵ ਜੀਵਨ ਰੂਪ ਰਾਤ ਸਮੇਂ ਨਿਵਾਸ ਕਰਦੇ ਹਨ)। (ਇਨ੍ਹਾਂ ਪੰਛੀ ਰੂਪ ਜੀਵਾਂ ਵਿਚੋਂ ਕੋਈ) ਸੁਖੀ ਹੈ, ਕੋਈ ਦੁਖੀ ਹੈ (ਪਦਾਰਥ ਮਿਲ ਜਾਣ ਤਾਂ ਸੁਖੀ ਤੇ ਪਦਾਰਥ ਨਾ ਮਿਲਣ ਤੇ ਦੁਖੀ ਹੁੰਦਾ ਹੈ), ਮਨ ਵਿਚ ਮੋਹ ਹੋਣ ਕਰਕੇ ਨਾਸ਼ ਹੁੰਦੇ (ਜੰਮਦੇ ਮਰਦੇ) ਰਹਿੰਦੇ ਹਨ। (ਪੰਛੀ ਬ੍ਰਿਛ ਉਤੇ) ਸ਼ਾਮ ਵੇਲੇ ਆਏ ਤੇ ਦਿਨ ਚੜ੍ਹੇ ਅਕਾਸ਼ ਵੱਲ ਤਕਦੇ ਹਨ (ਤੇ ਚਾਨਣਾ ਦੇਖ ਕੇ ਚੋਗ ਚੁਗਣ ਲਈ ਉਡ ਜਾਂਦੇ ਹਨ) । ਤਿਵੇਂ ਜੀਵ ਲਿਖੇ ਹੋਏ ਕਰਮਾਂ ਅਨੁਸਾਰ ਦਸਾਂ ਦਿਸ਼ਾਵਾਂ ਵਿਚ (ਅਪਣੇ ਪੇਟ ਦੀ ਪੂਰਤੀ ਲਈ) ਦੌੜਦੇ ਹਨ; ਜੀਵਨ ਰੂਪ ਰਾਤ ਬੀਤਣ ਅਤੇ ਮੌਤ ਰੂਪ ਦਿਨ ਚੜ੍ਹਨ ਤੇ ਅਕਾਸ਼ ਨੂੰ ਦੇਖਦੇ ਹਨ ਭਾਵ ਸਵੱਰਗ ਸਧਾਰ ਜਾਂਦੇ ਹਨ। ਲਿਖੇ ਹੋਏ ਕਰਮਾਂ ਅਨੁਸਾਰ (ਆਵਾਗਵਨ ਰੂਪ) ਦਸਾਂ ਦਿਸ਼ਾਵਾਂ ਭਟਕਦੇ ਰਹਿੰਦੇ ਹਨ (ਇਹ ਬੰਧਨ ਵਿਚ ਪੈਣ ਦਾ ਕਾਰਣ ਹੈ। ਸੰਪ੍ਰਦਾਈ ਦਾ ਟੀਕਿਆਂ ਦਾ ਅਜੇਹਾ ਅਰਥ ਹੈ)।੩। ਬਿਰਖੈ ਹੇਠਿ ਸਭਿ ਜੰਤ ਇਕਠੇ। ਇਕਿ ਤਤੇ ਇਕਿ ਬੋਲਨਿ ਮਿਠੇ। ਅਸਤੁ ਉਦੋਤੁ ਭਇਆ ਉਠਿ ਚਲੇ, ਜਿਉ ਜਿਉ ਅਉਧ ਵਿਹਾਣੀਆ। (੧੦੧੯)

ਅੰਗ ੧੫੩ = ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟੁ ॥੪॥ (ਨਾਮ ਰੂਪ) ਵਸਤੂ ਤੋਂ ਬਿਨਾ ਜੀਵ ਦਾ ਸਰੀਰ ਰੂਪ ਘਰ ਤੇ ਮਨ ਰੂਪ ਹੱਟ ਖਾਲੀ ਹਨ (ਇਸ ਕਰਕੇ ਜੀਵ ਮੁਕਤ ਨਹੀਂ ਹੁੰਦਾ, ਪਰ ਜਿਹੜੇ) ਨਾਮ ਨਾਲ ਜੁੜੇ ਹੋਏ ਗੁਰਮੁਖ ਸੰਸਾਰ ਨੂੰ ਗੋਇਲ ਦੀ ਤਰ੍ਹਾਂ ਆਰਜੀ ਟਿਕਾਣਾ ਸਮਝਦੇ ਹਨ। (ਨਾਮ ਦੇ ਪ੍ਰਤਾਪ ਨਾਲ ਉਨ੍ਹਾਂ ਦਾ) ਕਾਮ ਕ੍ਰੋਧ ਦਾ ਜਹਿਰੀਲਾ ਮਟਕਾ ਫੁੱਟ ਜਾਂਦਾ ਹੈ। ਗੁਰੂ ਨੂੰ ਮਿਲ ਕੇ (ਉਨ੍ਹਾਂ ਦੇ ਅਗਿਆਨ ਦੇ) ਕਰੜੇ ਦਰਵਾਜੇ ਖੁਲ੍ਹ ਜਾਂਦੇ ਹਨ (ਇਸ ਪ੍ਰਕਾਰ ਉਹ ਮੁਕਤ ਹੋ ਜਾਂਦੇ ਹਨ)।੪।

ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬ ॥ ਪਹਿਲੇ ਜਨਮਾਂ ਦੇ ਕਰਮਾਂ ਦੇ ਫਲ ਕਰਕੇ ਸਾਧੂ ਗੁਰੂ ਮਿਲਦਾ ਹੈ। ਹਰੀ ਦੇ ਪੂਰਨ ਪੁਰਖ ਸੱਚ ਵਿਚ ਜੁੜ ਕੇ ਖਿੜੇ ਰਹਿੰਦੇ ਹਨ। ਉਹ ਅਪਣਾ ਮਨ ਤੇ ਤਨ (ਗੁਰੂ ਨੂੰ) ਦੇ ਕੇ ਸਹਿਜ ਸੁਭਾਵਕ ਹੀ ਹਰੀ ਨੂੰ ਪ੍ਰਾਪਤ ਕਰ ਲੈਂਦੇ ਹਨ (ਇਸ ਪ੍ਰਕਾਰ ਉਹ ਨਾਸ਼ ਰਹਿਤ ਸਹਿਜ ਪਦ ਵਿਚ ਸਮਾ ਜਾਂਦੇ ਹਨ)। ਗੁਰੂ ਜੀ ਆਖਦੇ ਹਨ, ਮੈਂ ਉਨ੍ਹਾਂ (ਅਜੇਹੇ ਪੁਰਖਾਂ) ਦੇ ਚਰਨੀਂ ਲਗਦਾ ਹਾਂ।੫।੬।

ਪਦਾਰਥ = ਜਾਤੋ ਜਾਇ-ਜਾਣਿਆ ਜਾਵੇ।ਕਹਾ ਤੇ-ਕਿੱਥੋਂ।ਕਹ-ਕਿਵੇਂ; ਕਿੱਥੇ; ਕਿਸ ਤਰ੍ਹਾਂ।ਸਮਾਵੈ-ਸਮਾ (ਲੀਨ ਹੋ) ਜਾਂਦਾ ਹੈ। ਬਾਧਿਓ-ਬੱਝਿਆ ਹੈ।ਅਬਿਨਾਸੀ-ਨਾਸ਼ ਰਹਿਤ।ਸਹਜਿ-ਸਹਿਜ ਪਦਵੀ।੧।ਨਰਹਰ ਨਾਮੁ-ਵਾਹਿਗੁਰੂ ਦਾ ਨਾਮ।ਨਿਹਕਾਮੁ-ਕਾਮਨਾ ਰਹਿਤ।੧।ਰਹਾਉ।ਸਹਜੇ-ਕੁਦਰਤੀ ਨਿਯਮ ਅਨੁਸਾਰ।ਮਨ ਤੇ-ਮਨ ਤੋਂ।ਬੰਧੁ-ਬੰਧਨ; ਰੋਕ।ਨਾਇ-ਨਾਮ ਦੁਆਰਾ।੨।ਤਰਵਰ-ਦਰੱਖਤਾਂ ਉਤੇ।ਨਿਸਿ-ਰਾਤ ਸਮੇਂ।ਬਾਸੁ-ਨਿਵਾਸ।ਵਿਣਾਸੁ-ਨਾਸ਼ ਹੁੰਦੇ ਹਨ।ਸਾਝ-ਸ਼ਾਮ ਭਾਵ ਰਾਤ।ਬਿਹਾਗ-ਪਹੁ ਫੁੱਟਣ ਦਾ ਸਮਾਂ। ਦਹ ਦਿਸਿ-ਦਸਾਂ ਦਿਸ਼ਾਂ ਵੱਲ।ਧਵਹਿ-ਦੌੜਦੇ ਹਨ।ਕਰਮਾਂ-ਕਰਮਾਂ ਅਨੁਸਾਰ।ਲਿਖਿਆਸੁ-ਲਿਖੇ ਹੋਏ।੩।ਸੰਜੋਗੀ-ਸਬੰਧ ਰੱਖਣ ਵਾਲਾ; ਜੁੜਿਆ ਹੋਇਆ।ਗੋਇਲਿ-(ਗੋ+ਆਲਯ-ਗਊਆਂ ਦਾ ਘਰ) ਮਾਲ ਡੰਗਰ ਦੀ ਚਰਾਂਦ ਵਿਚ (ਵਰਖਾ ਤੋਂ ਬਾਦ ਉਗਿਆ ਘਾਹ ਚਰਨ ਲਈ ਮਾਲ ਡੰਗਰਾਂ ਦਾ ਆਰਜੀ ਟਿਕਾਣਾ)।ਥਾਟੁ-ਬਨਾਵਟ ;ਆਰਜੀ ਟਿਕਾਣਾ।ਫੂਟੈ-ਟੁੱਟਦਾ ਹੈ।ਮਾਟੁ-ਮਟਕਾ।ਵਖਰ-ਵਸਤੂ ।ਸੂਨੋ-ਸੁੰਨਾ; ਖਾਲੀ।ਬਜਰ-ਪੱਥਰ ਦਾ; ਸਖਤ (ਔਖਾ ਖੁਲ੍ਹਣ ਵਾਲਾ)।ਕਪਾਟੁ-ਦਰਵਾਜਾ।੪।ਪੂਰਬ-ਪਿਛਲੇ ਜਨਮਾਂ ਦੇ।ਸੰਜੋਗ-ਕਰਮਾਂ ਦਾ ਫਲ।ਰਹਸੇ-ਖਿੜੇ (ਖੁਸ਼) ਹਨ।ਦੇ-ਅਰਪਣ ਕਰਕੇ।ਲੈ-ਲੈਂਦੇ ਹਨ।ਸਹਜ ਸੁਭਾਇ-ਸੁਤੇ ਸਿੱਧ।ਲਾਗਉ-ਮੈਂ ਲਗਦਾ ਹਾਂ ।ਪਾਇ-ਚਰਨ ਨਾਲ।੫।੬।

ਮਨ ਮਾਹਿ ਸਮਾਇ = ਜੀਵ ਮਨ ਤੋਂ ਹੀ ਪੈਦਾ ਹੋਇਆ ਹੈ, ਮਨ ਦੇ ਸੰਕਲਪ ਵਿਕਲਪ ਨਾਸ਼ ਹੋਣ ਨਾਲ ਮਨ, ਮਨ ਵਿਚ ਹੀ ਲੀਨ ਹੋ ਜਾਂਦਾ ਹੈ (ਜਿਵੇਂ ਘੜਿਆਲ ਤੇ ਚੋਟ ਮਾਰੀਏ ਤਾਂ ਅਵਾਜ ਪੈਦਾ ਹੁੰਦੀ ਹੈ, ਫਿਰ ਧੀਮੀ ਹੁੰਦੀ ਹੋਈ ਅਵਾਜ ਘੜਿਆਲ ਵਿਚ ਹੀ ਸਮਾ ਜਾਂਦੀ ਹੈ)।ਜਗਤ ਰਚਨਾ ਮਨ ਕਰ ਕੇ ਭਾਸਦੀ ਹੈ, ਜੇ ਮਨ ਗਿਆਨ ਅਵਸਥਾ ਨੂੰ ਪ੍ਰਾਪਤ ਹੋ ਜਾਵੇ ਤਾਂ ਜਗਤ ਰਚਨਾ ਕੁੱਛ ਵੀ ਨਹੀਂ, ਸਭ ਕੁਛ ਮਨ ਵਿਚ ਹੀ ਵਿਲਯ ਹੋ ਜਾਂਦਾ ਹੈ। ਸਤਿਗੁਰੁ ਸੇਵੇ ਮਨੁ ਵਸਿ ਆਵੈ, ਮਨ ਮਾਰੇ ਮਨਹਿ ਸਮਾਇਦਾ। (੧੦੬੨)

ਬਿਨੁ ਵਖਰ ਸੂਨੋ ਘਰੁ ਹਾਟੁ = (ਗੁੱਜਰ ਲੋਕ ਥੋੜੇ ਦਿਨਾਂ ਦੇ ਰਹਿਣ ਲਈ ਘਾਹ ਵਾਲੀ ਜਗ੍ਹਾ ਤੇ ਮਾਲ ਡੰਗਰ ਦੇ ਚਰਨ ਲਈ ਕਾਨਿਆਂ ਆਦਿ ਦਾ ਛੱਪਰ ਬਣਾ ਲੈਂਦੇ ਹਨ।ਫਿਰ ਘਾਹ ਮੁੱਕਣ ਤੇ ਉਥੋਂ ਮਾਲ ਡੰਗਰ ਅਤੇ ਦੁੱਧ ਘਿਓ ਲੈ ਕੇ ਚਲੇ ਜਾਂਦੇ ਹਨ।ਜਾਣ ਸਮੇਂ ਦੁੱਧ ਘਿਓ ਵਾਲੇ ਫੁੱਟੇ ਬਰਤਨ ਛਡ ਕੇ ਛੱਪਰ ਖਾਲੀ ਕਰ ਜਾਂਦੇ ਹਨ {ਜੈਸੇ ਗੋਇਲਿ ਗੋਇਲੀ, ਤੈਸੇ ਸੰਸਾਰਾ ੪੧੮}, ਗੁਰਮੁਖਾਂ ਨੇ ਅਪਣਾ) ਤਨ ਰੂਪ ਘਰ ਤੇ ਹੱਟ ਰੂਪ ਹਿਰਦਾ ਸੰਸਾਰ ਵਸਤੂਆਂ ਤੋਂ ਬਿਨਾ ਤੇ ਪਦਾਰਥਾਂ ਦੀ ਵਾਸ਼ਨਾਵਾਂ ਤੋਂ ਖਾਲੀ ਕਰ ਲਿਆ ਹੈ। ਗੁਰੂ ਨੂੰ ਮਿਲ ਕੇ (ਅਗਿਆਨਤਾ ਦੇ) ਕਰੜੇ ਕਪਾਟ ਖੁਲ੍ਹ ਜਾਂਦੇ ਹਨ (ਇਸ ਤਰੀਕੇ ਨਾਲ ਉਹ ਮੁਕਤ ਹੋ ਜਾਂਦੇ ਹਨ)।

ਵਿਆਖਿਆ = ਇਸ ਸ਼ਬਦ ਵਿਚ ਦਾਸ ਭੱਟ ਨੇ ਗੁਰੂ ਜੀ ਨੂੰ ਛੇ ਪ੍ਰਸ਼ਨ ਕੀਤੇ ਹਨ।ਗੁਰੂ ਜੀ ਉਤਰ ਦੇਣ ਲੱਗਿਆਂ ਆਪ ਉਨ੍ਹਾਂ ਪ੍ਰਸ਼ਨਾਂ ਨੂੰ ਉਚਾਰ ਕੇ ਫਿਰ ਉਨ੍ਹਾਂ ਦਾ ਉਤਰ ਦੇਂਦੇ ਹਨ।ਪ੍ਰਸ਼ਨ ਹਨ = ੧. ਜੀਵ ਕਿਥੋਂ ਆਉਂਦਾ ਹੈ? ੨. ਜੀਵ ਕਿੱਥੋਂ ਪੈਦਾ ਹੁੰਦਾ ਹੈ? ੩. ਕਿਸ ਵਿਚ ਜਾ ਸਮਾਉਂਦਾ ਹੈ? ੪. ਬੰਧਨ ਵਿਚ ਕਿਉਂ ਹੈ? ੫. ਮੁਕਤ ਕਿਵੇਂ ਹੁੰਦਾ ਹੈ? ੬. ਅਬਨਾਸੀ ਪਦ ਸਹਿਜ ਵਿਚ ਕਿਵੇਂ ਜਾ ਸਮਾਉਂਦਾ ਹੈ? ਉਤਰ = ੧. ਕੁਦਰਤੀ ਆਉਂਦਾ ਹੈ ਅਤੇ ਕੁਦਰਤੀ ਚਲੇ ਜਾਂਦਾ ਹੈ।੨. ਮਨ ਦੇ ਫੁਰਨਿਆਂ ਤੋਂ ਪੈਦਾ ਹੁੰਦਾ ਹੈ।੩. ਮਨ ਦੇ ਫੁਰਨਿਆ ਵਿਚ ਹੀ ਸਮਾ ਜਾਂਦਾ ਹੈ।੪. ਅਗਿਆਨ ਕਰਕੇ ਬੰਧਨ ਵਿਚ ਪੈਂਦਾ ਹੈ।੫. ਗੁਰੂ ਦੀ ਸਿੱਖਿਆ ਨਾਲ ਬੰਧਨ ਤੋਂ ਮੁਕਤ ਹੁੰਦਾ ਹੈ।੬. ਸ਼ਬਦ ਵਿਚਾਰ ਕੇ ਨਾਮ ਸਿਮਰਨ ਦੁਆਰਾ ਨਾਸ਼ ਰਹਿਤ ਸਹਿਜ ਪਦ ਵਿਚ ਸਮਾ ਜਾਂਦਾ ਹੈ।

ਦਾਸੇ ਭੱਟ ਨੇ ਪੁੱਛਿਆ ਕਿ ਸਾਰਿਆਂ ਨੂੰ ਵਾਹਿਗੁਰੂ ਚੇਤੇ ਕਿਉਂ ਨਹੀਂ ਆਉਂਦਾ? ਅੱਗੇ ਗੁਰੂ ਜੀ ਸਿਖਿਆ ਦੇਂਦੇ ਹਨ।

ਗਉੜੀ ਮਹਲਾ ੧ ॥ ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ (ਮਨੁੱਖ ਦਾ) ਚਿੱਤ ਕਾਮ ਕ੍ਰੋਧ ਤੇ ਮਾਇਆ ਵਿਚ ਲੱਗਾ ਹੋਇਆ ਹੈ।(ਇਸ ਦਾ) ਮੋਹ ਵਾਲਾ ਚਿਤ ਝੂਠ ਦੇ ਵਿਕਾਰਾਂ ਵਿਚ ਜਾਗਦਾ ਹੈ।ਅਤੇ ਪਾਪ ਤੇ ਲੋਭ ਦੀ ਪੂੰਜੀ ਇਕੱਠੀ ਕੀਤੀ ਹੋਈ ਹੈ (ਇਸ ਤਰ੍ਹਾਂ ਸੰਸਾਰ ਸਮੁੰਦਰ ਨੂੰ ਪਾਰ ਨਹੀਂ ਕੀਤਾ ਜਾ ਸਕਦਾ)।ਮਨ ਵਿਚ ਚੰਗੀ ਤਰ੍ਹਾਂ ਨਾਮ ਚੇਤੇ ਕਰ (ਅਤੇ ਨਾਮ ਰੂਪ) ਬੇੜੀ ਤੇ ਚੜ੍ਹ ਕੇ (ਸੰਸਾਰ ਸਮੁੰਦਰ ਨੂੰ) ਤਰ ਜਾਹ; ਮਨ ਵਿਚ ਪਵਿਤ੍ਰ ਨਾਮ ਰੱਖ ਕੇ ਤਾਰੀ ਤਰ ਜਾ, ਭਾਵ ਭਵਜਲ ਤੋਂ ਪਾਰ ਹੋ ਜਾ (ਸ਼ਬਦਾਰਥ)।੧।

ਵਾਹੁ ਵਾਹੁ ਸਾਚੇ, ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥੧॥ਰਹਾਉ॥ ਹੇ ਅਸਚਰਜ ਰੂਪ ਸੱਚੇ ਵਾਹਿਗੁਰੂ! (ਕਾਮ ਆਦਿਕਾਂ ਤੋਂ ਬਚਣ ਲਈ) ਮੈਨੂੰ ਇਕ ਤੇਰੀ ਹੀ ਓਟ ਹੈ।ਮੈਂ ਪਾਪੀ ਹਾਂ, (ਸਿਰਫ) ਇਕ ਤੂੰ ਹੀ ਨਿਰਮਲ ਹੈਂ; (ਮੈਲਿਆਂ ਨੂੰ ਸਿਰਫ) ਇਕ ਤੂੰ ਹੀ ਨਿਰਮਲ ਕਰਨ ਵਾਲਾ ਹੈਂ।੧।ਰਹਾਉ।

ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥ ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥ (ਜੀਵ ਅੰਦਰ) ਅੱਗ ਤੇ ਪਾਣੀ ਦੇ ਮੇਲ ਕਰਕੇ ਸੁਆਸ ਭੜ ਭੜ ਕਰਕੇ ਬੋਲਦੇ ਹਨ (ਭਾਵ ਜੀਵ ਅੱਗ ਪਾਣੀ ਦੇ ਬਲ ਕਰਕੇ ਚੰਗਾ ਮੰਦਾ ਬੋਲਦਾ ਹੈ)।ਜੀਭ (ਅਤੇ ਹੋਰ) ਇੰਦ੍ਰੀਆਂ ਨੂੰ (ਆਪੋ ਆਪਣੇ ਵਿਸ਼ਿਆਂ ਦਾ) ਇਕ ਇਕ ਸੁਆਦ ਲੱਗਾ ਹੋਇਆ ਹੈ।(ਜੀਵ ਦੀ) ਨਜਰ ਵਿਕਾਰ ਵਾਲੀ ਹੈ, (ਇਸ ਨੂੰ ਹਰੀ ਦਾ) ਨਾ ਡਰ ਤੇ ਨਾ ਪ੍ਰੇਮ ਹੈ।(ਅਜੇਹੀ ਹਾਲਤ ਵਿਚ ਨਾਮ ਕਿਵੇਂ ਜਪ ਸਕਦਾ ਹੈ? ਜੇ ਜੀਵ) ਆਪਾ ਭਾਵ ਨੂੰ ਮਾਰ ਦੇਵੇ ਤਾਂ ਨਾਮ ਪ੍ਰਾਪਤ ਕਰ ਸਕਦਾ ਹੈ।੨।

ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ (ਜਿਹੜਾ ਮਨੁਖ ਗੁਰੂ ਦੇ) ਸ਼ਬਦ ਵਿਚ ਜੁੜ ਕੇ (ਜਿਉਂਦੇ ਜੀ) ਆਪਾ ਭਾਵ ਵਲੋਂ ਮਰਦਾ ਹੈ, (ਉਸ ਦਾ) ਮੁੜ ਕੇ ਮਰਣਾ ਨਹੀਂ ਹੁੰਦਾ (ਅਮਰ ਹੋ ਜਾਂਦਾ ਹੈ {ਸਬਦਿ ਮਰਹੁ ਫਿਰਿ ਜੀਵਹੁ ਸਦ ਹੀ, ਤਾ ਫਿਰਿ ਮਰਣੁ ਨ ਹੋਈ ੬੦੪}। ਜੀਵ ਆਪਾ ਭਾਵ ਤੋਂ) ਮਰੇ ਬਿਨਾ ਪੂਰਨ ਕਿਵੇਂ ਹੋ ਸਕਦਾ ਹੈ? (ਕਿਉਂਕਿ ਮਨੁੱਖ ਦਾ) ਮਨ ਮਾਇਆ ਦੇ ਛਲ ਤੇ ਦੁਐਤ ਵਿਚ ਫਸਿਆ ਰਹਿੰਦਾ ਹੈ। (ਜਿਸ ਮਨੁੱਖ ਨੂੰ) ਹਰੀ ਅਡੋਲ (ਚਿਤ) ਕਰਦਾ ਹੈ, ਉਹ ਹੀ ਅਡੋਲ ਹੁੰਦਾ ਹੈ; ਵਾਹਿਗੁਰੂ ਅਡੋਲ ਹੈ, ਜੋ ਕਰਦਾ ਹੈ ਉਹ ਹੀ ਹੁੰਦਾ ਹੈ ।੩।

ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥ ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥ ੭॥ (ਸੰਸਾਰ ਸਾਗਰ ਤੋਂ ਪਾਰ ਹੋਣ ਲਈ ਤਦ ਹੀ ਨਾਮ ਰੂਪ) ਜਹਾਜ ਤੇ ਚੜ੍ਹ ਸਕੀਦਾ ਹੈ, ਜਦ (ਹਰੀ ਦੀ ਮੇਹਰ ਨਾਲ ਮਨੁੱਖਾ ਜਨਮ ਦੀ) ਵਾਰੀ ਆਉਂਦੀ ਹੈ (ਮਨੁੱਖਾ ਜਨਮ ਵਾਰੀ ਹੈ, ਜਹਾਜ ਤੇ ਚੜ੍ਹਨ ਲਈ ਗੁਰੂ ਦੀ ਸਿਖਿਆ ਲੈ ਕੇ ਇਸ ਅਵਸਰ ਨੂੰ ਵਰਤਣਾ ਹੈ)। ਜੋ ਨਾਮ ਜਹਾਜ ਤੇ ਚੜ੍ਹਨੋ ਰੋਕੇ ਗਏ ਹਨ (ਜੀਵਨ ਬੀਤ ਜਾਣ ਤੋਂ ਬਾਦ ਮਨੁੱਖ ਨਾਮ ਜਹਾਜ ਤੇ ਚੜ੍ਹਨੋ ਰੋਕਿਆ ਰਹਿੰਦਾ ਹੈ), ਉਨ੍ਹਾਂ ਨੂੰ ਦਰਗਾਹ ਵਿਚ ਮਾਰ ਪੈਂਦੀ ਹੈ। ਗੁਰੂ ਦਾ ਦੁਆਰਾ ਧੰਨ ਹੈ, ਜਿੱਥੇ ਮੈਂ ਸੱਚ ਸਰੂਪ ਵਾਹਿਗੁਰੂ ਨੂੰ ਸਲਾਹੁੰਦਾ ਹਾਂ। ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਦਰ ਤੇ ਰਹਿਣ ਨਾਲ ਹਿਰਦੇ ਘਰ ਵਿਚ ਇਕ ਪ੍ਰਭੂ ਦੇ ਦਰਸ਼ਨ ਹੁੰਦੇ ਹਨ; (ਗੁਰੂ ਦੀ ਸਿਫਤ ਸਲਾਹ ਦੇ ਕਾਰਣ ਮੈਨੂੰ) ਸੰਸਾਰ ਦੇ ਅੰਦਰ ਤੇ ਹਿਰਦੇ ਵਿਚ (ਅੰਦਰ ਬਾਹਰ ਸਭ ਜਗ੍ਹਾ) ਏਕੰਕਾਰ (ਵਸ ਰਿਹਾ ਦਿਸਦਾ) ਹੈ।੪।੭।

ਪਦਾਰਥ = ਹਿਤ ਚੀਤੁ–ਮੋਹ ਵਾਲਾ ਚਿੱਤ। ਕੀਤੁ–ਕੀਤੀ ਹੈ। ਤਰੁ ਤਾਰੀ–ਤਾਰੀ ਲਾ ਕੇ ਤਰ ਜਾਹ; ਤਾਰੀ–ਬੇੜੀ ਤੇ ਚੜ੍ਹ ਕੇ ਤਰ ਜਾਹ ।ਸੁਚੀਤੁ–ਭਲੀ ਪ੍ਰਕਾਰ ਚੇਤੇ ਕਰ; ਨਿਰਮਲ ਚਿਤ ਨਾਲ; ਚਿੱਤ ਨੂੰ ਪਵਿਤ੍ਰ ਕਰਨ ਵਾਲਾ।੧। ਵਾਹੁ ਵਾਹੁ–ਅਸਚਰਜ ਰੂਪ ਵਾਹਿਗੁਰੂ। ਟੇਕ–ਆਸਰਾ। ਹਉ–ਮੈਂ। ਨਿਰਮਲ–ਪਵਿਤ੍ਰ।੧। ਰਹਾਉ। ਭੜਵਾਉ–ਭੜ ਭੜ ਕਰਕੇ; ਸੁਆਸ ਉਚੀ ਉਚੀ ਗੂੰਜਦੇ ਹਨ; ਤੱਤੀ ਪੌਣ (ਪ੍ਰਾਣ)। ਸੁਆਉ–ਸੁਆਦ; ਚਸਕਾ। ਦਿਸਟਿ–ਨਜਰ। ਭਉ–ਡਰ। ਭਾਉ–ਪ੍ਰੇਮ; ਭਾਵਨਾ। ਆਪੁ–ਆਪਾ ਭਾਵ (ਹੰਕਾਰ)।੨। ਪੂਰਾ–ਪੂਰਨਤਾ ਵਾਲਾ ਪਦ। ਪਰਪੰਚਿ–ਸੰਸਾਰ ਪਸਾਰੇ ਵਿਚ; ਮਾਇਆ ਦਾ ਛਲ। ਵਿਆਪਿ ਰਹਿਆ–ਲੱਗਾ (ਫਸਿਆ) ਰਹਿੰਦਾ ਹੈ। ਦੋਇ–ਦੁਐਤ ਵਿਚ। ਥਿਰੁ–ਅਡੋਲ; ਸਥਿਰਤਾ। ਸੁ–ਉਹ।੩। ਬੋਹਿਥਿ–ਜਹਾਜ ਉਤੇ। ਜਾ–ਜਦ। ਵਾਰੁ–ਵਾਰੀ (ਮਨੁੱਖਾ ਜਨਮ ਦੀ)। ਠਾਕੇ–ਰੋਕੇ ਹਨ। ਮਾਰ–ਕੁੱਟ। ਗੁਰ ਦੁਆਰੁ–ਗੁਰ ਦਾ ਦੁਆਰਾ। ਦਰਿ ਘਰਿ–ਰੱਬ ਦਾ ਦਰ ਤੇ ਹਿਰਦਾ; ਸੰਸਾਰ ਅੰਦਰ ਤੇ ਹਿਰਦੇ ਵਿਚ (ਅੰਦਰ ਬਾਹਰ ਸਭ ਥਾਂ)। ੪।੭।

ਗਉੜੀ ਮਹਲਾ ੧ ॥ ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਬ੍ਰਹਮ ਬਿਚਾਰ ਦੁਆਰਾ (ਮੇਰਾ ਮੂਧਾ ਪਿਆ) ਹਿਰਦਾ ਕਮਲ ਉਲਟ (ਸਿੱਧਾ ਹੋ) ਗਿਆ ਹੈ। ਦਸਮ ਦੁਆਰ ਰੂਪ ਅਕਾਸ਼ ਤੋਂ (ਹੁਣ ਨਾਮ) ਅੰਮ੍ਰਿਤ ਦੀ ਧਾਰ ਟਪਕ ਰਹੀ ਹੈ (ਜਿਸਦਾ ਮੈਂ ਅਨੰਦ ਮਾਣਦਾ ਹਾਂ) {ਊਂਧੈ ਭਾਂਡੈ ਕਛੁ ਨ ਸਮਾਵੈ, ਸੀਧੈ ਅੰਮ੍ਰਿਤੁ ਪਰੈ ਨਿਹਾਰ} ਭਾਵ ਪ੍ਰਭੂ ਨੂੰ ਵਿਚਾਰ ਕੇ ਜਦ ਸੰਸਾਰ ਵੱਲੋਂ ਦਿਲ ਉਲਟ ਗਿਆ ਅਤੇ ਪ੍ਰਭੂ ਦੇ ਸਨਮੁਖ ਹੋ ਗਿਆ, ਤਾਂ ਦਸਮ ਦੁਆਰ ਵਿਚ ਨਾਮ ਅੰਮਿਤ ਦੀ ਧਾਰ ਵਗਣ ਲਗ ਪਈ। (ਹੁਣ ਮੈਂ ਦੇਖ ਲਿਆ ਕਿ) ਤਿੰਨਾਂ ਭਵਨਾਂ ਨੂੰ ਆਪ ਪ੍ਰਭੂ ਨੇ ਵਿਨ੍ਹਿਆ ਹੋਇਆ ਹੈ ਭਾਵ ਸਭ ਥਾਂ ਵਿਆਪਕ ਹੈ।੧।

ਰੇ ਮਨੁ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ, ਅੰਮ੍ਰਿਤ ਰਸੁ ਪੀਜੈ ॥੧। ਰਹਾਉ॥ ਹੇ ਮੇਰੇ ਮਨ! ਭਰਮ ਨਹੀਂ ਕਰਨਾ ਚਾਹੀਦਾ। ਮਨ ਦੀ ਤਸੱਲੀ ਹੋਣ ਨਾਲ ਅੰਮ੍ਰਿਤ ਰਸ (ਆਤਮਾਨੰਦ) ਪੀਤਾ ਜਾਂਦਾ ਹੈ।੧। ਰਹਾਉ। ਮਨ ਕਿਵੇਂ ਮੰਨਦਾ ਹੈ? ਅਗਲੇ ਪਦੇ ਵਿਚ ਦਸਦੇ ਹਨ।

ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ (ਜਿਸ ਮਨੁੱਖ ਦਾ) ਮਨ ਜੀਵਤ ਭਾਵ ਤੋਂ ਮਰਣ ਨਾਲ ਮੰਨ ਗਿਆ ਹੈ, ਉਸ ਨੇ ਮਨੁੱਖਾ ਜਨਮ ਨੂੰ ਜਿਤ ਲਿਆ ਹੈ। (ਜਦ) ਆਪਾ ਭਾਵ ਤੋਂ ਮਰ ਗਿਆ ਤਾਂ ਮਨ ਨੂੰ ਮਨ ਤੋਂ ਹੀ ਜਾਣ ਲਿਆ (ਅਪਣੇ ਆਪ ਦੀ ਪਛਾਣ ਅੰਦਰੋਂ ਮਨ ਵਿਚੋਂ ਹੀ ਹੋ ਗਈ ਹੈ)। ਜਦ ਪ੍ਰਭੂ ਦੀ ਮਿਹਰ ਦੀ ਨਜਰ ਹੋਈ ਤਾਂ ਨਿਜ ਘਰ (ਅਪਣੇ ਅਸਲੀ ਸਰੂਪ) ਨੂੰ ਹਿਰਦੇ ਤੋਂ ਹੀ ਜਾਣ ਲਿਆ; ਹਰੀ ਦੇ ਟਿਕਾਣੇ ਨੂੰ ਰਿਦੇ ਵਿਚੋਂ ਹੀ ਜਾਣ ਲਿਆ।੨।

ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥ ਨਾਮ ਵਿਚ ਜੁੜਨਾ ਹੀ (ਮੇਰੇ ਲਈ) ਜਤ, ਸਤ, ਤੀਰਥ ਤੇ ਪੁਰਬਾਂ ਦਾ ਇਸ਼ਨਾਨ ਹੈ। (ਜੇ ਮੈਂ ਜਤ ਸਤ ਆਦਿ ਦਾ) ਬਹੁਤ ਖਿਲਾਰਾ ਕਰਾਂ ਤਾਂ ਕਿਸ ਕੰਮ ਆਉਣਾ ਹੈ? ਪ੍ਰਭੂ (ਸਾਰੇ) ਮਨੁੱਖਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ।੩।

ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥ (ਮੈਂ ਰੱਬ ਨੂੰ ਛੱਡ ਕੇ) ਪਰਾਏ ਘਰ ਵਿਚ ਤਾਂ ਜਾਵਾਂ, ਜੇ ਮੈਂ (ਰਬ ਤੋਂ ਬਿਨਾ) ਕਿਸੇ ਹੋਰ ਨੂੰ (ਅਪਣਾ ਇਸ਼ਟ) ਮੰਨਦਾ ਹੋਵਾਂ। ਮੈਂ ਕਿਸ ਕੋਲੋਂ ਕੁਛ ਮੰਗਾਂ,

ਜਦ ਕਿ ਰਬ ਤੋਂ ਬਿਨਾ ਹੋਰ ਕੋਈ ਥਾਂ ਹੈ ਹੀ ਨਹੀਂ। ਗੁਰੂ ਜੀ ਆਖਦੇ ਹਨ, ਗੁਰਮਤ ਦੁਆਰਾ ਸਹਿਜ ਪਦ ਵਿਚ ਮੇਰੀ ਲੀਨਤਾ ਹੋਈ ਹੈ।੪।੮।

ਪਦਾਰਥ = ਉਲਟਿਓ-ਉਲਟ ਗਿਆ। ਕਮਲੁ-ਹਿਰਦਾ। ਅੰਮ੍ਰਿਤ ਧਾਰ-ਨਾਮ ਅੰਮ੍ਰਿਤ ਦੀ ਧਾਰਾ। ਗਗਨਿ ਦਸ ਦੁਆਰਿ-ਦਸਮ ਦੁਆਰ ਰੂਪ ਅਕਾਸ਼ (ਗਿਆਨ ਅਵਸਥਾ) ਵਿਚ। ਤ੍ਰਿਭਵਣੁ-ਤਿੰਨ ਲੋਕ (ਬ੍ਰਹਮੰਡ)। ਬੇਧਿਆ-ਵਿਨ੍ਹਿਆ (ਪ੍ਰੋਇਆ) ਹੋਇਆ; ਵਿਆਪਕ। ਮੁਰਾਰਿ-ਵਾਹਿਗੁਰੂ।੧। ਮਨਿ ਮਾਨਿਐ-ਮਨ ਦੇ ਮੰਨਣ ਨਾਲ; ਮਨ ਦੀ ਤਸੱਲੀ ਹੋਣ ਨਾਲ। ਅੰਮ੍ਰਿਤ ਰਸੁ-ਨਾਮ ਅੰਮ੍ਰਿਤ ਅਨੰਦ; ਆਤਮਾਨੰਦ।੧। ਰਹਾਉ। ਆਪਿ ਮੂਆ-ਆਪਾ ਭਾਵ ਤੋਂ ਮਰ ਗਿਆ। ਜਾਨਿਆ-ਸਮਝ ਲਿਆ; ਸੋਝੀ ਹੋ ਗਈ। ਨਜਰਿ-ਮੇਹਰ ਦੀ ਨਜਰ ਨਾਲ। ਘਰੁ-ਨਿਜ ਘਰ (ਅਪਣਾ ਆਤਮ ਸਰੂਪ)। ਘਰ ਤੇ-ਹਿਰਦੇ ਵਿਚੋਂ।੨। ਜਤੁ-ਇੰਦੀਆਂ ਨੂੰ ਕਾਬੂ ਕਰਨਾ। ਸਤੁ-ਸੱਚ। ਮਜਨੁ-ਇਸ਼ਨਾਨ; ਪਾਣੀ ਵਿਚ ਚੁੱਭੀ। ਬਿਥਾਰੁ-ਖਿਲਾਰਾ। ਕਾਮਿ-ਕੰਮ।੩। ਆਨ-ਹੋਰ ਦੂਜਾ। ਮਨਉ-ਜੇ ਮੈਂ ਮੰਨਾਂ। ਤਉ-ਤਾਂ। ਪਰ ਘਰ-ਪਰਾਇਆ ਘਰ (ਕਿਸੇ ਹੋਰ ਇਸ਼ਟ ਦੇਵ ਦਾ ਦਰ)। ਜਾਚਉ-ਮੰਗਾਂ। ਗੁਰਮਤਿ-ਗੁਰੂ ਦੀ ਸਿਖਿਆ ਦੁਆਰਾ। ਸਹਜਿ-ਸਹਿਜ ਪਦ ਵਿਚ। ਸਮਾਉ-ਲੀਨਤਾ।੪।੮।

ਗਉੜੀ ਮਹਲਾ ੧ ॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ (ਜੇ) ਸਤਿਗੁਰੂ ਮਿਲ ਪਵੇ ਤਾਂ ਉਹ ਜੀਵਤ ਭਾਵ ਤੋਂ ਮਰਣਾ (ਕਿਵੇਂ ਹੈ? ਇਹ ਜੁਗਤੀ) ਦਿਖਾ ਭਾਵ ਸਿਖਾ ਦਿੰਦਾ ਹੈ। ਜੀਵਤ ਭਾਵ ਤੋਂ ਮਰਣਾ, (ਇਸ ਤਰ੍ਹਾਂ) ਰਹਿਣ ਦਾ ਅਨੰਦ (ਉਸ ਮਨੁੱਖ ਦੇ) ਹਿਰਦੇ ਅੰਦਰ ਚੰਗਾ ਲਗਣ ਲਗ ਜਾਂਦਾ ਹੈ। ਹੰਕਾਰ ਦੂਰ ਕਰਕੇ (ਉਹ ਮਨੁੱਖ) ਦਸਮ ਦੁਆਰ ਨੂੰ ਪਾ ਲੈਂਦਾ ਹੈ (ਉਹ ਆਤਮਕ ਅਵਸਥਾ ਪਾ ਲੈਂਦਾ ਹੈ, ਜਿਥੇ ਸੁਰਤ ਉਚੀਆਂ ਉਡਾਰੀਆਂ ਲਾਉਂਦੀ ਹੈ)।੧।

ਮਰਣੁ ਲਿਖਾਇ ਆਏ ਨਹੀਂ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ਰਹਾਉ॥(ਸਾਰੇ ਜੀਵ) ਮਰਣਾ ਲਿਖਾ ਕੇ (ਸੰਸਾਰ ਵਿਚ) ਆਏ ਹਨ, ਇੱਥੇ ਸਦਾ ਲਈ ਕਿਸੇ ਨੇ ਵੀ ਨਹੀਂ ਟਿਕੇ ਰਹਿਣਾ। ਵਾਹਿਗੁਰੂ ਦਾ ਜਾਪ ਜਪ ਕੇ ਵਾਹਿਗੁਰੂ ਦੀ ਸ਼ਰਣ ਵਿਚ ਰਹਿਣਾ (ਸਦੀਵੀ ਟਿਕਾਣਾ) ਮਿਲ ਜਾਂਦਾ ਹੈ (ਮੁੜ ਜਨਮ ਮਰਣ ਨਹੀਂ ਹੁੰਦਾ)।੧। ਰਹਾਉ।

ਸਤਿਗੁਰੁ ਮਿਲੈ ਤਾ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥ (ਜਦੋਂ) ਸਤਿਗੁਰੂ ਮਿਲ ਜਾਂਦਾ ਹੈ ਤਾਂ ਦੁਬਿਧਾ ਦੌੜ ਜਾਂਦੀ ਹੈ। (ਉਸਦਾ) ਹਿਰਦਾ ਕਮਲ ਖਿੜ ਜਾਂਦਾ ਹੈ ਅਤੇ ਮਨ ਹਰੀ ਪ੍ਰਭੂ ਨਾਲ ਜੁੜ ਜਾਂਦਾ ਹੈ। (ਉਹ ਮਨੁੱਖ) ਜੀਵਤ ਭਾਵ ਤੋਂ ਮਰ ਜਾਂਦਾ ਹੈ ਅਤੇ (ਉਸਨੂੰ ਹਰੀ ਮਿਲਾਪ ਦਾ) ਮਹਾਨ ਅਨੰਦ ਅੱਗੇ ਹੋ ਕੇ ਪ੍ਰਾਪਤ ਹੁੰਦਾ ਹੈ; (ਜਦ ਉਹ) ਜੀਵਤ ਭਾਵ ਤੋਂ ਮਰ ਜਾਂਦਾ ਹੈ, ਤਾਂ ਉਸ ਤੋਂ ਅੱਗੇ (ਰੱਬ ਦੀ ਪ੍ਰਾਪਤੀ ਦਾ) ਮਹਾਨ ਅਨੰਦ ਪ੍ਰਾਪਤ ਹੁੰਦਾ ਹੈ (ਟਕਸਾਲ)।੨।

ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਸਤਿਗੁਰੂ ਦੇ ਮਿਲਿਆਂ ਸੱਚ ਦੀ ਰਹਿਣੀ ਨਾਲ ਪਵਿਤ੍ਰ ਹੋ ਜਾਈਦਾ ਹੈ। ਗੁਰੂ ਦੀ ਦੱਸੀ ਸਿਮਰਣ ਦੀ ਪੌੜੀ ਤੇ ਚੜ੍ਹ ਕੇ ਉਚੇ ਤੋਂ ਉਚਾ ਹੋ ਜਾਈਦਾ ਹੈ (ਉਚੀ ਆਤਮਕ ਅਵਸਥਾ ਤੇ ਪੁਜ ਜਾਈਦਾ ਹੈ); ਉਚੇ ਬ੍ਰਹਮਾ ਆਦਿਕਾਂ ਤੋਂ ਵੀ ਉਚੇ ਹੋ ਜਾਈਦਾ ਹੈ। (ਜਿਨ੍ਹਾਂ ਨੂੰ) ਭਾਗਾਂ ਨਾਲ ਗੁਰੂ ਮਿਲਦਾ ਹੈ ,(ਉਨ੍ਹਾਂ ਪੁਰਖਾਂ ਦਾ) ਜਮਾਂ ਦਾ ਡਰ ਕੱਟਿਆ ਜਾਂਦਾ ਹੈ।੩।

ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥ ਗੁਰੂ ਦੇ ਮਿਲਣ ਨਾਲ (ਮਨੁੱਖ ਪ੍ਰਭੂ ਨੂੰ) ਮਿਲ ਕੇ (ਪ੍ਰਭੂ ਦੇ) ਸਰੂਪ ਵਿਚ ਸਮਾ ਜਾਂਦਾ ਹੈ। (ਗੁਰੂ ਨੇ) ਕਿਰਪਾ ਕਰਕੇ ਦਿਖਾ ਦਿਤਾ ਕਿ (ਮਨੁੱਖ ਦਾ) ਹਿਰਦਾ ਘਰ ਹੀ ਰੱਬ ਦਾ ਮਹਿਲ ਹੈ। ਗੁਰੂ ਜੀ ਆਖਦੇ ਹਨ, (ਗੁਰੂ ਮਨੁੱਖ ਦੀ) ਹਉਮੈ ਮਾਰ ਕੇ ਰੱਬ ਨਾਲ ਮਿਲਾ ਦਿੰਦਾ ਹੈ।੪।੯।

ਪਦਾਰਥ = ਮਰਣੁ-ਜੀਵਤ ਮਰਣਾ। ਰਸੁ-ਅਨੰਦ। ਅੰਤਰਿ-ਹਿਰਦੇ ਅੰਦਰ। ਭਾਏ-ਭਾਉਂਦਾ ਹੈ; ਪਿਆਰਾ ਲਗਦਾ ਹੈ। ਗਰਬੁ-ਹੰਕਾਰ। ਨਿਵਾਰਿ-ਦੂਰ ਕਰਕੇ। ਗਗਨ ਪੁਰੁ-ਦਸਮ ਦੁਆਰ; ਅਕਾਸ਼ ਵਤ ਪੂਰਣ ਵਾਹਿਗੁਰੂ।੧। ਮਰਣੁ-ਸਰੀਰਕ ਮੌਤ। ਨਹੀ ਰਹਣਾ-ਸਦਾ ਟਿਕੇ ਨਹੀਂ ਰਹਿਣਾ। ਜਪਿ ਜਾਪਿ-ਜਾਪ ਜਪ ਕੇ। ਰਹਣੁ-ਟਿਕਾਣਾ; ਰਹਾਇਸ਼।੧। ਰਹਾਉ। ਦੁਬਿਧਾ-ਦੁਚਿੱਤਾ ਪਣ; ਦੁਐਤ ਭਾਵ। ਭਾਗੈ-ਨੱਸ ਜਾਂਦੀ ਹੈ। ਬਿਗਾਸਿ-ਖਿੜ ਜਾਂਦਾ ਹੈ। ਆਗੈ-ਅੱਗੇ (ਸਨਮੁਖ) ਹੋਕੇ; ਪ੍ਰਤੱਖ।੨। ਸੰਜਮਿ-ਰਹਿਣੀ। ਪਉੜੀ-ਜੀਵਨ ਜਿਉਣ ਦਾ ਰਸਤਾ; ਉਪਦੇਸ਼ ਜਾਂ ਭਗਤੀ ਰੂਪ। ਕਰਮਿ-ਭਾਗਾਂ ਨਾਲ; ਬਖਸ਼ਿਸ਼ ਨਾਲ। ਮੂਚਾ-ਕੱਟਿਆ ਜਾਂਦਾ ਹੈ।੩। ਅੰਕਿ-ਸਰੂਪ ਵਿਚ; ਅੰਗ ਨਾਲ। ਸਮਾਇਆ-ਲੀਨ ਹੋ ਗਿਆ। ਘਰੁ-ਹਿਰਦਾ। ਮਹਲੁ-ਰੱਬ ਦਾ ਮਹਿਲ।੪।੯।

ਅੰਗ ੧੫੪ = ਗਉੜੀ ਮਹਲਾ ੧ ॥ ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥੧॥ (ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਦਾ ਜੋ ਲੇਖ ਪਿਆ ਹੋਇਆ ਹੈ, ਉਸ ਨੂੰ ਕੋਈ (ਅਪਣੇ ਆਪ) ਮੇਟ ਨਹੀਂ ਸਕਦਾ। ਮੈਂ ਕੀ ਜਾਣਦਾ ਹਾਂ ਕਿ (ਮੱਥੇ ਤੇ ਲਿਖੇ ਲੇਖ ਅਨੁਸਾਰ ਮੇਰੇ ਨਾਲ) ਅੱਗੇ ਕੀ ਹੋਵੇਗਾ? ਜੋ ਉਸ

ਰੱਬ ਨੂੰ ਚੰਗਾ ਲੱਗਾ, ਉਹ ਹੀ ਮੇਰੇ ਨਾਲ ਹੋਇਆ (ਵਾਪਰਿਆ) ਹੈ।(ਉਸ ਰੱਬ ਤੋਂ ਬਿਨਾ) ਹੋਰ ਕੋਈ ਦੂਜਾ ਕਰਨ ਵਾਲਾ ਨਹੀਂ ਹੈ।੧।

ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ਰਹਾਉ॥ (ਹੇ ਪ੍ਰਭੂ !) ਨਾ ਮੈਂ ਅਪਣੇ ਕੀਤੇ ਕਰਮਾਂ ਨੂੰ ਜਾਣਦਾ ਹਾਂ, ਨਾ ਮੈਂ ਜਣਦਾ ਹਾਂ ਕਿ ਤੇਰੀ ਦਾਤ ਕਿਤਨੀ ਵੱਡੀ ਹੈ? (ਮੇਰੇ ਭਾਣੇ ਤਾਂ) ਕਰਮ ਧਰਮ ਸਭ ਤੇਰੇ ਨਾਮ ਦੀ ਜਾਤ ਵਿਚ ਹਨ ਭਾਵ ਤੇਰੇ ਨਾਮ ਦੇ ਜਾਨਣ ਵਿਚ ਹੀ ਮੇਰਾ ਕਰਮ, ਧਰਮ ਹੈ ਅਤੇ ਨਾਮ ਹੀ ਮੇਰੀ ਜਾਤ ਹੈ।੧।ਰਹਾਉ।

ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥ (ਹੇ ਪ੍ਰਭੂ !) ਤੂੰ (ਨਾਮ ਦੀ) ਦੇਣ ਵਾਲਾ ਇਤਨਾ ਵੱਡਾ ਦਾਤਾਰ ਹੈਂ।ਕਿ ਤੇਰੇ ਖਜਾਨਿਆਂ ਵਿਚ ਨਾਮ ਭਗਤੀ ਦੀ ਕੋਈ ਘਾਟ ਨਹੀਂ।(ਮਨੁੱਖ) ਦਾ ਕੀਤਾ ਹੰਕਾਰ (ਤੇਰੇ ਨਾਲ) ਸੂਤ ਨਹੀਂ ਆਉਂਦਾ।(ਕਿਉਂਕਿ) ਜਿੰਦ ਤੇ ਸਰੀਰ ਸਭ ਤੇਰੇ ਪਾਸ (ਵਸ ਵਿਚ) ਹਨ; (ਤੇਰੀ ਪ੍ਰਾਪਤੀ ਲਈ ਮੇਰਾ) ਜੀਉ ਪਿੰਡ ਸਭ ਤੇਰੇ ਪਾਸ ਅਰਪਣ ਹੈ।੨।

ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥ ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥ (ਹੇ ਵਾਹਿਗੁਰੂ !) ਤੂੰ ਮਾਰ ਕੇ ਜੀਵਾਲਦਾ ਹੈ, ਭਾਵ ਜੀਵਤ ਭਾਵ ਤੋਂ ਮਾਰ ਕੇ ਆਤਮਕ ਜੀਵਨ ਦੇਂਦਾ ਹੈਂ, (ਇਸ ਲਈ ਮੇਰੇ ਪਾਪ) ਬਖਸ਼ ਕੇ ਅਪਣੇ ਨਾਲ ਮਿਲਾ ਲੈ।(ਮੇਰੀ ਅਰਦਾਸ ਹੈ ਕਿ ਤੈਨੂੰ) ਜਿਵੇਂ ਭਾਉਂਦਾ ਹੈ, ਤਿਵੇਂ ਮੈਨੂੰ ਨਾਮ ਜਪਾ।ਤੂੰ ਮੇਰੇ ਹਿਰਦੇ ਦੀ ਜਾਨਣ ਵਾਲਾ ਤੇ ਮੇਰੇ ਕਰਮ ਦੇਖਣ ਵਾਲਾ ਹੈਂ, (ਤੂੰ) ਸੱਚਾ ਮਾਲਕ ਮੇਰੇ ਸਿਰ ਤੇ (ਰਖਵਾਲਾ) ਹੈਂ।ਮੈਂ ਤੇਰੇ ਭਰੋਸੇ ਤੇ ਜਿਉਂਦਾ ਹਾਂ, ਮੈਨੂੰ ਗੁਰੂ ਦੀ ਮੱਤ ਬਖਸ ਦੇ।੩।

ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥ ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥ (ਜਿਨ੍ਹਾਂ ਪੁਰਖਾਂ ਦਾ) ਮਨ ਨਾਮ ਵਿਚ ਰੰਗਿਆ ਗਿਆ ਹੈ, ਉਨ੍ਹਾਂ ਦੇ ਤਨ ਵਿਚ (ਵਿਕਾਰਾਂ ਦੀ) ਮੈਲ ਨਹੀਂ ਰਹਿੰਦੀ (ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦਾ ਅਸਰ ਮਿਟ ਜਾਂਦਾ ਹੈ।ਕਿਉਂਕਿ ਉਨ੍ਹਾਂ ਨੇ) ਗੁਰੂ ਦੇ ਬਚਨਾਂ ਦੁਆਰਾ ਗੁਰੂ ਦੇ ਸ਼ਬਦ ਵਿਚ ਜੁੜ ਕੇ ਸੱਚ ਸਰੂਪ ਵਾਹਿਗੁਰੂ ਨੂੰ ਪਛਾਣ ਲਿਆ ਹੈ।ਉਨ੍ਹਾਂ ਨੂੰ ਤੇਰਾ ਬਲ ਹੈ (ਮਿਲਿਆ ਹੈ, ਇਹ ਸਭ) ਤੇਰੇ ਨਾਮ ਦੀ ਵਡਿਆਈ ਹੈ।ਗੁਰੂ ਜੀ ਆਖਦੇ ਹਨ, (ਅਜੇਹੇ ਗੁਰਮੁਖ) ਭਗਤੀ ਕਰਦੇ ਹੋਏ (ਵਾਹਿਗੁਰੂ ਦੀ) ਸ਼ਰਣ ਵਿਚ ਰਹਿੰਦੇ ਹਨ (ਮੇਰਾ ਵਿਚਾਰ)।੪।੧੦।

ਪਦਾਰਥ = ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਸੰਸਾਕਾਰਾਂ ਦਾ ਲੇਖ।ਆਗੈ–ਅੱਗੇ ਆਉਣ ਵਾਲੇ ਜੀਵਨ ਵਿਚ।ਭਾਣਾ–ਚੰਗਾ ਲੱਗਿਆ।ਦੂਆ–ਦੂਜਾ।੧।ਕੇਵਡ–ਕਿਤਨੀ ਵੱਡੀ।੧।ਰਹਾਉ।ਤੋਟਿ–ਕਮੀ; ਘਾਟਾ।ਤੁਧੁ–ਤੇਰੇ।ਭੰਡਾਰ–ਖਜਾਨੇ।ਨ ਆਵੈ ਰਾਸਿ–ਸੂਤ ਨਹੀਂ ਆਉਂਦਾ (ਕੁਛ ਸਵਾਰ ਨਹੀਂ ਸਕਦਾ)।ਜੀਉ–ਜਿੰਦ।ਪਿੰਡੁ–ਸਰੀਰ।੨।ਭਾਵੀ–ਭਾਉਂਦਾ ਹੈ।ਦਾਨਾ–(ਦਿਲ ਦੀ) ਜਾਨਣ ਵਾਲਾ।ਬੀਨਾ–ਦੇਖਣ ਵਾਲਾ।੩।ਰਾਤਾ–ਰੰਗਿਆ ਹੋਇਆ।ਤਾਣੁ–ਬਲ; ਆਸਰਾ।ਰਹਣਾ–ਨਿਵਾਸ ਕਰਨਾ।੪।੧੦।

ਗਉੜੀ ਮਹਲਾ ੧ ॥ ਜਿਨਿ ਅਕਥੁ ਕਹਾਇਆ, ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥ ਜਿਸ ਗੁਰੂ ਨੇ (ਕ੍ਰਿਪਾ ਕਰਕੇ ਮੈਥੋਂ) ਨਾ ਬਿਆਨ ਹੋਣ ਵਾਲਾ ਹਰੀ ਬਿਆਨ ਕਰਾ ਦਿਤਾ ਅਤੇ (ਨਾਮ) ਅੰਮ੍ਰਿਤ ਪਿਲਾ ਦਿਤਾ ਹੈ।(ਜਿਸ ਕਰਕੇ ਮੇਰੇ ਦੁਨੀਆਵੀ) ਹੋਰ ਡਰ ਨਾਸ਼ ਹੋ ਗਏ ਹਨ ਅਤੇ ਨਾਮ ਵਿਚ ਸਮਾ ਗਿਆ ਹਾਂ।੧।

ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ਰਹਾਉ॥ (ਹੁਣ ਕਿਸੇ ਤੋਂ) ਕੀ ਡਰੀਏ? (ਕਿਉਂਕਿ ਹੋਰ) ਡਰ ਰੱਬੀ ਡਰ ਵਿਚ ਸਮਾ ਗਿਆ ਹੈ (ਵਾਹਿਗੁਰੂ ਦੇ ਡਰ ਕਰਕੇ ਦੁਨਿਆਵੀ ਡਰ ਨਾਸ਼ ਹੋ ਗਿਆ)।ਪੂਰੇ ਗੁਰੂ ਦੇ ਸ਼ਬਦ ਦੁਆਰਾ (ਮੈਂ) ਵਾਹਿਗੁਰੂ ਨੂੰ ਪਛਾਣ ਲਿਆ ਹੈ।੧।ਰਹਾਉ।

ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥ ਜਿਸ ਮਨੁੱਖ ਦੇ ਹਿਰਦੇ ਵਿਚ ਵਾਹਿਗੁਰੂ ਹੈ ਅਤੇ ਵਾਹਿਗੁਰੂ ਦੇ ਨਾਮ ਦੀ ਪੂੰਜੀ ਹੈ।ਸੁਤੇ ਸਿੱਧ ਹੀ (ਵਾਹਿਗੁਰੂ ਦੇ ਦਰਬਾਰ ਵਿਚ ਉਸ ਮਨੁੱਖ ਨੂੰ) ਸ਼ਾਬਾਸ ਮਿਲਦੀ ਹੈ।੨।

ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥੩॥ ਜਿਨ੍ਹਾਂ ਨੂੰ ਸੰਝ ਸਵੇਰੇ (ਦਿਨ ਰਾਤ ਵਾਹਿਗੁਰੂ ਮਾਇਆ ਦੀ ਨੀਂਦ ਵਿਚ) ਸੁੱਤੇ ਪਏ ਰੱਖਦਾ ਹੈ।(ਉਹ) ਮਨਮੁਖ ਇੱਥੇ ਉਥੇ (ਹਰ ਥਾਂ; ਲੋਕ ਪ੍ਰਲੋਕ ਵਿਚ) ਕਾਲ ਦੇ ਬੱਧੇ ਹੋਏ ਹਨ; ਜਿਨ੍ਹਾਂ ਨੂੰ ਗੁਰੂ ਸੁਆਰ ਦੇਂਦਾ ਹੈ, ਉਨ੍ਹਾਂ ਦੀ ਅਗਿਆਨਤਾ ਦੀ ਰਾਤ ਦੂਰ ਕਰਕੇ ਗਿਆਨ ਦਾ ਦਿਨ ਚਾੜ੍ਹ ਦਿੰਦਾ ਹੈ।ਉਹ ਮਨ ਦੇ ਸ੍ਰੇਸਟ ਹਨ ਅਤੇ ਕਾਲ ਨੂੰ ਬੰਨ੍ਹ ਲੈਂਦੇ ਹਨ (ਸੰਪ੍ਰਦਾਵਾਂ ਤੇ ਭਾਈ ਵੀਰ ਸਿੰਘ ਨੇ ਦੋਵੇਂ ਅਰਥ ਕੀਤੇ ਹਨ)।੩।

ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥ (ਸਿੱਟਾ ਇਹ ਹੈ ਕਿ ਜਿਨ੍ਹਾਂ ਦੇ) ਹਿਰਦੇ ਵਿਚ ਦਿਨ ਰਾਤ ਰਾਮ ਵਸਦਾ ਹੈ, ਉਹ ਪੂਰਨ ਪੁਰਖ ਹਨ।ਹੇ ਨਾਨਕ ! (ਉਹ) ਰਾਮ ਨੂੰ ਮਿਲੇ ਹਨ (ਅਤੇ ਉਨ੍ਹਾਂ ਦੇ) ਭਰਮ ਦੂਰ ਹੋ ਗਏ ਹਨ ।੪।੧੧।

ਪਦਾਰਥ = ਜਿਨਿ–ਜਿਸ (ਗੁਰੂ) ਨੇ ਅਕਥ–ਕਥਨ ਤੋਂ ਤੋਂ ਰਹਿਤ ਵਾਹਿਗੁਰੂ।ਅਪਿਓ–ਅੰਮ੍ਰਿਤ।ਅਨ–ਹੋਰ ਦੂਜਾ।ਵਿਸਰੇ–ਭੁੱਲ (ਨਾਸ਼ ਹੋ) ਗਏ।ਸਮਾਇਆ–ਲੀਨ ਹੋ ਗਿਆ।੧।ਸਮਾਨਾ–ਸਮਾ (ਮੁੱਕ) ਗਿਆ।ਡਰਹਿ–(ਰੱਬ ਦੇ) ਡਰ ਵਿਚ।੧।ਰਹਾਉ।ਜਿਸੁ ਨਰ–ਜਿਸ ਮਨੁੱਖ ਦੇ।ਰਾਸਿ–ਪੂੰਜੀ।ਸਹਜਿ ਸੁਭਾਇ–ਸਹਿਜ ਸੁਭਾਵਕ; ਨਿਰ ਯਤਨ ਹੀ।ਸਾਬਾਸਿ–ਸੋਭਾ; ਆਦਰ।੨।ਜਾਹਿ–ਜਿਨ੍ਹਾਂ ਨੂੰ।ਸਵਾਰੈ–

ਸੁੱਤੇ ਪਏ ਰੱਖਦਾ ਹੈ।ਸਾਝ-ਸੰਝ; ਰਾਤ।ਬਿਆਲ-ਸਵੇਰਾ।ਇਤ ਉਤ-ਇੱਥੇ ਉਥੇ (ਲੋਕ ਪ੍ਰਲੋਕ ਵਿਚ); ਹਰ ਥਾਂ।ਬਾਧੇ-ਬੱਝੇ ਹੋਏ।ਕਾਲ-ਮੌਤ।੩।ਅਹਿਨਿਸਿ-ਦਿਨ ਰਾਤ (ਹਰ ਸਮੇਂ)।ਸੇ-ਉਹ।ਰਾਮ-ਅਕਾਲ ਪੁਰਖ।ਦੂਰੇ-ਦੂਰ ਹੋ ਗਏ।੪।੧੧।

ਗਉੜੀ ਮਹਲਾ ੧ ॥ ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆ ਵਸਥਾ ਸਤਿਗੁਰ ਤੇ ਹਰਿ ਜਾਨੁ ॥੧॥ ਤਿੰਨ ਗੁਣਾਂ (ਵਾਲੀ ਮਾਇਆ) ਨੂੰ ਪ੍ਰੇਮ ਕਰਨ ਵਾਲਾ ਜੰਮਦਾ (ਮਰਦਾ) ਰਹਿੰਦਾ ਹੈ।ਚਾਰੇ ਵੇਦ ਵੀ ਅਕਾਰ ਵਾਲੇ ਜਗਤ ਨੂੰ ਹੀ ਕਥਨ ਕਰਦੇ ਹਨ।(ਉਹ ਵੇਦ ਜਾਗ੍ਰਤ, ਸੁਪਨ ਤੇ ਸਖੋਪਤ) ਤਿੰਨ ਅਵਸਥਾ ਦਾ ਵਖਿਆਨ ਕਰਦੇ ਹਨ (ਇਹ ਤਿੰਨੇ ਹਾਲਤਾਂ ਤਿੰਨਾਂ ਗੁਣਾਂ ਦੀ ਹੀ ਉਪਜ ਹਨ)।ਗਿਆਨ ਅਵਸਥਾ ਸਤਿਗਰੂ ਤੋਂ ਹੀ ਜਾਣੀ ਜਾਂਦੀ ਹੈ (ਗਿਆਨ ਅਵਸਥਾ ਵਿਚ) ਹਰੀ ਆਪ ਹੁੰਦਾ ਹੈ; ਹਰੀ ਰੂਪ ਤੁਰੀਆ ਅਵਸਥਾ ਸਤਿਗੁਰੂ ਤੋਂ ਜਾਣੀਦੀ ਹੈ {ਤ੍ਰੈ ਗੁਣ ਮਾਇਆ ਮੋਹਿ ਵਿਆਪੇ, ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ੮੩੩} (ਹਰੀ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ, ਤਿੰਨਾਂ ਗੁਣਾਂ ਵਿਚ ਰਹਿ ਕੇ ਜਾਂ ਵੇਦਾਂ ਦਾ ਪਾਠ ਪੜ੍ਹਨ ਨਾਲ ਨਹੀਂ ਹੁੰਦੀ।ਵੇਦਾਂ ਵਿਚ ਪ੍ਰਮਾਤਮਾ ਦਾ ਨਾਮ ਵੀ ਹੈ, ਪਰ ਵੇਦ ਪਾਠੀ ਦੀ ਅਪਣੀ ਰੁਚੀ ਤਿੰਨਾਂ ਗੁਣਾਂ ਵਾਲੀ ਹੋਣ ਕਰਕੇ ਨਾਮ ਵੱਲ ਜਾਂਦੀ ਹੀ ਨਹੀਂ)।੧।

ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ਰਹਾਉ॥ਗੁਰੂ ਦੀ ਸੇਵਾ ਕਰਕੇ ਅਤੇ ਰੱਬ ਦੀ ਭਗਤੀ ਦੁਆਰਾ (ਸੰਸਾਰ ਸਮੁੰਦਰ ਤੋਂ) ਤਰਨਾ ਹੁੰਦਾ ਹੈ।(ਫਿਰ) ਮੁੜ ਦੁਬਾਰਾ ਨਾ ਜਨਮ ਹੁੰਦਾ ਹੈ ਅਤੇ ਨਾ ਹੀ ਮਰਣਾ ਹੁੰਦਾ ਹੈ (ਅਮਰ ਹੋ ਜਾਂਦਾ ਹੈ)।੧।ਰਹਾਉ।

ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ, ਪੰਡਿਤ ਮੁਖਿ ਸੋਈ ॥ ਬਿਨੁ ਗੁਰ, ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ,ਭਗਤਿ ਹਰਿ ਪਾਇਆ ॥੨॥ ਸਭ ਕੋਈ ਕਹਿੰਦਾ ਹੈ (ਕਿ ਸਾਨੂੰ ਧਰਮ, ਅਰਥ, ਕਾਮ ਤੇ ਮੋਖ) ਚਾਰ ਪਦਾਰਥ ਮਿਲ ਜਾਣ। ਸਿੰਮ੍ਰਿਤੀਆਂ ਤੇ ਛੇ ਸ਼ਾਸਤ੍ਰ ਪੜ੍ਹਨ ਵਾਲੇ ਜੋ ਪੰਡਤ ਹਨ, ਉਹ ਵੀ ਮੂੰਹੋਂ (ਚਾਰ ਪਦਾਰਥ) ਮੰਗਦੇ ਹਨ।(ਚਾਰ ਪਦਾਰਥ ਕੀ ਹਨ?) ਗੁਰੂ ਦੇ ਬਿਨਾ (ਕਿਸੇ ਨੇ ਇਨ੍ਹਾਂ ਦਾ) ਅਰਥ ਤੇ ਬਿਚਾਰ ਨਹੀਂ ਪਾਇਆ।ਮੁਕਤ ਪਦਾਰਥ ਹਰੀ ਦੀ ਭਗਤੀ ਕਰ ਕੇ ਪਾਇਆ ਜਾਂਦਾ ਹੈ।੨।

ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥ ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾ ਨੰਦੁ ॥੩॥ ਜਿਸ ਮਨੁੱਖ ਦੇ ਹਿਰਦੇ ਵਿਚ ਉਹ ਹਰੀ ਵਸ ਗਿਆ ਹੈ।ਉਸ ਨੂੰ ਭਗਤੀ ਗੁਰੂ ਦੁਆਰਾ ਪ੍ਰਾਪਤ ਹੋਈ ਹੈ।(ਫਿਰ ਉਹ) ਹਰੀ ਦੀ ਭਗਤੀ ਦੁਆਰਾ ਮੁਕਤੀ ਦਾ ਅਨੰਦ ਮਾਣਦਾ ਹੈ।(ਉਹ) ਗੁਰੂ ਦੀ ਸਿੱਖਿਆ ਦੁਆਰਾ ਪਰਮ ਅਨੰਦ ਸਰੂਪ ਹਰੀ ਨੂੰ ਪਾ ਲੈਂਦਾ ਹੈ।੩।

ਜਿਨਿ ਪਾਇਆ ਗੁਰਿ ਦੇਖਿ ਦੇਖਾਇਆ ॥ਆਸਾ ਮਾਹਿ ਨਿਰਾਸੁ ਬੁਝਾਇਆ ॥ ਦੀਨਾ ਨਾਥੁ ਸਰਬ ਸੁਖ ਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥ ਜਿਸ ਮਨੁਖ ਨੇ (ਹਰੀ ਨੂੰ) ਪਾਇਆ ਹੈ, (ਉਸ ਮਨੁੱਖ ਨੂੰ) ਗੁਰੂ ਨੇ ਦੇਖ ਕੇ ਦਿਖਾਇਆ ਹੈ।(ਉਸ ਨੂੰ ਗੁਰੂ ਨੇ) ਆਸਾ ਵਿਚ ਨਿਰਾਸ ਰਹਿਣਾ ਵੀ ਸਿਖਾਇਆ ਹੈ।ਗੁਰੂ ਜੀ ਆਖਦੇ ਹਨ ਕਿ (ਉਸ ਮਨੁਖ ਦਾ) ਮਨ ਨਿਮਾਣਿਆ ਦੇ ਮਾਲਕ ਤੇ ਸਾਰੇ ਸੁਖਾਂ ਦੇ ਦਾਤੇ ਪ੍ਰਮਾਤਮਾ ਦੇ ਚਰਨਾਂ ਵਿਚ ਰੰਗਿਆ ਰਹਿੰਦਾ ਹੈ।੪।੧੨।

ਪਦਾਰਥ = ਤ੍ਰੈ ਗੁਣ-(ਰਜੋ, ਸਤੋ ਤੇ ਤਮੋ) ਤਿੰਨ ਗੁਣਾਂ ਦਾ।ਹਿਤਕਾਰੁ-ਪ੍ਰੇਮ ਕਰਨ ਵਾਲਾ।ਆਕਾਰੁ-ਅਕਾਰ ਵਾਲੇ ਜਗਤ ਨੂੰ।ਤੀਨਿ ਅਵਸਥਾ-ਜਾਗ੍ਰਤ, ਸੁਪਨ ਤੇ ਸੁਖੋਪਤ।ਕਹਹਿ ਵਖਿਆਨ-ਬਿਆਨ ਕਰਦੇ ਹਨ।ਤੁਰੀਆਵਸਥਾ-ਗਿਆਨ ਅਵਸਥਾ; ਹਰੀ ਨਾਲ ਇਕ ਰੂਪ ਹੋ ਜਾਣ ਵਾਲੀ ਅਵਸਥਾ।ਤੇ-ਤੋਂ।ਜਾਨੁ-ਜਾਣਕਾਰੀ; ਗਿਆਨ (ਮ.ਕੋ.); ਜਾਣੀ ਜਾਂਦੀ ਹੈ।੧।ਬਾਹੁੜਿ-ਮੁੜ ਕੇ।੧।ਰਹਾਉ। ਚਾਰਿ ਪਦਾਰਥ-ਧਰਮ ਅਰਥ ਕਾਮ ਤੇ ਮੋਖ।ਪੰਡਿਤ ਮੁਖਿ-ਪੰਡਤਾਂ ਦੇ ਮੂੰਹੋਂ; ਮੁਖੀ ਪੰਡਤ।ਅਰਥੁ-ਮਤਲਬ।੨।ਜਾ ਕੈ-ਜਿਸ ਦੇ।ਪਰਮਾਨੰਦੁ-ਪਰਮ ਅਨੰਦ; ਆਤਮ ਸੁਖ।੩।ਨਿਰਾਸੁ-ਆਸਾ ਹੀਣ (ਆਸਾ ਦਾ ਤਿਆਗ)।ਦੀਨਾ-ਗਰੀਬਾਂ ਜਾਂ ਅਨਾਥਾਂ ਦਾ।ਨਾਥੁ-ਮਾਲਕ।ਰਾਤਾ-ਰੰਗਿਆ ਹੈ।੪।੧੨।

ਤ੍ਰੈ ਗੁਣ ਹਿਤਕਾਰੁ = ਵੇਦਾਂ ਵਿਚ ਕਰਮ ਕਾਂਡ ਤਾਮਸੀ ਲੋਕਾਂ ਲਈ ਹੈ, ਉਪਾਸ਼ਨਾ ਕਾਂਡ ਰਾਜਸੀ ਲੋਕਾਂ ਲਈ ਤੇ ਗਿਆਨ ਕਾਂਡ ਸ਼ਾਂਤਕੀ ਲੋਕਾਂ ਲਈ ਹੈ।ਰਜੋ ਗੁਣੀ ਹੋ ਕੇ ਮਨੁੱਖ ਖਾਂਦਾ ਪੀਂਦਾ ਤੇ ਪਦਾਰਥਾਂ ਦੇ ਭੋਗਾਂ ਦਾ ਅਨੰਦ ਮਾਣਦਾ ਹੈ।ਸਤੋ ਗੁਣੀ ਹੋ ਕੇ ਅਪਣੀ ਪ੍ਰਭਤਾ ਵਧਾਉਣ ਲਈ ਰਿਧੀਆਂ ਸਿਧੀਆਂ ਦਾ ਦਿਖਾਵਾ ਕਰਨ ਲਗ ਪੈਂਦਾ ਹੈ।ਤਮੋ ਗੁਣੀ ਘੋਰ ਤਪ ਕਰਕੇ ਅਪਣੇ ਚੇਲਿਆਂ ਨੂੰ ਵਰ ਤੇ ਵਿਰੋਧੀਆਂ ਨੂੰ ਸਰਾਪ ਦੇ ਕੇ ਡਰਾਉਣ ਲਗ ਜਾਂਦਾ ਹੈ।ਇਸ ਕਰਕੇ ਤਿੰਨ ਗੁਣਾਂ ਦੇ ਹਿਤਕਾਰੀ ਜੰਮਦੇ ਮਰਦੇ ਰਹਿੰਦੇ ਹਨ (ਟਕਸਾਲ)।

ਅਰਥੁ ਬੀਚਾਰੁ = ਗੁਰੂ ਤੋਂ ਬਿਨਾ ਚਾਰ ਪਦਾਰਥਾਂ ਦਾ ਅਰਥ ਤੇ ਬਿਚਾਰ ਭਾਵ ਸਰੂਪ ਦੇ ਗਿਆਨ ਨੂੰ ਕਿਸੇ ਨੇ ਨਹੀਂ ਪਾਇਆ, ਧਰਮ ਅਰਥ ਕਾਮ ਮੋਖ ਦਾ ਮਤਲਬ ਗੁਰੂ ਬਿਨਾ ਪਤਾ ਨਹੀਂ ਲਗਦਾ।ਧਰਮ ਹੈ = ਸੱਚੇ ਅਨੰਦ ਸਰੂਪ ਨੂੰ ਜਾਨਣਾ।ਅਰਥ = ਵਾਹਿਗੁਰੂ ਦਾ ਨਾਮ ਹੈ।ਮੋਖ = ਜੀਵ ਈਸ਼ਵਰ ਦੀ ਏਕਤਾ ਹੋ ਜਾਣੀ।ਕਾਮ = ਵਾਹਿਗੁਰੂ ਦੇ ਦਰਸ਼ਨਾਂ ਦੀ ਇੱਛਾ ਪੂਰੀ ਹੋਣੀ (ਟਕਸਾਲ)।

ਇਸ ਸਬਦ ਵਿਚ ਗੁਰੂ ਜੀ ਜੀਵ ਤੇ ਦੇਹ ਦਾ ਸੰਬਾਦ ਉਚਾਰਣ ਕਰਦੇ ਹਨ ः—

ਗਉੜੀ ਚੇਤੀ ਮਹਲਾ ੧ ॥ ਅੰਮ੍ਰਿਤ ਕਾਇਆ ਰਹੈ ਸੁਖਾਲੀ, ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ, ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ, ਜਿਉ ਧਰ ਉਪਰਿ ਛਾਰੋ ॥੧॥ (ਜੀਵ ਆਖਦਾ ਹੈ) ਅਪਣੇ ਆਪ ਨੂੰ ਅਮਰ ਜਾਨਣ ਵਾਲੀ ਹੇ ਕਾਇਆਂ! ਤੂੰ ਸੁਖਾਲੀ ਰਹਿ ਰਹੀ ਹੈਂ, (ਪਰ ਤੈਨੂੰ ਇਹ ਨਹੀਂ ਪਤਾ ਕਿ) ਇਹ ਸੰਸਾਰ ਖੇਡ ਹੈ (ਬਾਜੀਗਰ ਦੀ ਖੇਡ ਵਾਂਗ ਥੋੜੇ ਚਿਰ ਦਾ ਹੈ)।ਤੂੰ (ਖਾਣ ਦਾ) ਲਾਲਚ ਤੇ (ਪਦਾਰਥ ਕੱਠੇ ਕਰਨ ਦਾ) ਲੋਭ ਆਦਿ ਬਹੁਤ ਝੂਠ ਕਮਾਉਂਦੀ ਹੈਂ (ਬਿਅਰਥ ਦੌੜ ਭੱਜ ਕਰਦੀ ਹੈਂ ਅਤੇ ਲੋਭ ਲਾਲਚ ਦੇ ਅਸਰ ਹੇਠ ਬੁਰੇ ਕਰਮਾਂ ਦਾ) ਬਹੁਤ ਭਾਰ ਉਠਾ ਰਹੀ ਹੈਂ।ਹੇ ਕਾਇਆਂ! (ਜਦ ਮੈਂ ਦੇਹ ਵਿਚੋਂ ਨਿਕਲ ਜਾਂਦਾ ਹਾਂ, ਤਾਂ) ਤੈਨੂੰ ਮੈਂ ਇਉਂ ਰੁਲਦੀ ਹੋਈ ਦੇਖਿਆ ਹੈ, ਜਿਵੇਂ ਧਰਤੀ ਉਤੇ ਸੁਆਹ ਹੈ (ਸੜ ਕੇ ਸੁਆਹ ਤੇ ਕਬਰ ਵਿਚ ਮਿੱਟੀ ਹੋ ਜਾਂਦੀ ਹੈਂ)।੧।

ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ, ਬਹੁੜਿ ਨ ਆਵੈ ਵਾਰੀ ॥੧॥ਰਹਾਉ॥(ਕਾਇਆਂ ਉਤਰ ਦੇਂਦੀ ਹੈ, ਹੇ ਜੀਵ! ਤੂੰ) ਸੁਣ, ਮੇਰੀ ਸਿੱਖਿਆ (ਧਿਆਨ ਨਾਲ) ਸੁਣ।ਹੇ ਮੇਰੇ ਪਿਆਰੇ ਜੀਵ! ਚੰਗਾ ਕੀਤਾ ਕੰਮ (ਪ੍ਰਲੋਕ ਵਿਚ ਤੇਰੇ ਨਾਲ) ਰਹੇਗਾ (ਨਿਭੇਗਾ, ਇਸ ਕੰਮ ਲਈ ਮਨੁੱਖਾ ਜਨਮ ਦੀ) ਵਾਰੀ ਮੁੜ ਕੇ ਨਹੀਂ ਆਵੇਗੀ।੧।ਰਹਾਉ।

ਅੰਗ ੧੫੫ = ਹਉ ਤੁਧੁ ਆਖਾ ਮੇਰੀ ਕਾਇਆ, ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ, ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ, ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ, ਛੁਟੜਿ ਹੋਈਅਹਿ ਨਾਰੀ ॥੨॥ (ਜੀਵ ਆਖਦਾ ਹੈ) ਹੇ ਮੇਰੀ ਪਿਆਰੀ ਕਾਇਆਂ! ਮੈਂ ਤੈਨੂੰ ਆਖਦਾ ਹਾਂ, ਤੂੰ ਮੇਰੀ ਸਿੱਖਿਆ ਸੁਣ।ਜੋ ਤੂੰ ਪਰਾਈ ਨਿੰਦਿਆ ਦਾ ਚਿਤਵਨ ਕਰਦੀ ਹੈਂ ਅਤੇ ਝੂਠੀ ਚੁਗਲੀ ਲਾਉਂਦੀ ਹੈਂ (ਇਹ ਚੰਗਾ ਕੰਮ ਨਹੀਂ, ਛੱਡਣ ਯੋਗ ਹਨ।ਅੱਗੇ ਦੇਹ ਆਖਦੀ ਹੈ) ਜੇ ਜੀਵ! ਤੂੰ ਪਰਾਈ ਇਸਤ੍ਰੀਆਂ ਨੂੰ (ਖੋਟੀ ਨਜਰ ਨਾਲ) ਤੱਕਦਾ ਰਹਿੰਦਾ ਹੈਂ ਅਤੇ ਚੋਰੀ ਆਦਿ ਬੁਰਿਆਈ ਕਰਦਾ ਹੈਂ।(ਜੀਵ ਉਤਰ ਦੇਂਦਾ ਹੈ ਕਿ ਹੇ ਕਾਇਆਂ! ਤੂੰ ਚੰਗੇ ਕੰਮ ਕਰ, ਨਹੀਂ ਤਾਂ ਜਦ) ਜੀਵ ਚਲਾ ਗਿਆ ਤਾਂ ਤੂੰ ਪਿੱਛੇ ਇਉਂ (ਇਕੱਲੀ) ਰਹਿ ਜਾਏਂਗੀ, ਜਿਵੇ ਛੁੱਟੜ ਇਸਤ੍ਰੀ ਹੁੰਦੀ ਹੈ।੨।

ਤੂੰ ਕਾਇਆ ਰਹੀਅਹਿ ਸੁਪਨੰਤਰਿ, ਤੁਧੁ ਕਿਆ ਕਰਮ ਕਮਾਇਆ ॥ ਕਰਿ ਚੋਰੀ ਮੈ ਜਾ ਕਿਛੁ ਲੀਆ, ਤਾ ਮਨਿ ਭਲਾ ਭਾਇਆ ॥ ਹਲਤਿ ਨ ਸੋਭਾ ਪਲਤਿ ਨ ਢੋਈ, ਅਹਿਲਾ ਜਨਮੁ ਗਵਾਇਆ ॥੩॥ (ਜੀਵ ਕਾਇਆਂ ਨੂੰ ਆਖਦਾ ਹੈ) ਹੇ ਕਾਇਆਂ! ਤੂੰ ਤਾਂ ਸੁਪਨੇ ਵਿਚ ਰਹਿੰਦੀ ਹੈਂ ਅਤੇ ਤੈਂ (ਦੁਨੀਆਂ ਵਿਚ ਆ ਕੇ) ਕਿਹੜਾ ਚੰਗਾ ਕਰਮ ਕਮਾਇਆ ਹੈ? ਮੈਂ ਚੋਰੀ ਕਰਕੇ (ਮਾਲ ਧਨ) ਜੋ ਕੁਛ ਵੀ ਲਿਆ ਤਾਂ (ਤੇਰੇ ਅੰਦਰਲੇ) ਮਨ ਵਿਚ ਚੰਗਾ ਲੱਗਾ।(ਇਸ ਕਰਕੇ ਸਾਨੂੰ ਦੋਹਾਂ ਨੂੰ) ਨਾ ਇਸ ਲੋਕ ਵਿਚ ਸੋਭਾ ਮਿਲੀ ਹੈ, ਨਾ ਪ੍ਰਲੋਕ ਵਿਚ ਢੋਈ ਮਿਲਣੀ ਹੈ, (ਅਸੀਂ ਅਪਣਾ) ਸੁੰਦਰ ਮਨੁੱਖਾ ਜਨਮ ਬਿਅਰਥ ਗਵਾ ਲਿਆ।੩।

ਹਉ ਖਰੀ ਦੁਹੇਲੀ ਹੋਈ, ਬਾਬਾ ਨਾਨਕ, ਮੇਰੀ ਬਾਤ ਨ ਪੁਛੈ ਕੋਈ ॥੧॥ਰਹਾਉ॥ (ਦੇਹ ਗੁਰੂ ਨਾਨਕ ਦੇਵ ਜੀ ਨੂੰ ਆਖਦੀ ਹੈ ਕਿ) ਮੈਂ ਬਹੁਤ ਦੁਖੀ ਹੋਈ ਹਾਂ, ਹੇ ਬਾਬਾ ਨਾਨਕ! (ਮੰਦੇ ਕੰਮਾਂ ਦੇ ਕਾਰਣ ਹੁਣ) ਮੇਰੀ ਕੋਈ ਬਾਤ ਵੀ ਨਹੀਂ ਪੁੱਛਦਾ।੧।ਰਹਾਉ।

ਤਾਜੀ ਤੁਰਕੀ ਸੁਇਨਾ ਰੁਪਾ, ਕਪੜ ਕੇਰੇ ਭਾਰਾ ॥ ਕਿਸ ਹੀ ਨਾਲਿ ਨ ਚਲੇ ਨਾਨਕ, ਝੜਿ ਝੜਿ ਪਏ ਗਵਾਰਾ ॥ ਕੂਜਾ ਮੇਵਾ ਮੈ ਸਭ ਕਿਛੁ ਚਾਖਿਆ, ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥ ਅਰਬੀ ਤੇ ਤੁਰਕੀ ਘੋੜੇ, ਸੋਨਾ ਚਾਂਦੀ ਅਤੇ ਕਪੜਿਆਂ ਦੇ ਭਾਰ ਆਦਿਕ।ਗੁਰੂ ਆਖਦੇ ਹਨ ਕਿ ਅੱਜ ਤਕ ਕਿਸੇ ਦੇ ਨਾਲ ਨਹੀਂ ਗਏ, ਸੱਗੋਂ ਹੇ ਮੂਰਖ ਮਨ! (ਇਹ ਸਭ ਵਸਤਾਂ) ਪਿਛੇ ਹੀ ਰਹਿ ਜਾਂਦੀਆਂ ਹਨ; ਝੜ ਝੜ ਕੇ ਇੱਥੇ ਹੀ ਡਿੱਗੇ ਪਏ ਰਹਿ ਜਾਂਦੇ ਹਨ (ਨਿਰਣੈ)।ਮਿਸਰੀ ਤੇ ਮੇਵਾ ਆਦਿਕ ਮੈਂ ਸਭ ਕੁਛ ਖਾਧਾ ਹੈ, (ਪਰ ਹੇ ਹਰੀ!) ਤੇਰਾ ਇਕ ਨਾਮ (ਕੂਜਾ ਮੇਵੇ ਨਾਲੋਂ ਵੀ ਵੱਧ) ਮਿੱਠਾ ਹੈ; (ਹੇ ਹਰੀ!) ਇਕ ਤੇਰਾ ਨਾਮ ਹੀ ਅੰਮ੍ਰਿਤ ਰੂਪ ਹੈ (ਜੋ ਅਮਰ ਕਰ ਦੇਣ ਵਾਲਾ ਹੈ, ਹੋਰ ਸਭ ਵਸਤਾਂ ਨਾਸ਼ਵੰਤ ਹਨ)।੪।

ਦੇ ਦੇ ਨੀਵ ਦਿਵਾਲ ਉਸਾਰੀ, ਭਸਮੰਦਰ ਕੀ ਢੇਰੀ ॥ ਸੰਚੇ ਸੰਚਿ ਨ ਦੇਈ ਕਿਸ ਹੀ, ਅੰਧੁ ਜਾਣੈ ਸਭ ਮੇਰੀ ॥ ਸੋਇਨ ਲੰਕਾ ਸੋਇਨ ਮਾੜੀ, ਸੰਪੈ ਕਿਸੈ ਨ ਕੇਰੀ ॥੫॥ ਡੂੰਘੀਆਂ ਨੀਹਾਂ ਦੇ ਦੇ ਕੇ ਜੋ ਕੰਧਾਂ ਉਸਾਰੀਆਂ (ਮਕਾਨ ਬਣਾਏ), ਉਹ ਮਕਾਨ ਸੁਆਹ ਦੀ ਢੇਰੀ ਹੋ ਗਏ।(ਮਨੁੱਖ ਮਾਇਆ) ਇਕੱਠੀ ਕਰਦਾ ਹੈ, ਇਕੱਠੀ ਕਰਕੇ ਕਿਸੇ ਨੂੰ ਦਿੰਦਾ ਵੀ ਨਹੀਂ (ਦਾਨ ਪੁੰਨ ਨਹੀਂ ਕਰਦਾ, ਕੰਧਾਂ ਜਾਂ ਧਰਤੀ ਵਿਚ ਦੱਬ ਕੇ ਰੱਖਦਾ ਹੈ, ਕਿਸੇ ਨੂੰ ਲਕੋ ਕੇ ਰੱਖੀ ਮਾਇਆ ਦਾ ਭੇਤ ਵੀ ਨਹੀਂ ਦਿੰਦਾ), ਇਹ ਅਗਿਆਨੀ ਸਮਝਦਾ ਹੈ ਕਿ ਇਹ (ਮਾਇਆ) ਮੇਰੀ ਹੈ।(ਪਰ ਮੂਰਖ ਮਨੁੱਖ ਨਹੀਂ ਜਾਣਦਾ ਕਿ) ਸੋਨੇ ਦੀ ਲੰਕਾ ਤੇ ਸੋਨੇ ਦੇ ਮਹਿਲ (ਰਾਵਣ ਦੇ ਭੀ ਨਾ ਰਹੇ, ਤੂੰ ਕਿਹੜੇ ਬਾਗ ਦੀ ਮੂਲੀ ਹੈਂ? {ਲੰਕਾ ਗੜੁ ਸੋਨੇ ਕਾ ਭਇਆ।ਮੂਰਖੁ ਰਾਵਨੁ ਕਿਆ ਲੇ ਗਇਆ ੧੧੫੮} ਮਾਇਆ) ਕਿਸੇ ਦੀ ਨਹੀਂ ਬਣੀ ਰਹਿੰਦੀ ਭਾਵ ਨਾਲ ਨਹੀਂ ਗਈ (ਜਦ ਰਾਵਣ ਮਰਿਆ ਤਾਂ ਉਸਦਾ ਦੂਤ ਰਾਮ ਚੰਦਰ ਜੀ ਤੋਂ ੪ ਰੱਤੀ ਸੋਨਾ ਮੰਗਣ ਗਿਆ ਕਿ ਸਸਕਾਰ ਸਮੇਂ ਰਿਵਾਜ ਅਨੁਸਾਰ ਰਾਵਣ ਦੇ ਮੂੰਹ ਵਿਚ ਪਾਉਣਾ ਹੈ।ਰਾਮ ਚੰਦਰ ਜੀ ਨੇ ਇਹ ਕਹਿ ਕੇ ਜੁਆਬ ਦੇ ਦਿਤਾ ਕਿ ਅਸੀਂ ਤਾਂ ਲੰਕਾ ਹੁਣ ਭਬੀਖਣ ਨੂੰ ਦੇ ਦਿਤੀ ਹੈ, ਉਸ ਤੋਂ ਜਾ ਕੇ ਲੈ ਲਵੋ।ਪਰ ਸਰੀਕ ਜਾਣ ਕੇ ਬਭੀਖਣ ਤੋਂ ਸੋਨਾ ਨ ਮੰਗਿਆ)।੫।

ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥੧॥ਰਹਾਉ॥ ਹੇ ਬੇ ਸਮਝ ਮੂਰਖ ਮਨ ਸੁਣ! ਉਸ ਵਾਹਿਗੁਰੂ ਦਾ ਭਾਣਾ (ਜਿਵੇਂ ਹੁੰਦਾ ਹੈ, ਉਹ ਹੀ) ਹੋਵੇਗਾ ਭਾਵ ਸਭ ਕੁਛ ਇਥੇ ਰਹਿ ਜਾਂਦਾ ਹੈ।੧।ਰਹਾਉ।

ਸਾਹੁ ਹਮਾਰਾ ਠਾਕੁਰੁ ਭਾਰਾ, ਹਮ ਤਿਸ ਕੇ ਵਣਜਾਰੇ ॥ ਜੀਉ ਪਿੰਡੁ ਸਭ ਰਾਸਿ ਤਿਸੈ ਕੀ, ਮਾਰਿ ਆਪੇ ਜੀਵਾਲੇ ॥੬॥੧॥੧੩॥ ਸਾਡਾ ਮਾਲਕ ਪ੍ਰਭੂ ਵੱਡਾ ਸ਼ਾਹ ਹੈ, ਅਸੀਂ ਉਸ ਦੇ ਵਣਜਾਰੇ ਹਾਂ (ਨਾਮ ਦਾ ਵਪਾਰ ਕਰਨ ਆਏ ਹਾਂ।ਸਾਡੀ) ਜਿੰਦ ਤੇ ਸਰੀਰ ਸਭ ਉਸੇ ਦੀ (ਬਖਸ਼ੀ) ਪੂੰਜੀ ਹੈ, (ਜਿਸ ਮਨੁੱਖ ਨੂੰ) ਉਹ ਆਪੇ ਮਾਰ ਕੇ ਜਿਵਾਲਦਾ ਹੈ (ਉਹ ਅਮਰ ਹੋ ਜਾਂਦਾ ਹੈ)।੬।੧।੧੩।

ਨੋਟ ੋ– ਇਸ ਸ਼ਬਦ ਦੇ ਨੰਬਰ ੧੩ ਦੇ ਨਾਲ ਅੰਕ ੧ ਵੀ ਆਇਆ ਹੈ।ਪਹਿਲੇ ੧੨ ਸ਼ਬਦ ਰਾਗ ਗਉੜੀ ਦੇ ਹਨ, ਹੁਣ ਗਉੜੀ ਚੇਤੀ ਦਾ ਇਹ ਪਹਿਲਾ ਸ਼ਬਦ ਹੈ, ਇਸ ਕਰਕੇ ੧੩ ਦੇ ਨਾਲ ਅੰਕ ੧ ਲੱਗਿਆ ਹੋਇਆ ਹੈ।

ਪਦਾਰਥ = ਅੰਮ੍ਰਿਤ–ਅਮਰ (ਸਮਝਣ ਵਾਲੀ ਦੇਹ)।ਕਾਇਆ–ਦੇਹ; ਸਰੀਰ।ਸੁਖਾਲੀ–ਸੁਖੀ; ਬੇਫਿਕਰ।ਬਾਜੀ–ਖੇਡ।ਮੁਚੁ–ਬਹੁਤ। ਤੂੰ–ਤੈਨੂੰ।ਧਰ–ਧਰਤੀ।ਛਾਰੋ–ਸੁਆਹ।੧।ਸਿਖ–ਸਿੱਖਿਆ।ਹਮਾਰੀ–ਸਾਡੀ (ਮੇਰੀ)।ਜੀਅੜੇ–ਹੇ ਜੀਵਾਤਮਾ!।ਸੁਕ੍ਰਿਤ–ਚੰਗੇ ਕੰਮ; ਨੇਕ ਕਰਮ।ਰਹਸੀ–ਰਹੇਗੀ; ਨਿਭੇਗੀ।ਬਹੁੜਿ–ਮੁੜ ਦੁਬਾਰਾ।ਵਾਰੀ–(ਮਨੁੱਖਾ ਜਨਮ ਦੀ) ਵਾਰੀ; ਮੌਕਾ।੧।ਰਹਾਉ।ਹਉ–ਮੈਂ।ਤੁਧੁ –ਤੈਨੂੰ।ਨਿੰਦਾ ਚਿੰਦਾ–ਨਿੰਦਾ ਦਾ ਖਿਆਲ; ਨਿੰਦਾ ਤੇ ਉਸਤਤੀ।ਲਾਇਤਬਾਰੀ–(ਇਤਬਾਰ ਦਾ ਅਭਾਵ) ਚੁਗਲੀ।ਵੇਲਿ–ਇਸਤ੍ਰੀ। ਜੋਹਹਿ–ਤੱਕਦਾ ਹੈ।ਹੰਸੁ–ਜੀਵਾਤਮਾ।ਛੁਟੜਿ–ਪਤੀ ਦੀ ਛੱਡੀ ਹੋਈ ਇਸਤ੍ਰੀ।੨।ਸੁਪਨੰਤਰਿ–ਸੁਫਨੇ ਵਿਚ; ਬੇ ਪ੍ਰਵਾਹ।ਜਾ ਕਿਛੁ–ਜੋ ਕੁਛ।ਲੀਆ–ਲਿਆ; ਲਿਆਂਦਾ।ਭਲਾ ਭਾਇਆ–ਚੰਗਾ ਲੱਗਾ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਢੋਈ–ਆਸਰਾ। ਅਹਿਲਾ–ਨਿਸਫਲ; ਦੁਲੱਭ।੩।ਖਰੀ–ਬਹੁਤ।ਦੁਹੇਲੀ–ਦੁਖੀ।੧।ਰਹਾਉ।ਤਾਜੀ–ਅਰਬੀ ਘੋੜੇ।ਤੁਰਕੀ–ਤੁਰਕ ਦੇਸ਼ ਦੇ।ਸੁਇਨਾ–ਸੋਨਾ।ਰੁਪਾ–ਚਾਂਦੀ।ਕੇਰੇ–ਦੇ।ਭਾਰਾ–ਪੰਡਾਂ; ਅੰਬਾਰ।ਝੜਿ ਝੜਿ–ਝੜ ਝੜ ਕੇ; ਪਿੱਛੇ ਰਹਿ ਗਏ।ਗਵਾਰਾ–ਮੂਰਖ।ਕੂਜਾ–ਕੁੱਜੇ ਵਿਚ ਬਣਾਈ ਹੋਈ ਮਿਸਰੀ।ਮੇਵਾ–ਮਿੱਠੇ ਫਲ; ਦਾਖਾਂ।ਚਾਖਿਆ–ਖਾਧਾ।੪।ਨੀਵ–ਨੀਂਹ।ਦਿਵਾਲ–ਦਿਵਾਰ (ਕੰਧ)।ਭਸਮੰਦਰ–ਸੁਆਹ ਦਾ ਮਕਾਨ।ਸੰਚੇ–ਇਕੱਠੀ ਕਰਦਾ ਹੈ।ਸੰਚਿ–ਇਕੱਠੀ ਕਰ ਕੇ।ਅੰਧੁ–ਅਗਿਆਨੀ।ਮਾੜੀ–ਉਚੇ ਮਹਿਲ।ਸੰਪੈ–ਸੰਪਦਾ; ਮਾਇਆ।ਕੇਰੀ–ਦੀ।੫।ਠਾਕੁਰੁ–ਮਾਲਕ ਪ੍ਰਭੂ।ਭਾਰਾ–ਵੱਡਾ।ਵਣਜਾਰੇ–ਵਪਾਰੀ।ਜੀਉ–ਜਿੰਦ।ਪਿੰਡੁ–ਸਰੀਰ।ਰਾਸਿ–ਪੂੰਜੀ।੬।੧।੧੩।

ਗਉੜੀ ਚੇਤੀ ਮਹਲਾ ੧ ॥ ਅਵਰਿ ਪੰਚ ਹਮ ਏਕ ਜਨਾ, ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ, ਕਿਸੁ ਆਗੈ ਕਰੀ ਪੁਕਾਰ ਜਨਾ ॥੧॥(ਜੀਵ ਰੂਪ ਇਸਤ੍ਰੀ ਆਖਦੀ ਹੈ, ਮੇਰੇ ਮੁਕਾਬਲੇ ਤੇ) ਹੋਰ ਕਾਮਾਦਿਕ ਵੈਰੀ ਪੰਜ ਹਨ ਤੇ ਮੈਂ ਇਕੱਲੀ ਜਣੀ ਹਾਂ, ਹੇ ਮੇਰੇ ਮਨਾ! (ਇਨ੍ਹਾਂ ਲੁਟੇਰਿਆਂ ਤੋਂ ਮੈਂ ਅਪਣੇ) ਘਰ ਦੀ ਸੰਪਤੀ ਕਿਵੇਂ ਬਚਾ ਕੇ ਰੱਖਾਂ?।(ਇਹ ਪੰਜੇ ਲੁਟੇਰੇ ਮੈਨੂੰ) ਹਰ ਰੋਜ ਕੁੱਟਦੇ ਹਨ ਤੇ (ਸ਼ੁੱਭ ਗੁਣਾਂ ਦੀ ਪੂੰਜੀ) ਲੁੱਟਦੇ ਹਨ, (ਇਨ੍ਹਾਂ ਤੋਂ ਬਚਣ ਲਈ) ਮੈਂ ਇਕੱਲੀ ਜਣੀ ਕਿਸ ਅੱਗੇ ਪੁਕਾਰ ਕਰਾਂ ;ਹੇ ਭਾਈ ਜਨੋਂ! ਕਿਸ ਅੱਗੇ ਮੈਂ ਪੁਕਾਰ ਕਰਾਂ? (ਜੇ ਬਾਹਰੋਂ ਮਾਰਦੇ ਲੁੱਟਦੇ ਹੋਣ ਤਾਂ ਕੋਈ ਮਨੁੱਖ ਪੁਕਾਰ ਕਰਨ ਤੇ ਮੱਦਤ ਕਰ ਸਕਦਾ ਹੈ, ਪਰ ਇਹ ਪੰਜੇ ਕਾਮ ਆਦਿਕ ਅੰਦਰੋਂ ਲੁਟਦੇ ਹਨ।ਗੁਰੂ ਜੀ ਸਿੱਖਿਆ ਦੇਂਦੇ ਹਨ ਕਿ ਇਨ੍ਹਾਂ ਤੋਂ ਰੱਖਿਆ ਨਾਮ ਸਿਮਰਨ ਦੁਆਰਾ ਹੋ ਸਕਦੀ ਹੈ)।

ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥੧॥ਰਹਾਉ॥ ਹੇ ਮਨਾ! ਵਾਹਿਗੁਰੂ ਦੇ ਨਾਮ ਦਾ ਉਚਾਰਣ ਕਰ।ਅੱਗੇ ਜਮਾਂ ਦਾ ਬਹੁਤ ਕਰੜਾ ਦਲ ਹੈ ਭਾਵ ਮੌਤ ਨੇੜੇ ਹੈ।੧।ਰਹਾਉ।

ਉਸਾਰਿ ਮੜੋਲੀ ਰਾਖੈ ਦੁਆਰਾ, ਭੀਤਰਿ ਬੈਠੀ ਸਾਧਨਾ ॥ ਅੰਮ੍ਰਿਤ ਕੇਲ ਕਰੇ ਨਿਤ ਕਾਮਣਿ, ਅਵਰਿ ਲੁਟੇਨਿ ਸੁ ਪੰਚ ਜਨਾ ॥੨॥ (ਹਰੀ ਨੇ ਸਰੀਰ ਰੂਪ) ਮਿੱਟੀ ਦੀ ਕੋਠੜੀ ਬਣਾ ਕੇ ਨੌ ਦੁਆਰੇ ਰੱਖ ਦਿਤੇ ਹਨ (ਤੇ ਇਸਦੇ) ਅੰਦਰ ਜੀਵ ਰੂਪ ਇਸਤ੍ਰੀ ਬੈਠੀ ਹੈ।ਇਹ ਜੀਵ ਰੂਪ ਇਸਤ੍ਰੀ (ਕੱਚੇ ਕੋਠੇ ਵਿਚ ਬੈਠੀ ਹੋਈ ਅਪਣੇ ਆਪ ਨੂੰ) ਅਮਰ ਜਾਣ ਕੇ ਨਿਤ ਖੇਡਾਂ ਤਮਾਸ਼ੇ ਕਰਦੀ ਰਹਿੰਦੀ ਹੈ ਅਤੇ ਹੋਰ ਉਹ ਪੰਜ ਜਣੇ (ਕਾਮ ਕ੍ਰੋਧ ਆਦਿ ਲੁਟੇਰੇ ਅਗਿਆਨਤਾ ਦੇ ਹਨ੍ਹੇਰੇ ਵਿਚ ਇਸ ਦੀ ਸ਼ੁੱਭ ਗੁਣਾਂ ਦੀ ਪੂੰਜੀ) ਲੁੱਟਦੇ ਰਹਿੰਦੇ ਹਨ।੨।

ਢਾਹਿ ਮੜੋਲੀ ਲੂਟਿਆ ਦੇਹੁਰਾ, ਸਾਧਨ ਪਕੜੀ ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ, ਭਾਗਿ ਗਏ ਸੇ ਪੰਚ ਜਨਾ ॥੩॥ (ਅੰਤ ਵੇਲੇ ਜਮਾਂ ਦੇ ਦਲ ਨੇ ਆਕੇ ਸਰੀਰ ਰੂਪ) ਕੋਠਾ ਢਾਹ ਕੇ ਸੂਖਮ ਸਰੀਰ ਲੁੱਟ ਲਿਆ (ਜਾਨ ਕੱਢ ਲਈ), ਅੰਦਰੋਂ ਜੀਵ ਰੂਪ ਇਸਤ੍ਰੀ ਇਕੱਲੀ ਪਕੜੀ ਗਈ (ਜੋ ਆਪ ਨੂੰ ਅਮਰ ਜਾਣੀ ਬੈਠੀ ਸੀ।ਅੰਤ) ਜਮਾਂ ਦਾ ਡੰਡਾ (ਸਿਰ ਤੇ) ਵੱਜਿਆ ਤੇ ਗਲ ਵਿਚ ਸੰਗਲ ਪੈ ਗਿਆ, ਉਹ ਪੰਜ ਜਣੇ (ਕਾਮ ਕ੍ਰੋਧ ਆਦਿਕ ਉਸ ਵੇਲੇ) ਦੌੜ ਗਏ (ਜੋ ਮਨੁੱਖ ਨੂੰ ਲੁੱਟਦੇ ਸਨ, ਪਰ ਅੰਤ ਸਮੇਂ ਸਾਥ ਛੱਡ ਗਏ) ।੩।

ਕਾਮਣਿ ਲੋੜੈ ਸੁਇਨਾ ਰੁਪਾ, ਮਿਤ੍ਰ ਲੁੜੇਨਿ ਸੁ ਖਾਧਾਤਾ ॥ ਨਾਨਕ ਪਾਪ ਕਰੇ ਤਿਨ ਕਾਰਣਿ, ਜਾਸੀ ਜਮ ਪੁਰਿ ਬਾਧਾਤਾ ॥੪॥੨॥੧੪॥ (ਮਨੁੱਖ ਤੋਂ) ਇਸਤ੍ਰੀ ਸੋਨਾ ਚਾਂਦੀ ਮੰਗਦੀ ਹੈ ਤੇ ਮਿਤ੍ਰ ਚੰਗੇ ਪਦਾਰਥ ਖਾਣਾ ਚਾਹੁੰਦੇ ਹਨ (ਖਾਣ ਤਕ ਹੀ ਮਿਤ੍ਰਤਾ ਹੈ, ਜਦ ਖਾਣ ਨੂੰ ਨਾ ਮਿਲੇ, ਫਿਰ ਨਹੀਂ ਪਸੰਦ ਕਰਦੇ)।ਗੁਰੂ ਜੀ ਆਖਦੇ ਹਨ ਕਿ ਉਨ੍ਹਾਂ (ਇਸਤ੍ਰੀ ਦੇ ਸੋਨੇ ਚਾਂਦੀ ਤੇ ਮਿੱਤ੍ਰਾਂ ਨੂੰ ਖੁਆਉਣ) ਵਾਸਤੇ ਪਾਪ

ਕਰਦਾ ਹੈ, (ਪਾਪਾਂ ਦੇ ਕਾਰਣ ਜਮਾਂ ਦਾ) ਬੱਧਾ ਹੋਇਆ ਜਮ ਪੁਰੀ (ਨਰਕਾਂ) ਨੂੰ ਜਾਵੇਗਾ।੪।੨।੧੪।

ਪਦਾਰਥ = ਅਵਰਿ–ਹੋਰ (ਵੈਰੀ)।ਪੰਚ–ਪੰਜ ਕਾਮ ਕ੍ਰੋਧ ਆਦਿਕ।ਹਮ–ਮੈਂ।ਏਕ ਜਨਾ–ਇਕ ਜਣਾ ਭਾਵ ਇਕੱਲਾ ਬੰਦਾ।ਰਾਖਉ–ਬਚਾ ਕੇ ਰੱਖਾਂ।ਘਰ ਬਾਰੁ–ਘਰ ਦੀ ਸੰਪਤੀ (ਮ.ਕੋ); ਸ਼ੁੱਭ ਗੁਣਾਂ ਦੀ ਦੌਲਤ।ਮਨਾ–ਹੇ ਮਨ!।ਨੀਤ ਨੀਤ–ਹਰ ਰੋਜ; ਸਦਾ।ਜਨਾ–ਹੇ ਭਾਈ ਜਨੋਂ; (ਮੈਂ ਇਕੱਲਾ) ਮਨੁੱਖ।੧।ਉਚਰੁ–ਬੋਲ; ਸਿਮਰ।ਆਗੈ–ਸਾਮ੍ਹਣੇ; ਆਉਣ ਵਾਲੇ ਸਮੇਂ ਵਿਚ।ਬਿਖਮੁ–ਕਠਨ; ਡਰਾਉਣਾ ;ਭਿਆਨਕ; ਦੁਖਦਾਈ।ਘਨਾ–ਬਹੁਤ।੧।ਰਹਾਉ।ਉਸਾਰਿ–ਉਸਾਰ (ਬਣਾ) ਕੇ।ਮੜੋਲੀ–ਮੱਠ; ਕੱਚਾ ਕੋਠਾ (ਸਰੀਰ)।ਦੁਆਰਾ–ਨੌ ਦਰਵਾਜੇ (ਦੋ ਕੰਨ, ਦੋ ਨੱਕ, ਦੋ ਅੱਖਾਂ, ਲਿੰਗ, ਗੁਦਾ ਤੇ ਮੂੰਹ)।ਭੀਤਰਿ–ਅੰਦਰ।ਸਾਧਨਾ–(ਜੀਵ ਰੂਪ) ਇਸਤ੍ਰੀ।ਅੰਮ੍ਰਿਤ–ਅਮਰ ਸਮਝਣ ਵਾਲੀ।ਕੇਲ–ਖੇਡਾਂ ਤਮਾਸ਼ੇ।ਕਾਮਣਿ–(ਜੀਵ ਰੂਪ) ਇਸਤ੍ਰੀ।ਲੁਟੇਨਿ–ਲੁੱਟਦੇ ਹਨ।ਸੁ–ਉਹ।ਪੰਚ ਜਨਾ–(ਕਾਮਾਦਿਕ) ਪੰਜ ਜਣੇ।੨।ਦੇਹੁਰਾ–ਸੂਖਮ ਸਰੀਰ; ਘਰ ਦਾ ਸਾਰ ਸਮਾਨ; ਡੇਰਾ।ਪੜਿਆ–ਪੈ ਗਿਆ।ਭਾਗਿ ਗਏ–ਦੌੜ ਗਏ।੩।ਲੋੜੈ–ਚਾਹੁੰਦੀ ਹੈ। ਸੁ ਖਾਧਾਤਾ–ਚੰਗਾ ਖਾਣ ਤਕ।ਤਿਨ ਕਾਰਣਿ–ਉਨ੍ਹਾਂ ਖਾਤਰ।ਜਮ ਪੁਰਿ–ਜਮਾਂ ਦੀ ਪੁਰੀ (ਨਰਕ)।ਬਾਧਾ–ਬੰਨ੍ਹਿਆ ਹੋਇਆ।੪।੨।੧੪।

ਮਾਰਹਿ = ਕਾਮੀ ਬੰਦੇ ਨੂੰ ਕਾਮ ਮਾਰਦਾ ਹੈ, ਕ੍ਰੋਧੀ ਨੂੰ ਕ੍ਰੋਧ ਮਾਰਦਾ {ਕਾਮੁ ਕ੍ਰੋਧੁ ਕਾਇਆ ਕਉ ਗਾਲੈ ੯੩੨}।

ਵਿਆਖਿਆ = ਇਸ ਸ਼ਬਦ ਵਿਚ ਜੀਵਨ ਤੇ ਮੌਤ ਦੀਆਂ ਚਾਰ ਅਵਸਥਾਂ ਦੱਸੀਆਂ ਹਨ।ਪਹਿਲੀ ਮੂੜ੍ਹ ਅਵਸਥਾ, ਜੋ ਮੌਤ ਦੇ ਖਿਆਲ ਤੋਂ ਬੇ ਖਬਰ ਰਹਿ ਕੇ ਪੰਜ ਕਾਮਾਦਿਕਾਂ ਦੇ ਵਸ ਵਿਚ ਸਰੀਰਕ ਭੋਗਾਂ ਦਾ ਜੀਵਨ ਬਤੀਤ ਕਰਦਾ ਹੈ।ਅਜੇਹਾ ਜੀਵਨ '**ਅੰਮ੍ਰਿਤ ਕੇਲ ਕਰੇ ਨਿਤ ਕਾਮਣਿ**' ਵਾਲੀ ਤੁਕ ਵਿਚ ਦਸਿਆ ਹੈ।ਦੂਜੀ ਜਾਗ ਖੁਲ੍ਹਣ ਦੀ ਅਵਸਥਾ, ਜਦ ਸੋਝੀ ਹੁੰਦੀ ਹੈ ਕਿ ਕਾਮਾਦਿਕ ਸੱਜਣ ਨਹੀਂ, ਬੈਰੀ ਹਨ ਤੇ ਮੇਰੇ ਸ਼ੁੱਭ ਗੁਣਾਂ ਨੂੰ ਲੁੱਟ ਰਹੇ ਹਨ।ਤੀਜੀ ਅਵਸਥਾ ਵਿਚ ਜਾਗ ਵੇਲੇ ਕਾਮਾਦਿਕਾਂ ਤੋਂ ਬਚਣ ਦਾ ਜਤਨ ਲੱਭਦਾ ਹੈ।ਜਤਨ ਦੋ ਤਰ੍ਹਾਂ ਦਾ ਹੈ, ਮੇਰਾ ਜਤਨ ਕੀ ਹੋਵੇ ਤੇ ਬਾਹਰੋਂ ਕਿਸ ਦੀ ਮੱਦਤ ਮਿਲੇ।ਇਹ ਜਤਨ '**ਕਿਉ ਰਾਖਉ ਘਰ ਬਾਰੁ ਮਨਾ**' ਤੇ '**ਕਿਸੁ ਆਗੈ ਕਰੀ ਪੁਕਾਰ ਜਨਾ**' ਵਾਲੀ ਤੁਕਾਂ ਵਿਚ ਕਥਨ ਕੀਤਾ ਹੈ।ਜਾਗ ਸਮੇਂ ਗੁਰੂ ਦੇ ਉਪਦੇਸ਼, ਕਥਾ ਵਖਿਆਨ ਜਾਂ ਕਿਸੇ ਪੋਥੀ ਦੇ ਪਾਠ ਤੋਂ ਗਿਆਨ ਮਿਲਦਾ ਹੈ ਕਿ ਅਸਲੀ ਉਪਾਉ ਸਿਮਰਣ ਹੈ, '**ਸ੍ਰੀ ਰਾਮ ਨਾਮਾ ਉਚਰੁ ਮਨਾ**'।ਚੌਥੀ ਅਵਸਥਾ ਕਾਮਾਦਿਕਾਂ ਤੋਂ ਸਭ ਕੁਛ ਲੁਟਾ ਕੇ ਸ਼ੁਭ ਕਰਮਾਂ ਤੋਂ ਖਾਲੀ ਅੰਤ ਜਮਾਂ ਦਾ ਬੰਨ੍ਹਿਆ ਹੋਇਆ ਨਰਕਾਂ ਨੂੰ ਜਾਂਦਾ ਹੈ।ਇਸ ਪ੍ਰਕਾਰ ਦੇ ਬੁਰੇ ਜੀਵਨ ਦਾ ਕਾਰਣ ਮਾਇਆ ਦਸਿਆ ਹੈ, ਜੋ ਪ੍ਰਵਾਰ ਤੇ ਮਿੱਤ੍ਰਾਂ ਲਈ ਪਾਪ ਕਰਕੇ ਇੱਕੱਠੀ ਕਰਦਾ ਹੈ।ਅਮਰ ਜੀਵਨ ਨਾਮ ਸਿਮਰਨ ਕਰਕੇ ਮਿਲਦਾ ਹੈ।

ਉਥਾਨਕਾ = ਇਕ ਰਾਵਲ ਫਿਰਕੇ ਦਾ ਜੋਗੀ ਆ ਕੇ ਕਹਿਣ ਲੱਗਾ ਕਿ ਮੈਨੂੰ ਜੋਗ ਤੋਂ ਬੜਾ ਅਨੰਦ ਮਿਲਿਆ ਹੈ, ਆਪ ਜੀ ਵੀ ਜੋਗੀ ਬਣ ਜਾਓ।ਗੁਰੂ ਜੀ ਜੋਗੀ ਨੂੰ ਇਸ ਸ਼ਬਦ ਵਿਚ ਅਸਲ ਜੋਗ ਧਾਰਣ ਕਰਨ ਦੀ ਸਿੱਖਿਆ ਦੇਂਦੇ ਹਨ।

**ਗਉੜੀ ਚੇਤੀ ਮਹਲਾ ੧ ॥ ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ, ਕਾਂਇਆ ਕੀਜੈ ਖਿੰਥਾਤਾ ॥ ਪੰਚ ਚੇਲੇ ਵਸਿ ਕੀਜਹਿ ਰਾਵਲ, ਇਹੁ ਮਨੁ ਕੀਜੈ ਡੰਡਾਤਾ ॥੧॥** ਅਸਲ ਮੁੰਦਰਾਂ ਉਹ ਹਨ ਜੋ ਹਿਰਦੇ ਅੰਦਰ ਮੁੰਦ੍ਰਾਂ ਹੋਣ; (ਅਸਲ) ਕੁੰਡਲ ਉਹ ਹਨ, ਜੋ ਸਰੀਰ ਦੇ ਅੰਦਰ ਦੀਆਂ (ਮੰਦੀਆਂ ਵਾਸ਼ਨਾਵਾਂ ਨੂੰ) ਰੋਕ ਲੈਣਾ ਹੈ ਅਤੇ ਸਰੀਰ ਨੂੰ (ਨਾਸ਼ਵੰਤ ਸਮਝਣਾ) ਖਫਣੀ ਬਣਾਉਣੀ ਚਾਹੀਦੀ ਹੈ।ਹੇ ਜੋਗੀ! ਪੰਜਾਂ ਗਿਆਨ ਇੰਦਰਿਆਂ ਜਾਂ ਕਾਮਾਦਿਕਾਂ ਨੂੰ ਅਪਣੇ ਵਸ ਵਿਚ ਕਰਨਾ ਚੇਲੇ ਬਣਾਉਣੇ ਚਾਹੀਦੇ ਹਨ ਅਤੇ ਇਸ ਮਨ ਨੂੰ ਡੰਡਾ ਬਣਾਉਣਾ ਚਾਹੀਦਾ ਹੈ।੧।

**ਜੋਗ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ, ਕੰਦ ਮੂਲਿ ਮਨੁ ਲਾਵਸਿਤਾ ॥੧॥ਰਹਾਉ॥** ਇਸ ਤਰ੍ਹਾਂ (ਅਸਲੀ) ਜੋਗ ਕਮਾਉਣ ਦਾ ਤਰੀਕਾ ਪਾ ਲਵੇਂਗਾ।ਇਕ ਬ੍ਰਹਮ ਹੈ, (ਵਾਹਿਗੁਰੂ ਤੋਂ ਬਿਨਾ) ਦੂਜਾ ਹੋਰ ਕੋਈ ਨਹੀਂ, (ਅਜੇਹਾ ਅਨੁਭਵ ਹੋਣਾ) ਕੰਦ ਮੂਲ ਦੇ ਖਾਣ ਵਿਚ ਮਨ ਨੂੰ ਲਾਉਣਾ ਹੈ; ਜੇ ਮਨ ਨੂੰ ਹਰੀ ਵਿਚ ਜੋੜੇਂਗਾ, ਇਹੋ ਕੰਦ ਮੂਲ ਖਾਣਾ ਸਮਝ (ਟਕਸਾਲ)।੧। ਰਹਾਉ।

**ਮੂੰਡਿ ਮੁੰਡਾਇਐ ਜੇ ਗੁਰੁ ਪਾਈਐ, ਹਮ ਗੁਰੁ ਕੀਨੀ ਗੰਗਾਤਾ ॥ ਤ੍ਰਿਭਵਣ ਤਾਰਣਹਾਰੁ ਸੁਆਮੀ, ਏਕੁ ਨ ਚੇਤਸਿ ਅੰਧਾਤਾ ॥੨॥** (ਗੰਗਾ ਦੇ ਕੰਢੇ ਤੇ ਜਾ ਕੇ) ਸਿਰ ਮੁਨਾਉਣ ਨਾਲ ਜੇ ਗੁਰੂ ਪ੍ਰਾਪਤ ਕਰੀਏ (ਤਾਂ ਕੋਈ ਮੁਕਤ ਨਹੀਂ ਹੁੰਦਾ), ਅਸੀਂ ਤਾਂ ਗੁਰੂ ਨੂੰ ਹੀ ਗੰਗਾ ਬਣਾਇਆ ਹੈ (ਜੋ ਮੁਕਤ ਕਰਨ ਦੇ ਸਮਰੱਥ ਹੈ।ਬਹੁਤੇ ਤੀਰਥ ਗੰਗਾ ਦੇ ਕਿਨਾਰਿਆਂ ਤੇ ਹਨ, ਜਿਥੇ ਲੋਕ ਜਾ ਕੇ ਸਿਰ ਮੁਨਾ ਕੇ ਗੁਰੂ ਧਾਰਦੇ ਹਨ)।ਤਿੰਨਾਂ ਭਵਨਾਂ (ਸਾਰੇ ਸੰਸਾਰ) ਦੇ ਤਾਰਨ ਵਾਲੇ ਇਕ ਮਾਲਕ ਨੂੰ ਅਗਿਆਨੀ ਜੋਗੀ ਯਾਦ ਨਹੀਂ ਕਰਦਾ।੨।

**ਕਰਿ ਪਟੰਬੁ ਗਲੀ ਮਨੁ ਲਾਵਸਿ, ਸੰਸਾ ਮੂਲਿ ਨ ਜਾਵਸਿਤਾ ॥** (ਹੇ ਜੋਗੀ!) ਪਖੰਡ ਕਰਕੇ ਲੋਕਾਂ ਦਾ ਮਨ ਗੱਲਾਂ ਵਿਚ ਲਾਉਂਦਾ ਹੈਂ, ਇਉਂ (ਤੇਰੇ ਮਨ ਦਾ ਤੇ ਲੋਕਾਂ ਦੇ ਮਨ ਦਾ) ਸੰਸਾ ਉਕਾ ਹੀ ਦੂਰ ਨਹੀਂ ਹੁੰਦਾ।

ਅੰਗ ੧੫੬ = **ਏਕਸੁ ਚਰਣੀ ਜੇ ਚਿਤੁ ਲਾਵਹਿ, ਲਬਿ ਲੋਭਿ ਕੀ ਧਾਵਸਿਤਾ ॥੩॥** (ਪਰ ਤੂੰ) ਜੇ ਇਕ ਪ੍ਰਮਾਤਮਾ ਦੇ ਚਰਣਾਂ ਵਿਚ ਚਿਤ ਨੂੰ ਲਗਾ ਲਵੇਂ ਤਾਂ ਖਾਣ ਦੇ ਲਾਲਚ ਤੇ ਧਨ ਦੇ ਲੋਭ ਵਿਚ ਤੂੰ ਕਿਉਂ ਦੌੜਦਾ ਫਿਰੇਂ? ਭਾਵ ਭਟਕਣਾ ਮੁੱਕ ਜਾਵੇ।੩।

**ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ਰਹਾਉ॥** ਮਾਇਆ ਰਹਿਤ ਪ੍ਰਭੂ ਨੂੰ ਮਨ ਜੋੜ ਕੇ ਜਪ।ਹੇ

ਜੋਗੀ! ਐਵੇਂ ਬਹੁਤ ਕਪਟ ਧਾਰ ਕੇ ਕਿਉਂ ਬੋਲਦਾ ਹੈਂ?।ਰਹਾਉ।

ਕਾਇਆ ਕਮਲੀ ਹੰਸੁ ਇਆਣਾ, ਮੇਰੀ ਮੇਰੀ ਕਰਤ ਬਿਹਾਣੀਤਾ ॥ ਪ੍ਰਣਵਤਿ ਨਾਨਕੁ ਨਾਗੀ ਦਾਝੈ, ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫ ॥ ਦੇਹ ਝੱਲੀ ਹੈ ਅਤੇ ਜੀਵ ਬੇ ਸਮਝ ਹੈ (ਦੋਵੇਂ ਇਕੋ ਜਿਹੇ ਮਿਲ ਗਏ), ਮੇਰੀ ਮੇਰੀ ਕਰਦਿਆਂ ਸਾਰੀ ਉਮਰ ਲੰਘ ਜਾਂਦੀ ਹੈ।(ਇਹ ਸਮਝਦੇ ਨਹੀਂ ਕਿ ਮੇਰਾ ਤਾਂ ਕੁਛ ਵੀ ਨਹੀਂ) ਗੁਰੂ ਜੀ ਕਥਨ ਕਰਦੇ ਹਨ ਕਿ (ਅੰਤ ਸਮੇਂ ਜਦ) ਦੇਹ ਅੱਗ ਵਿਚ ਨੰਗੀ ਸੜਦੀ ਹੈ ਤਾਂ (ਜੀਵਾਤਮਾ ਦੇਖ ਕੇ) ਫਿਰ ਪਿਛੋਂ ਪਛਤਾਉਂਦਾ ਹੈ (ਕਿ ਦੇਹ ਨਾਲ ਮਿਲ ਕੇ ਮੈਂ ਖੁਆਰ ਹੋਇਆ)।੪।੩।੧੫।

ਪਦਾਰਥ = ਮੁੰਦ੍ਰਾ–ਜੋਗੀਆਂ ਦੇ ਕੰਨਾਂ ਦੇ ਕੁੰਡਲ।ਤੇ–ਉਹ।ਘਟ ਭੀਤਰਿ–ਹਿਰਦੇ ਵਿਚ।ਮੁੰਦ੍ਰਾ (ਮੰਦੀਆਂ ਵਾਸ਼ਨਾਵਾਂ ਨੂੰ) ਰੋਕਣ ਦੀ ਕਿਰਿਆ (ਮ. ਕੋ; ਟਕਸਾਲ; ਸੰ. ਸ.)।ਕਾਂਇਆ–ਸਰੀਰ।ਖਿੰਥਾਤਾ–ਖਫਣੀ; ਗੋਦੜੀ।ਪੰਚ ਚੇਲੇ–ਪੰਜ ਗਿਆਨ ਇੰਦ੍ਰੇ (ਕੰਨ ਖਲੜੀ ਅੱਖ ਜੀਭ ਤੇ ਨੱਕ); ਪੰਜ ਕਾਮਾਦਿਕ।ਵਸਿ–ਕਾਬੂ ਵਿਚ।ਕੀਜਹਿ–ਕਰਨੇ ਚਾਹੀਦੇ ਹਨ।ਰਾਵਲ–ਹੇ ਜੋਗੀ!।ਡੰਡਾਤਾ–ਡੰਡਾ (ਜੋ ਜੋਗੀ ਹੱਥ ਵਿਚ ਰਖਦੇ ਹਨ); ਮਨ ਨੂੰ ਡੰਡੇ ਵਾਂਗ ਸਿੱਧਾ ਰਖਣਾ।੧।ਜੋਗ ਜੁਗਤਿ–ਜੋਗ ਕਮਾਉਣ ਦਾ ਤਰੀਕਾ।ਇਵ–ਇਸ ਤਰ੍ਹਾਂ।ਪਾਵਸਿਤਾ –ਤੂੰ ਪਾ ਲਵੇਂਗਾ।ਸਬਦੁ–ਬ੍ਰਹਮ (ਵਾਹਿਗੁਰੂ)।ਨਾਸਤਿ–ਨਹੀਂ ਹੈ।ਕੰਦ–ਫਲ।ਮੂਲਿ–ਮਿੱਟੀ ਵਿਚ ਪੈਦਾ ਹੋਣ ਵਾਲੇ ਪਦਾਰਥ (ਗਾਜਰ ਮੂਲੀ ਆਦਿ) (ਕੰਦ ਮੂਲਿ ਪਹਾੜਾਂ ਦੇ ਪਾਣੀ ਵਿਚ ਹੋਣ ਵਾਲਾ ਇਕ ਫਲ ਹੈ ਜੋ ਸਾਧੂ ਖਾਂਦੇ ਹਨ)।ਲਾਵਸਿਤਾ–ਲਾ ਲਵੇਂਗਾ (ਲਾਉਣਾ ਹੈ)।੧।ਰਹਾਉ।ਮੂੰਡਿ–ਸਿਰ।ਮੁੰਡਾਇਐ–ਮੁਨਾਉਣ ਨਾਲ।ਕੀਨੀ–ਕੀਤੀ; ਬਣਾਇਆ।ਗੰਗਾਤਾ–ਗੰਗਾ।ਤ੍ਰਿਭਵਣ–ਤਿੰਨ ਭਵਨ (ਸਾਰਾ ਸੰਸਾਰ)।ਚੇਤਸਿ–ਸਿਮਰਦਾ।ਅੰਧਾਤਾ–ਅੰਨ੍ਹਾ (ਅਗਿਆਨੀ)।੨।ਪਟੰਬੁ–ਪਖੰਡ; ਠੱਗੀ।ਕਰਿ ਪਟੰਬੁ–ਕਰਿ+ਪੁਟ+ ਅੰਬ–ਚੁਲੀ ਵਿਚ ਪਾਣੀ ਲੈ ਕੇ (ਮ. ਕੋ.)।ਗਲੀ–ਗੱਲਾਂ ਵਿਚ।ਲਾਵਸਿ–ਲਾਉਂਦਾ ਹੈਂ।ਸੰਸਾ–ਭਰਮ।ਮੂਲਿ–ਉਕਾ ਹੀ।ਏਕਸੁ–ਇਕ ਵਾਹਿਗੁਰੂ।ਕੀ–ਕਿਉਂ।ਧਾਵਸਿਤਾ–ਦੌੜਦਾ ਹੈਂ।੩।ਜਪਸਿ–ਸਿਮਰ।ਰਚਸਿ–ਜੋੜ ਕੇ; ਰਚਾ ਕੇ।ਕਾਹੇ–ਕਿਉਂ।ਕਪਟੁ–ਠੱਗੀ; ਫਰੇਬ। ਘਨਾ–ਬਹੁਤਾ।੧।ਰਹਾਉ।ਕਮਲੀ–ਸੁਦੈਣ।ਹੰਸੁ–ਜੀਵਾਤਮਾ।ਇਆਣਾ–ਬੇ ਸਮਝ।ਬਿਹਾਣੀਤਾ–ਬੀਤ ਜਾਂਦੀ ਹੈ।ਪ੍ਰਣਵਤਿ–ਸ਼ਰਧਾ ਵਾਨ; ਸਤਕਾਰ ਨਾਲ ਆਖਦਾ ਹੈ; ਸਿਰ ਝੁਕਾ ਕੇ ਕਹਿੰਦਾ ਹੈ।ਨਾਗੀ–ਨੰਗੀ।ਦਾਝੈ–ਸੜਦੀ ਹੈ।ਪਾਛੈ–ਸਮਾਂ ਬੀਤ ਜਾਣ ਤੋਂ; ਪਿੱਛੋਂ। ਪਛੁਤਾਣੀਤਾ–ਪਛਤਾਉਂਦਾ ਹੈ।੪।੩।੧੫।

ਮੁੰਦ੍ਰਾ = ਗੋਰਖ ਦੇ ਚੇਲੇ ਬੜੇ ਬੜੇ ਰਾਜੇ ਬਣੇ, ਕਈ ਰਾਜੇ ਫਿਰ ਵਾਪਸ ਘਰ ਚਲੇ ਜਾਂਦੇ।ਗੋਰਖ ਫਿਰ ਕੰਨ ਪਾੜ ਕੇ ਚੇਲਿਆਂ ਦੇ ਮੰਦ੍ਰਾਂ ਪਾਉਣ ਲਗ ਗਿਆ ਤਾਂ ਕਿ ਸ਼ਰਮ ਦੇ ਮਾਰੇ ਘਰ ਨੂੰ ਵਾਪਸ ਨਾ ਜਾਣ।ਫਿਰ ਮੁੰਦ੍ਰਾਂ ਜੋਗੀਆਂ ਦੇ ਭੇਖ ਦਾ ਚਿੰਨ੍ਹ ਬਣ ਗਿਆ (ਟਕਸਾਲ)।

ਗੰਗਾਤਾ = ਜੇ ਮੂੰਹ ਸਿਰ ਮੁਨਾਇਆਂ ਗੁਰੂ ਪ੍ਰਾਪਤ ਹੁੰਦਾ ਮੰਨ ਲਈਏ ਤਾਂ ਅਸੀ ਸਾਰੇ ਲੋਕਾਂ ਨੇ ਗੰਗਾ ਨੂੰ ਹੀ ਗੁਰੂ ਕੀਤਾ ਹੋਣਾ ਸੀ (ਜਿਵੇਂ ਮਾਂ ਬਾਪ ਦੇ ਮਰਨ ਤੇ ਲੋਕ ਗੰਗਾ ਵਿਚ ਅਸਥੀਆਂ ਪਾਉਣ ਸਮੇਂ ਮੂੰਹ ਸਿਰ ਮੁਨਾ ਲੈਂਦੇ ਹਨ।ਇਸ ਤਰ੍ਹਾਂ ਤਾਂ ਸਭ ਦਾ ਗੁਰੂ ਗੰਗਾ ਹੋ ਗਿਆ।ਮੂੰਹ ਸਿਰ ਮੁਨਾਇਆਂ ਤੇ ਗੰਗਾ ਨੂੰ ਗੁਰੂ ਬਣਾਇਆਂ ਮੁਕਤੀ ਨਹੀਂ ਮਿਲਦੀ। (ਸੰਪ੍ਰਦਾਵਾਂ ਨੇ ਅਜੇਹਾ ਹੀ ਅਰਥ ਕੀਤਾ ਹੈ)।

ਕਰਿ ਪਟੰਬੁ = ੧. ਚੁਲੀ ਵਿਚ ਪਾਣੀ ਲੈ ਕੇ ਗੱਲਾਂ ਵਿਚ ਮਨ ਲਾਉਂਦਾ ਹੈਂ ਭਾਵ ਦੇਵਤਾ ਤੇ ਪਿੱਤਰਾਂ ਨੂੰ ਜਲ ਦਾਨ ਕਰਨ ਸਮੇਂ ਸੰਧਜਾ ਦੇ ਵੇਲੇ ਵੀ ਮਨ ਸ਼ਾਂਤ ਨਹੀਂ ਕਰਦਾ (ਮ.ਕੋ.)।੨. ਤੂੰ ਪਖੰਡ ਰਚਦਾ ਹੈਂ ਅਤੇ ਨਿਰੀਆਂ ਮੂੰਹ ਜਬਾਨੀ ਗੱਲਾਂ ਨਾਲ ਅਪਣੇ ਮਨ ਨੂੰ ਜੋੜਦਾ ਹੈਂ, ਤੇਰਾ ਵਹਿਮ ਕਦਾਚਿਤ ਦੂਰ ਨਹੀਂ ਹੋਣਾ (ਭਾਈ ਮਨਮੋਹਣ ਸਿੰਘ S.G.P.C.)।

ਉਥਾਨਕਾ = ਇਹ ਸ਼ਬਦ ਵੀ ਉਪਰ ਵਾਲੇ ਉਸੇ ਜੋਗੀ ਪ੍ਰਤੀ ਉਚਾਰਿਆ ਦੱਸਿਆ ਜਾਂਦਾ ਹੈ।ਜੋਗੀ ਕਹਿੰਦਾ, ਮਹਾਰਾਜ! ਮੈਂ ਜੜੀ ਬੂਟੀਆਂ ਰਾਹੀਂ ਰੋਗਾਂ ਦੇ ਇਲਾਜ ਕਰਨ ਜਾਣਦਾ ਹੈ।ਸੱਪਾਂ ਦੀ ਵਿਹੁ ਉਤਾਰਨ ਦਾ ਮੰਤ੍ਰ ਤੇ ਜਹਿਰ ਚੂਸਣ ਦਾ ਮਣਕਾ ਮੇਰੇ ਕੋਲ ਹੈ। ਤੁਸੀ ਵੀ ਇਸ ਤਰ੍ਹਾਂ ਦਾ ਇਲਾਜ ਮੇਰੇ ਕੋਲੋਂ ਸਿੱਖ ਲਵੋ, ਤਾਂ ਗੁਰੂ ਜੀ ਨੇ ਇਸ ਸ਼ਬਦ ਵਿਚ ਅਪਣੇ ਮਨ ਦੁਆਰਾ ਜੋਗੀ ਨੂੰ ਉਪਦੇਸ਼ ਦਿਤਾ।ਜੋਗੀ ਨੂੰ ਗਿਆਨ ਹੋ ਗਿਆ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ।

ਗਉੜੀ ਚੇਤੀ ਮਹਲਾ ੧ ॥ ਅਉਖਧ ਮੰਤ੍ਰ ਮੂਲੁ ਮਨ ਏਕੈ, ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ ਜੇ ਚਿਤ ਨੂੰ ਦ੍ਰਿੜ ਕਰਕੇ ਵਾਹਿਗੁਰੂ ਦੇ ਨਾਮ ਵਿਚ ਲਾਉਣਾ ਕਰੀਏ, ਤਾਂ ਹੇ ਮਨ! (ਨਿਸਚਾ ਹੋ ਜਾਂਦਾ ਹੈ ਕਿ) ਇਕ ਮੂਲ ਰੂਪ ਵਾਹਿਗੁਰੂ ਦਾ ਨਾਮ ਹੀ ਅਗਿਆਨ ਦਾ ਰੋਗ ਦੂਰ ਕਰਨ ਲਈ ਦਵਾਈ ਹੈ; ਇਕ ਵਾਹਿਗੁਰੂ ਦਾ ਨਾਮ ਹੀ ਹਉਮੈ ਦਾ ਰੋਗ ਦੂਰ ਕਰਨ ਲਈ ਜੜੀ ਬੂਟੀ ਆਦਿ ਦੀ ਬਣੀ ਦੁਆਈ ਹੈ (ਤੇ ਵਾਹਿਗੁਰੂ ਨਾਮ ਹੀ) ਮਾਇਆ ਰੂਪ ਸੱਪਣੀ ਦੀ ਵਿਹੁ ਉਤਾਰਨ ਲਈ ਮੰਤ੍ਰ ਹੈ।(ਇਸ ਲਈ) ਜਨਮਾਂ ਜਨਮਾਂਤਰਾਂ ਦੇ ਪਾਪ ਕਰਮਾਂ ਦੇ ਕੱਟਣ ਵਾਲੇ ਵਾਹਿਗੁਰੂ ਦਾ ਨਾਮ ਲੈਂਦੇ (ਜਪਦੇ) ਰਹਿਣਾ ਚਾਹੀਦਾ ਹੈ।੧।

ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ, ਅਲਖੁ ਨ ਲਖਣਾ ਜਾਈ ਰੇ ॥੧॥ਰਹਾਉ॥ ਹੇ ਮਨ! (ਮੈਨੂੰ ਤਾਂ) ਇਕੋ ਸਾਹਿਬ (ਮਾਲਕ ਪ੍ਰਭੂ) ਭਾਇਆ ਹੈ (ਸ਼ਬਦਾਰਥ); ਹੇ ਭਾਈ! ਮਨ ਦਾ ਮਾਲਕ ਇਕ (ਪ੍ਰਭੂ ਹੀ) ਹੈ।ਤੇਰੇ ਮਨ ਬਾਣੀ ਤੇ ਸਰੀਰ

ਤ੍ਰੈ ਗੁਣੀ ਸੰਸਾਰ ਵਿਚ ਹੀ ਲੱਗੇ ਹੋਏ ਹਨ, (ਜਿਸ ਕਰਕੇ) ਉਹ ਅਲੱਖ ਪ੍ਰਭੂ (ਤੈਥੋਂ) ਜਾਣਿਆ ਨਹੀਂ ਜਾਂਦਾ।੧।ਰਹਾਉ।

ਸਕਰ ਖੰਡੁ ਮਾਇਆ ਤਨਿ ਮੀਠੀ, ਹਮ ਤਉ ਪੰਡ ਉਚਾਈ ਰੇ ॥ ਰਾਤਿ ਅਨੇਰੀ ਸੂਝਸਿ ਨਾਹੀ, ਲਜੁ ਟੂਕਸਿ ਮੂਸਾ ਭਾਈ ਰੇ ॥੨॥ ਸੱਕਰ ਖੰਡ ਵਾਂਗ ਮਾਇਆ ਤਨ ਵਿਚ ਮਿੱਠੀ ਲਗ ਰਹੀ ਹੈ, ਅਸੀਂ ਤੁਸੀਂ (ਸਭ ਜੀਵਾਂ ਨੇ ਮਾਇਆ ਜਮ੍ਹਾਂ ਕਰ ਕੇ ਪਾਪਾਂ ਦੀ) ਪੰਡ ਸਿਰ ਤੇ ਚੁੱਕੀ ਹੋਈ ਹੈ; ਹਮਾਂ ਤੁਮਾਂ ਦੀ ਪੰਡ ਚੁੱਕੀ ਹੋਈ ਹੈ।(ਅਗਿਆਨਤਾ ਦੀ) ਹਨ੍ਹੇਰੀ ਰਾਤ ਵਿਚ ਕੁਝ ਸੁੱਝਦਾ ਨਹੀਂ, ਹੇ ਭਾਈ! (ਕਾਲ ਰੂਪ) ਚੂਹਾ (ਸਾਡੀ ਉਮਰ ਰੂਪ) ਲੱਜ ਨੂੰ ਟੁਕ ਰਿਹਾ ਹੈ।੨।ਅਨਦਿਨੁ ਮੂਸਾ ਲਾਜੁ ਟੁਕਾਈ।ਗਿਰਤ ਕੂਪ ਮਹਿ ਖਾਹਿ ਮਿਠਾਈ।(੩੯੦)।

ਮਨਮੁਖਿ ਕਰਹਿ ਤੇਤਾ ਦੁਖੁ ਲਾਗੈ, ਗੁਰਮੁਖਿ ਮਿਲੈ ਵਡਾਈ ਰੇ ॥ ਜੋ ਤਿਨਿ ਕੀਆ ਸੋਈ ਹੋਆ, ਕਿਰਤੁ ਨ ਮੇਟਿਆ ਜਾਈ ਰੇ ॥੩॥ ਮਨਮੁਖ ਲੋਕ ਜਿੰਨੇ ਵੀ ਬੁਰੇ ਕਰਮ ਕਰਦੇ ਹਨ, (ਉਨ੍ਹਾਂ ਨੂੰ) ਉਤਨਾ ਹੀ ਦੁਖ ਲਗਦਾ ਹੈ, ਗੁਰਮੁਖਾਂ ਨੂੰ (ਨਾਮ ਦੇ ਪ੍ਰਤਾਪ ਕਰਕੇ) ਵਡਿਆਈ ਮਿਲਦੀ ਹੈ।ਉਨ੍ਹਾਂ (ਮਨਮੁਖਾਂ) ਨੇ ਜਿਹੜਾ ਵੀ ਕਰਮ ਕੀਤਾ ਸੀ, ਉਸੇ (ਕੀਤੇ ਕਰਮ ਦਾ ਫਲ ਹੁਣ) ਪ੍ਰਾਪਤ ਹੋਇਆ ਹੈ; ਜੋ ਕੁਛ ਹਰੀ ਨੇ (ਜੀਵ ਦੇ ਕੀਤੇ ਕਰਮਾਂ ਅਨੁਸਾਰ ਹੁਕਮ) ਕੀਤਾ ਹੈ, ਉਹ ਹੀ ਹੋਇਆ ਹੈ (ਜੀਵ ਨਾਲ ਉਹ ਹੀ ਵਰਤਿਆ ਹੈ, ਜੋ ਹਰੀ ਨੇ ਮੱਥੇ ਤੇ ਲੇਖ ਲਿਖ ਦਿਤਾ, ਕਿਉਂਕਿ) ਕੀਤਾ ਕਰਮ ਮੇਟਿਆ ਨਹੀਂ ਜਾ ਸਕਦਾ।੩।

ਸੁਭਰ ਭਰੇ ਨ ਹੋਵਹਿ ਊਣੇ, ਜੋ ਰਾਤੇ ਰੰਗੁ ਲਾਈ ਰੇ ॥ਤਿਨ ਕੀ ਪੰਕ ਹੋਵੈ ਜੇ ਨਾਨਕੁ ,ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬॥ ਜਿਹੜੇ (ਮਨੁੱਖ ਵਾਹਿਗੁਰੂ ਨਾਲ) ਪ੍ਰੇਮ ਲਾ ਕੇ ਮਸਤ ਹੋਏ ਹਨ, ਉਹ (ਨਾਮ ਰਸ ਨਾਲ) ਲਬਾ ਲਬ ਭਰੇ ਹੋਏ ਹਨ, ਮੁੜ ਖਾਲੀ ਨਹੀਂ ਹੁੰਦੇ।ਹੇ ਨਾਨਕ! ਜੇ ਉਨ੍ਹਾਂ ਗੁਰਮੁਖਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋ ਜਾਵੇ, ਤਾਂ ਮੂਰਖ ਜੀਵ ਕੁਛ (ਲਾਹਾ) ਪ੍ਰਾਪਤ ਕਰ ਸਕਦਾ ਹੈ।੪।੪।੧੬।

ਪਦਾਰਥ = ਅਉਖਧ-ਜੜੀ ਬੂਟੀ ਤੇ ਮਾਰੀ ਹੋਈ ਧਾਤ ਤੋਂ ਬਣੀ ਦੁਆਈ।ਮੰਤ੍ਰ-ਸੱਪਾਂ ਦੀ ਵਿਸ ਉਤਾਰਨ ਵਾਲਾ ਮੰਤ੍ਰ।ਮੂਲੁ-ਮੂਲ ਰੂਪ; ਬੂਟੀ।ਮਨ-ਹੇ ਮਨ; ਮਨ ਵਿਚ (ਹਰੀ ਨੂੰ ਵਸਾ ਲਈਏ); ਸੱਪ ਦੀ ਜਹਿਰ ਨੂੰ ਚੂਸਣ ਵਾਲਾ ਮਣਕਾ (ਟਕਸਾਲ)।ਏਕੈ-ਇਕ ਹਰੀ।ਭਾਈ ਰੇ-ਹੇ ਭਾਈ!।ਤੀਨਿ ਗੁਣਾ-ਤਿੰਨ (ਰਜੋ ਸਤੋ ਤੇ ਤਮੋ) ਗੁਣਾਂ ਵਾਲੇ।ਸਮਾਵਹਿ-ਰੁੱਝੇ ਹਨ।ਅਲਖ-ਜੋ ਜਾਣਿਆ ਨਾ ਜਾਵੇ; ਅਦ੍ਰਿਸਟ।੧।ਰਹਾਉ।ਤਨਿ-ਸਰੀਰ ਵਿਚ।ਹਮ ਤਉ-ਅਸੀਂ ਤੁਸੀਂ (ਸਭ ਨੇ); ਹਮਾਂ ਤੁਮਾਂ (ਮੈਂ ਤੂੰ) ਦੀ।ਪੰਡ-ਪਾਪਾਂ ਦੀ ਪੰਡ। ਉਚਾਈ-ਚੁੱਕੀ ਹੈ।ਸੂਝਸਿ ਨਾਹੀ-ਸੁੱਝਦਾ ਨਹੀਂ; ਦਿਸਦਾ ਨਹੀਂ।ਲਜੁ-ਉਮਰ ਰੂਪ ਰੱਸੀ।ਮੂਸਾ-ਮੌਤ ਰੂਪ ਚੂਹਾ; ਬੀਤ ਰਿਹਾ ਸਮਾਂ। ੨।ਤੇਤਾ-ਉਤਨਾ ਹੀ।ਤਿਨਿ-ਉਸ (ਮਨਮੁਖ) ਨੇ; ਉਸ ਹਰੀ ਨੇ।ਕਿਰਤੁ-(ਪਿਛੇ ਜਨਮਾਂ ਦੇ) ਕੀਤੇ ਕਰਮਾਂ ਦੇ ਸੰਸਕਾਰ।੩। ਸੁਭਰ-ਕੰਢੇ ਤਕ ਪੂਰੇ ਭਰੇ ਹੋਏ।ਊਣੇ-ਖਾਲੀ।ਰਾਤੇ-ਮਸਤ ਹਨ।ਰੰਗੁ ਲਾਈ ਰੇ-ਪ੍ਰੇਮ ਲਾ ਕੇ।ਪੰਕ-(ਚਰਨ) ਧੂੜ।ਤਉ-ਤਾਂ; ਤਦ।ਮੂੜਾ-ਮੂਰਖ।੪।੪।੧੬।

ਗਉੜੀ ਚੇਤੀ ਮਹਲਾ ੧ ॥ ਕਤ ਕੀ ਮਾਈ ਬਾਪੁ ਕਤ ਕੇਰਾ, ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ, ਕਾਹੇ ਕੰਮਿ ਉਪਾਏ ॥੧॥ (ਹੇ ਵਾਹਿਗੁਰੂ! ਅਸੀਂ ਲੋਕ ਅਪਣੇ ਔਗਣਾਂ ਦੇ ਕਾਰਣ ਅਨੇਕ ਜੂਨਾਂ ਵਿਚ ਲੰਬਾ ਸਮਾਂ ਭਟਕੇ ਹਾਂ, ਸਾਨੂੰ ਕੀ ਪਤਾ? ਕਿ) ਕਿਹੜੇ ਸਮੇਂ ਦੀ ਮਾਂ ਸਾਡੀ ਮਾਂ ਹੈ? ਕਿਹੜੇ ਸਮੇਂ ਦਾ ਪਿਤਾ ਸਾਡਾ ਪਿਤਾ ਹੈ? ਅਤੇ ਕਿਸ ਕਿਸ ਥਾਂ ਤੋਂ ਹੁੰਦੇ ਹੋਏ ਅਸੀਂ (ਹੁਣ ਸੰਸਾਰ) ਵਿਚ ਆਏ ਹਾਂ?।ਮਾਤਾ ਦੇ ਪੇਟ ਦੀ ਅਗਨੀ ਵਿਚ ਪਿਤਾ ਦੇ ਵੀਰਯ ਰੂਪ ਪਾਣੀ ਦੇ ਬੁਲ ਬੁਲੇ ਤੋਂ ਅਸੀਂ ਪੈਦਾ ਹੋਏ ਹਾਂ, (ਪਰ ਸਾਨੂੰ ਗਿਆਨ ਨਹੀਂ ਕਿ ਅਸੀਂ) ਕਿਹੜੇ ਕਾਰਜ ਲਈ ਪੈਦਾ ਕੀਤੇ ਗਏ ਹਾਂ?।੧।

ਮੇਰੇ ਸਾਹਿਬਾ, ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ਰਹਾਉ॥ ਹੇ ਮੇਰੇ ਮਾਲਕ ਵਾਹਿਗੁਰੂ! ਤੇਰੇ (ਬੇਅੰਤ) ਗੁਣਾਂ ਨੂੰ ਕੌਣ ਜਾਣ ਸਕਦਾ ਹੈ? ਅਤੇ ਮੇਰੇ (ਅਣ ਗਿਣਤ) ਔਗੁਣ ਵੀ ਦੱਸੇ ਨਹੀਂ ਜਾ ਸਕਦੇ।੧।ਰਹਾਉ।

ਕੇਤੇ ਰੁਖ ਬਿਰਖ ਹਮ ਚੀਨੇ, ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਏ ॥੨॥ (ਔਗੁਣਾਂ ਕਰਕੇ ਹੀ) ਕਿਤਨੇ (ਜਨਮ) ਅਸੀਂ ਛੋਟੇ ਰੁੱਖਾਂ ਤੇ ਵੱਡੇ ਬਿਰਛਾਂ ਦੇ ਦੇਖੇ ਅਤੇ ਕਿਤਨੀ ਵਾਰ ਅਸੀ ਪਸ਼ੂਆਂ ਦੀਆਂ ਜੂਨਾਂ ਵਿਚ ਪੈਦਾ ਕੀਤੇ ਗਏ। ਕਿਤਨੇ (ਅਨੇਕਾਂ) ਵਾਰੀ ਸੱਪਾਂ ਦੀਆਂ ਕੁੱਲਾਂ ਵਿਚ ਪੈਦਾ ਹੋ ਕੇ ਆਏ, ਕਿਤਨੇ ਵਾਰੀ ਖੰਭਾਂ ਵਾਲੇ ਪੰਛੀ ਬਣਾ ਕੇ ਉਡਾਏ ਜਾਂਦੇ ਰਹੇ ਹਾਂ।੨।

ਹਟ ਪਟਣ ਬਿਜ ਮੰਦਰ ਭੰਨੈ, ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ, ਤੁਝ ਤੇ ਕਹਾ ਛਪਾਵੈ ॥੩॥ (ਮਨੁੱਖਾ ਜਨਮ ਪਾ ਕੇ ਵੀ ਮਨੁੱਖ) ਸ਼ਹਿਰ ਦੀਆਂ ਹੱਟੀਆਂ ਤੇ ਪੱਕੇ ਮਕਾਨ ਭੰਨਦਾ (ਸੰਨ੍ਹ ਪਾਉਂਦਾ) ਹੈ ਅਤੇ ਚੋਰੀ ਕਰਕੇ (ਚੋਰੀ ਦਾ ਮਾਲ ਅਪਣੇ) ਘਰ ਲੈ ਆਉਂਦਾ ਹੈ।(ਚੋਰੀ ਦਾ ਮਾਲ ਲਿਆਉਣ ਵੇਲੇ) ਅਗੇ ਤੋਂ ਦੇਖਦਾ ਹੈ ਤੇ ਪਿੱਛੋਂ ਵੀ ਦੇਖਦਾ ਹੈ (ਕਿ ਕੋਈ ਦੇਖਦਾ ਤਾਂ ਨਹੀਂ? ਪਰ ਕੋਈ ਵੀ ਮਨੁੱਖ ਅਪਣਾ ਕਰਮ) ਤੇਰੇ ਤੋਂ ਕਿਵੇਂ ਛੁਪਾ ਸਕਦਾ ਹੈ? ; ਕਿੱਥੇ ਛੁਪਾਵੇਗਾ? (ਕਿਉਂਕਿ ਤੂੰ ਸਭ ਥਾਂ ਮੌਜੂਦ ਹੈਂ)।੩।

ਤਟ ਤੀਰਥ ਹਮ ਨਵ ਖੰਡ ਦੇਖੇ, ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣ ਲਾਗਾ, ਘਟ ਹੀ ਮਹਿ ਵਣਜਾਰਾ ॥੪॥ (ਔਗੁਣਾਂ ਨੂੰ

ਦੂਰ ਕਰਨ ਲਈ) ਅਸੀਂ ਦਰਿਆਵਾਂ ਦੇ ਕੰਢਿਆਂ ਤੇ (ਬਣੇ) ਤੀਰਥ ਤੇ ਧਰਤੀ ਦੇ ਨੌਂ ਖੰਡ ਘੁੰਮ ਫਿਰ ਕੇ ਦੇਖੇ ਅਤੇ ਸ਼ਹਿਰਾਂ ਦੇ ਹੱਟ ਤੇ ਬਜਾਰ ਦੇਖੇ।(ਪਰ ਹੁਣ ਜਦ) ਬੁਧੀ ਰੂਪ ਤੱਕੜੀ ਲੈ ਕੇ (ਉਸ ਵਿਚ) ਤੋਲਣ (ਵਿਚਾਰਨ) ਲਗਾ ਤਾਂ ਨਿਸਚਾ ਹੋ ਗਿਆ ਕਿ ਸ਼ਾਹ ਰੂਪ ਵਾਹਿਗੁਰੂ ਹਿਰਦੇ ਅੰਦਰ ਹੀ ਹੈ (ਜੋ ਸਾਡੇ ਕਰਮਾਂ ਨੂੰ ਦੇਖਦਾ ਹੈ; ਫਿਰ ਵਿਚਾਰ ਦੀ) ਤੱਕੜੀ ਲੈ ਕੇ ਵਣਜਾਰੇ ਵਾਂਗ ਹਿਰਦੇ ਵਿਚ (ਕੀਤੇ ਕਰਮਾਂ ਨੂੰ) ਤੋਲਣ ਲਗਦਾ ਹੈ (ਭਾ. ਵੀਰ ਸਿੰਘ)।ਤਦ ਦੇਖਦਾ ਹੈ ਕਿ =

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ, ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ, ਡੁਬਦੇ ਪਥਰ ਤਾਰੇ ॥੫॥** ਪਾਣੀ ਨਾਲ ਜਿਤਨਾ ਸਮੁੰਦਰ ਭਰਿਆ ਹੋਇਆ ਹੈ, ਉਤਨੇ ਅਣ ਗਿਣਤ ਸਾਡੇ ਅਉਗੁਣ ਹਨ।(ਹੇ ਪ੍ਰਭੂ! ਸਾਡੇ ਤੇ) ਦਇਆ ਕਰੋ, (ਅਪਣੇ ਮਨ ਵਿਚ) ਕੁਛ ਮੇਹਰ ਪੈਦਾ ਕਰੋ, (ਕਿਉਂਕਿ ਪਾਪਾਂ ਦੇ ਭਾਰ ਨਾਲ) ਡੁਬਦੇ ਹੋਏ ਪੱਥਰਾਂ ਵਰਗੇ ਜੀਵ ਆਪ ਜੀ ਨੇ ਤਾਰ ਦਿਤੇ ਹਨ।੫।

**ਜੀਅੜਾ ਅਗਨਿ ਬਰਬਰਿ ਤਪੈ, ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ, ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥** ਮੇਰਾ ਹਿਰਦਾ ਅੱਗ ਵਾਂਗ ਤਪ ਰਿਹਾ ਹੈ ਅਤੇ ਹਿਰਦੇ ਅੰਦਰ ਈਰਖਾ ਰੂਪ ਛੁਰੀ ਚਲ ਰਹੀ ਹੈ।ਨਾਨਕ ਬੇਨਤੀ ਕਰਦਾ ਹੈ (ਕਿ ਹੇ ਪ੍ਰਭੂ! ਜਿਹੜਾ ਜੀਵ ਤੇਰੇ) ਹੁਕਮ ਨੂੰ ਪਛਾਣ ਲੈਂਦਾ ਹੈ, ਉਸ ਨੂੰ ਦਿਨ ਰਾਤ ਸੁਖ ਪ੍ਰਾਪਤ ਹੁੰਦਾ ਹੈ (ਸਦਾ ਅਨੰਦ ਵਿਚ ਰਹਿੰਦਾ ਹੈ)।੬।੫।੧੭।

**ਪਦਾਰਥ** = ਕਤ ਕੀ-ਕਦੋਂ ਦੀ।ਕਤ ਕੇਰਾ-ਕਦੋਂ ਦਾ।ਕਿਦੂ ਥਾਵਹੁ-ਕਿਸ ਥਾਂ ਤੋਂ।ਅਗਨਿ-(ਮਾਂ ਦੇ ਗਰਭ ਦੀ) ਅਗਨੀ ਵਿਚ।ਬਿੰਬ ਜਲ-ਪਾਣੀ ਦਾ ਬੁਲਬੁਲਾ।ਭੀਤਰਿ-ਅੰਦਰ।ਨਿਪਜੇ-ਪੈਦਾ ਹੋਏ।ਕਾਹੇ-ਕਿਸ ਵਾਸਤੇ।੧।ਕਹੇ ਨ ਜਾਨੀ-ਕਹੇ ਨਹੀਂ ਜਾਂਦੇ।੧। ਰਹਾਉ।ਕੇਤੇ-ਕਿਤਨੇ ਹੀ; ਅਨੇਕਾਂ।ਰੁਖ-ਜੰਗਲਾਂ ਦੇ ਦਰੱਖਤ।ਬਿਰਖ-ਬਾਗਾਂ ਦੇ ਦਰੱਖਤ (ਜੋ ਪਾਣੀ ਨਾਲ ਸਿੰਜੇ ਜਾਂਦੇ ਹਨ)।ਹਮ-ਅਸੀਂ।ਚੀਨੇ-ਦੇਖੇ।ਉਪਾਏ-ਪੈਦਾ ਕੀਤੇ ਗਏ।ਨਾਗ ਕੁਲੀ-ਸੱਪਾਂ ਦੀ ਕੁੱਲ ਵਿਚ।ਪੰਖ ਉਡਾਏ-ਖੰਭਾਂ ਵਾਲੇ ਪੰਛੀ ਬਣਾ ਕੇ ਉਡਾਏ ਗਏ (ਪੰਖ ਦਾ ਅਰਥ ਪੰਛੀ ਵੀ ਹੈ)।੨।ਹਟ-ਦੁਕਾਨਾਂ।ਪਟਣ-ਸ਼ਹਿਰ ਦੀਆਂ।ਬਿਜ ਮੰਦਰ-ਪੱਕੇ ਮਕਾਨ।ਭੰਨੈ-ਭੰਨਦਾ (ਸੰਨ੍ਹ ਲਾਉਂਦਾ) ਹੈ।ਕਹਾ-ਕਿਵੇਂ; ਕਿੱਥੇ।੩।ਤਟ-ਕਿਨਾਰੇ।ਨਵ ਖੰਡ-ਨੌਂ ਖੰਡ (ਸਾਰੀ ਧਰਤੀ)।ਤਕੜੀ-ਬੁੱਧੀ ਰੂਪ ਤੱਕੜੀ।ਤੋਲਨਿ ਲਾਗਾ -ਵਿਚਾਰਨ ਲੱਗਾ।ਘਟ ਹੀ ਮਹਿ-ਹਿਰਦੇ ਅੰਦਰ ਹੀ।ਵਣਜਾਰਾ-ਸ਼ਾਹ ਰੂਪ ਵਾਹਿਗੁਰੂ।੪।ਜੇਤਾ-ਜਿਤਨਾ।ਸਮੁੰਦੁ ਸਾਗਰੁ-ਸੀਮਾ ਪ੍ਰਯੰਤ ਸਮੁੰਦਰ (ਮ. ਕੋ); ਸਮੁੰਦੁ-ਖੁੱਲ੍ਹਾ ਵੱਡਾ ਸਮੁੰਦਰ।ਸਾਗਰੁ-ਖਾੜੀ (ਜਿਵੇਂ ਬੰਗਾਲ ਦੀ ਖਾੜੀ ਤੇ ਅਰਬ ਖਾੜੀ ਹੈ)।ਨੀਰਿ-ਪਾਣੀ ਨਾਲ।ਤੇਤੇ-ਉਤਨੇ (ਬੇਅੰਤ)।੫।ਜੀਅੜਾ-ਜਿੰਦ।ਭੀਤਰਿ-ਹਿਰਦੇ ਅੰਦਰ।ਵਗੈ-ਚਲ ਰਹੀ ਹੈ।ਕਾਤੀ-ਛੁਰੀ (ਈਰਖਾ ਜਾਂ ਤ੍ਰਿਸ਼ਨਾ ਦੀ)।੬।੫।੧੭।

**ਵਿਆਖਿਆ** = ਇਸ ਸ਼ਬਦ ਵਿਚ ਗੁਰੂ ਜੀ ਜੀਵ ਦੀਆਂ ਸੱਤ ਹਾਲਤਾਂ ਵਰਨਣ ਕਰਦੇ ਹਨ।ਪਿਛਲੀ ਜੂਨਾਂ ਦਾ ਅਤੇ ਮਨੁੱਖਾ ਜਨਮ ਧਾਰਨ ਦਾ ਜਿਕਰ ਅੰਕ ੧ ਤੇ ਅੰਕ ੨ ਵਿਚ ਕੀਤਾ ਹੈ।ਕਿਸ ਜੂਨ ਦਾ ਕਿਹੜਾ ਮਾਂ ਬਾਪ ਹੈ? ਕਿਸ ਕਿਸ ਜੂਨ ਵਿਚੋਂ ਹੋ ਕੇ ਆਏ ਹਾਂ ।ਜੂਨਾਂ ਵੀ ਅਨੇਕਾਂ ਭੋਗੀਆਂ ਹਨ, ਉਨ੍ਹਾਂ ਜੂਨਾਂ ਦੇ ਵੱਖ ਵੱਖ ਮਾਂ ਬਾਪ ਹਨ, ਜਿਨ੍ਹਾਂ ਦੀ ਗਿਣਤੀ ਅਣ ਗਿਣਤ ਹੈ।ਅੰਕ ੩ ਵਿਚ ਮਨੁੱਖਾ ਜਨਮ ਲੈ ਕੇ ਵੀ ਕੁਕਰਮਾਂ ਵਿਚ ਲੱਗੇ ਰਹਿਣ ਦਾ ਵਰਨਣ ਹੈ।ਅੰਕ ੪ ਵਿਚ ਤੀਰਥਾਂ ਦੇ ਤੱਟਾਂ ਅਤੇ ਸ਼ਹਿਰਾਂ ਬਜਾਰਾਂ ਵਿਚ ਪ੍ਰਭੂ ਦੀ ਤਲਾਸ਼ ਅਤੇ ਬੁੱਧੀ ਵਿਚ ਰੱਬੀ ਵਿਚਾਰਾਂ ਦੇ ਫੁਰਨ ਦਾ ਜਿਕਰ ਹੈ।ਤਦ ਸਮਝ ਪਈ ਕਿ ਸਾਡੇ ਅੰਦਰ ਤਾਂ ਅਣ ਗਿਣਤ ਔਗੁਣ ਹਨ, ਇਹ ਅੰਕ ੫ ਵਿਚ ਲਿਖਿਆ ਹੈ।ਅੰਕ ੬ ਵਿਚ ਮਨੁੱਖ ਪਸਚਾਤਾਪ ਕਰਦਾ ਦਸਿਆ ਹੈ ਅਤੇ ਕਰਤਾ ਪੁਰਖ ਅੱਗੇ ਅਰਦਾਸ ਕਰਦਾ ਹੈ।ਅੰਤਮ ਹਾਲਤ ਪ੍ਰਭੂ ਦੇ ਹੁਕਮ ਨੂੰ ਸਮਝਣ ਦੀ ਹੈ, ਜਿਸਦਾ ਫਲ ਸਦੀਵੀ ਅਨੰਦ ਹੈ।ਇਸ ਨਾਲ ਮਨੁੱਖ ਦਾ ਜੀਵਨ ਸਫਲ ਹੋ ਜਾਂਦਾ ਹੈ।

**ਗਉੜੀ ਬੈਰਾਗਣਿ ਮਹਲਾ ੧ ॥ ਰੈਣਿ ਗਵਾਈ ਸੋਇ ਕੈ, ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ, ਕਉਡੀ ਬਦਲੇ ਜਾਇ ॥੧॥** (ਹੇ ਮਨੁੱਖ! ਤੂੰ) ਰਾਤ ਸੌਂ ਕੇ ਗਵਾ ਦਿਤੀ ਤੇ ਦਿਨ ਖਾ ਕੇ ਗਵਾ ਦਿਤਾ।(ਤੇਰਾ) ਜਨਮ ਹੀਰੇ ਵਰਗਾ ਅਮੋਲਕ ਹੈ, (ਪਰ ਇਹ ਜਨਮ) ਕੌਡੀਆਂ ਦੇ ਮੁੱਲ ਦੇ ਬਰਾਬਰ (ਨਿਸਫਲ) ਜਾ ਰਿਹਾ ਹੈ (ਮਾਇਆ ਦੇ ਲਾਲਚ ਬਦਲੇ ਐਵੇਂ ਜਾ ਰਿਹਾ ਹੈ)।੧।

**ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛਤਾਹਿ ਰੇ ॥੧॥ਰਹਾਉ॥** (ਤੈਂ) ਵਾਹਿਗੁਰੂ ਦਾ ਨਾਮ ਨਹੀਂ ਜਾਣਿਆ।ਹੇ ਮੂਰਖ ਮਨੁੱਖ! ਫਿਰ ਪਿੱਛੋਂ ਪਛਤਾਵੇਂਗਾ।੧।ਰਹਾਉ।

**ਅਨਤਾ ਧਨੁ ਧਰਣੀ ਧਰੇ, ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ, ਸੇ ਆਏ ਅਨਤ ਗਵਾਇ ॥੨॥** ਅਨੰਤ ਧਨ ਧਰਤੀ ਵਿਚ ਧਰਦਾ (ਦੱਬ ਕੇ ਰਖਦਾ) ਹੈ, (ਫਿਰ ਵੀ) ਅਨੰਤ ਧਨ (ਜਮ੍ਹਾ ਕਰਨ) ਦੀ ਇੱਛਾ ਮਨ ਵਿਚੋਂ ਜਾਂਦੀ ਨਹੀਂ; (ਉਨ੍ਹਾਂ ਤੋਂ) ਅਨੰਤ ਹਰੀ ਨਹੀਂ ਚਾਹਿਆ ਜਾਂਦਾ (ਰੱਬ ਨੂੰ ਮਿਲਣ ਦੀ ਚਾਹ ਪੈਦਾ ਨਹੀਂ ਹੁੰਦੀ)।ਜੋ ਅਨੰਤ ਧਨ ਚਾਹੁਣ (ਪ੍ਰਦੇਸਾਂ ਵਿਚ) ਗਏ, ਉਹ ਅਨੰਤ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਗੁਆ ਆਏ; ਉਹ ਪਿਛਲਾ ਅਨੰਤ ਧਨ ਵੀ ਗਵਾ ਆਏ (ਚੋਰਾਂ ਠੱਗਾਂ ਨੇ ਲੁੱਟ ਲਿਆ) ॥੨॥

ਅੰਗ ੧੫੭ = ਆਪਣ ਲੀਆ ਜੇ ਮਿਲੈ, ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ, ਜੇ ਲੋਚੈ ਸਭੁ ਕੋਇ ॥੩॥ ਜੇ ਅਪਣੀ (ਮਰਜੀ ਨਾਲ ਧਨ) ਲਿਆਂ ਮਿਲਦਾ ਹੋਵੈ ਤਾਂ ਸਭ ਕੋਈ ਭਾਗਾਂ ਵਾਲਾ (ਅਮੀਰ) ਹੋ ਜਾਵੇ। ਜੇ ਸਭ ਕੋਈ (ਮਨੁੱਖ ਧਨਵਾਨ ਬਣਨਾ) ਚਾਹੁੰਦਾ ਵੀ ਹੋਵੇ, (ਤਾਂ ਕੀਤੇ) ਕਰਮਾਂ ਉਤੇ ਫੈਸਲਾ ਹੁੰਦਾ ਹੈ।੩।

ਨਾਨਕ ਕਰਣਾ ਜਿਨਿ ਕੀਆ, ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ, ਕਿਸੈ ਵਡਾਈ ਦੇਇ ॥੪॥੧॥੧੮॥ ਗੁਰੂ ਜੀ ਆਖਦੇ ਹਨ ਕਿ ਜਿਸ ਵਾਹਿਗੁਰੂ ਨੇ ਸੰਸਾਰ ਪੈਦਾ ਕੀਤਾ ਹੈ, ਉਹ ਹੀ (ਇਸ ਦੀ) ਸੰਭਾਲ ਕਰਦਾ ਹੈ (ਸਭ ਨੂੰ ਖਾਣ ਪਾਨ ਦੇਂਦਾ ਹੈ। ਮਾਲਕ ਪ੍ਰਭੂ ਦਾ ਹੁਕਮ ਜਾਣਿਆ ਨਹੀਂ ਜਾਂਦਾ ਕਿ ਕਿਸ ਨੂੰ ਵਡਿਆਈ ਦੇਂਦਾ ਹੈ।੪।੧।੧੮।

ਨੋਟ = ਅੰਕ ੪ ਸ਼ਬਦ ਦੇ ਪਦਿਆਂ ਦੀ ਗਿਣਤੀ ਦਾ ਹੈ, ਅੰਕ ੧ ਗਉੜੀ ਬੈਰਾਗਣ ਦਾ ਹੈ ਤੇ ਹੁਣ ਤਕ ਗਉੜੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ੧੮ ਸ਼ਬਦ ਆ ਚੁਕੇ ਹਨ।

ਪਦਾਰਥ = ਰੈਣਿ–ਰਾਤ। ਦਿਵਸੁ–ਦਿਨ। ਸੋਇ ਕੈ–ਸੌਂ ਕੇ।੧। ਮੂੜੇ ਰੇ–ਹੇ ਮੂਰਖ। ਪਾਛੈ–ਪਿਛੋਂ (ਉਮਰ ਲੰਘ ਜਾਣ ਤੇ)।੧।ਰਹਾਉ। ਅਨਤਾ ਧਨੁ–ਬੇਅੰਤ ਧਨ। ਧਰਣੀ ਧਰੇ–ਧਰਤੀ ਵਿਚ ਧਰਦਾ (ਦੱਬਦਾ) ਹੈ।੨। ਆਪਣ ਲੀਆ–ਅਪਣਾ (ਅਪਣੀ ਮਰਜੀ ਨਾਲ) ਲਿਆ ਹੋਇਆ। ਕੋ–ਕੋਈ। ਭਾਗਠੁ–ਭਾਗਾਂ ਵਾਲਾ; ਅਮੀਰ। ਨਿਬੜੈ–ਫੈਸਲਾ ਹੁੰਦਾ ਹੈ। ਲੋਚੈ–ਚਾਹੁੰਦਾ ਹੋਵੇ।੩। ਕਰਣਾ–ਪ੍ਰਪੰਚ; ਸੰਸਾਰ ਰਚਨਾ। ਜਿਨਿ–ਜਿਸ (ਵਾਹਿਗੁਰੂ) ਨੇ। ਸੋਈ–ਉਹ ਹੀ। ਸਾਰ–ਸੰਭਾਲ। ਨ ਜਾਪੀ–ਨਹੀਂ ਜਾਣਿਆ ਜਾਂਦਾ। ਕਿਸੈ–ਕਿਸ ਨੂੰ।੪ ।੧।੧੮।

ਗਉੜੀ ਬੈਰਗਣਿ ਮਹਲਾ ੧ ॥ ਹਰਣੀ ਹੋਵਾ ਬਨਿ ਬਸਾ, ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ, ਵਾਰਿ ਵਾਰਿ ਹਉ ਜਾਉ ਜੀਉ ॥੧॥ (ਮੈਂ ਪ੍ਰਭੂ ਦੀ ਵਣਜਾਰਨ ਹਾਂ, ਭਾਵੇਂ ਕਿਸੇ ਵੇਸ ਵਿਚ ਹੋਵਾਂ) ਜੇ ਮੈ ਹਰਣੀ (ਬਾਨ ਪ੍ਰਸਤ) ਹੋਵਾਂ ਤੇ ਜੰਗਲ ਵਿਚ ਵਸਾਂ ਅਤੇ (ਬਨ ਵਿਚ ਭੁੰਜੇ ਡਿੱਗੇ ਹੋਏ) ਫਲ ਫੁੱਲ ਚੁਣ ਕੇ ਖਾਵਾਂ। ਜੇ ਗੁਰੂ ਦੀ ਕਿਰਪਾ ਨਾਲ ਮੇਰਾ ਮਾਲਕ ਪ੍ਰਭੂ ਮਿਲ ਪਵੇ, ਤਾਂ ਮੈਂ ਵਾਰ ਵਾਰ ਉਸ (ਪ੍ਰਭੂ) ਤੋਂ ਕੁਰਬਾਨ ਜਾਵਾਂ ਜੀ; ਮੈਂ ਅਪਣੇ ਮਾਲਕ ਤੋਂ ਸਦਾ ਬਲਹਾਰ ਜਾਂਦਾ ਹਾਂ, ਜੋ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ।੧।

ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ਰਹਾਉ॥ ਮੈਂ ਪ੍ਰਮਾਤਮਾ ਦੀ ਵਪਾਰਨ ਹਾਂ। ਤੇਰਾ ਨਾਮ ਹੀ ਮੇਰਾ ਸੌਦਾ ਹੈ, ਜਿਸ ਦਾ ਮੈਂ ਵਪਾਰ (ਲੈਣ ਦੇਣ) ਕਰਦੀ ਹਾਂ ਜੀ (ਆਪ ਜਪਦੀ ਹਾਂ ਤੇ ਹੋਰਨਾਂ ਨੂੰ ਵੀ ਜਪਾਉਂਦੀ ਹਾਂ)।੧।ਰਹਾਉ।

ਕੋਕਿਲ ਹੋਵਾ ਅੰਬਿ ਬਸਾ, ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ, ਦਰਸਨਿ ਰੂਪਿ ਅਪਾਰੁ ॥੨॥ ਜੇ ਮੈਂ ਕੋਇਲ ਹੋਵਾਂ ਤੇ ਅੰਬ ਤੇ ਬਸਦੀ ਹੋਵਾਂ ਅਤੇ ਗਿਆਨ ਦੁਆਰਾ ਸ਼ਬਦ ਦੀ ਵਿਚਾਰ ਕਰਾਂ। (ਉਥੇ) ਸੁਤੇ ਸਿੱਧ ਜੇ ਮੈਨੂੰ ਪਤੀ ਮਾਲਕ ਮਿਲ ਪਵੇ, ਜੋ ਦਰਸ਼ਨ ਤੇ ਰੂਪ ਕਰਕੇ ਬੇਅੰਤ ਹੈ (ਜਿਸਦਾ ਦਰਸ਼ਨ ਤੇ ਰੂਪ ਪਾਰ ਤੋਂ ਰਹਿਤ ਹੈ)।੨।

ਮਛੁਲੀ ਹੋਵਾ ਜਲਿ ਬਸਾ, ਜੀਅ ਜੰਤ ਸਭ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ, ਹਉ ਮਿਲਉਗੀ ਬਾਹ ਪਸਾਰਿ ॥੩॥ ਜੇ ਮੈਂ ਮੱਛੀ ਹੋਵਾਂ ਤੇ ਜਲ ਵਿਚ ਵਸਦੀ ਹੋਵਾਂ, (ਉਸ ਪ੍ਰਭੂ ਨੂੰ ਯਾਦ ਕਰਾਂ) ਜੋ ਸਾਰੇ ਜੀਵ ਤੇ ਜੰਤੂਆਂ ਦੀ ਸੰਭਾਲ ਕਰਦਾ ਹੈ। ਮੇਰਾ ਪਤੀ ਮਾਲਕ ਉਰਾਰ ਪਾਰ (ਸਮੁੰਦਰ ਵਿਚ ਜਲ ਵਾਂਗ) ਵਸਦਾ ਹੈ, ਮੈਂ ਉਸ ਨੂੰ ਬਾਹਾਂ ਫੈਲਾ ਕੇ ਮਿਲਾਂਗੀ (ਸਮੁੰਦਰ ਦੀ ਵਿਸ਼ਾਲਤਾ ਤੇ ਉਸ ਵਿਚ ਭਾਂਤ ਭਾਂਤ ਦੇ ਬੇਅੰਤ ਜੀਵ ਜੰਤ ਦੇਖ ਕੇ ਸਿਰਜਨਹਾਰ ਨੂੰ ਯਾਦ ਕਰਾਂ। ਫਿਰ ਉਸ ਸ਼ਾਹ ਨੂੰ ਜੱਫੀ ਪਾ ਕੇ ਮਿਲਾਂ, ਮੁੜ ਕਦੇ ਵਿਛੜਾਂ ਨਾ)।੩।

ਨਾਗਨਿ ਹੋਵਾ ਧਰ ਵਸਾ, ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ, ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥ ਜੇ ਮੈਂ ਨਾਗਣੀ ਹੋਵਾਂ ਤੇ ਧਰਤੀ ਵਿਚ ਵਸਦੀ ਹੋਵਾਂ, (ਨਾਗਨ ਬੀਨ ਦੀ ਅਵਾਜ ਸੁਣ ਕੇ ਮਸਤ ਹੁੰਦੀ ਹੈ, ਇਸੇ ਤਰ੍ਹਾਂ ਜੇ ਮੇਰੇ ਮਨ ਵਿਚ ਪ੍ਰਭੂ ਦਾ) ਸ਼ਬਦ ਵਸ ਜਾਵੇ, (ਜਿਸ ਦੇ ਪ੍ਰਤਾਪ ਨਾਲ ਮੇਰੇ ਸਾਰੇ) ਡਰ ਦੂਰ ਹੋ ਜਾਣ। ਜਿਨ੍ਹਾਂ ਜੀਵ ਇਸਤ੍ਰੀਆਂ ਦੀ ਆਤਮ ਜੋਤ ਪ੍ਰਮਾਤਮ ਜੋਤ ਵਿਚ ਮਿਲ ਜਾਂਦੀ ਹੈ, ਉਹ ਸਦੀਵੀ ਸੁਹਾਗਣਾਂ ਹਨ।

ਪਦਾਰਥ = ਬਨਿ–ਜੰਗਲ ਵਿਚ। ਕੰਦ ਮੂਲ–ਫੁੱਲ ਤੇ ਫਲ। ਸਹੁ–ਪਤੀ ਮਾਲਕ। ਵਾਰਿ ਵਾਰਿ–ਕੁਰਬਾਨ। ਹਉ–ਮੈਂ।੧। ਬਨਜਾਰਨਿ–ਵਪਾਰ ਕਰਨ ਵਾਲੀ। ਵਖਰੁ–ਸੌਦਾ।੧।ਰਹਾਉ। ਅੰਬਿ–ਅੰਬ ਉਤੇ। ਸਹਜਿ–ਗਿਆਨ ਦੁਆਰਾ; ਸੁਭਾਵਕ ਹੀ; ਸੁਖੈਨ ਹੀ। ਸਹਜਿ ਸੁਭਾਇ–ਸੁਤੇ ਸਿੱਧ। ਅਪਾਰੁ–ਪਾਰ ਰਹਿਤ; ਬੇਅੰਤ।੨। ਜਲਿ–ਜਲ ਵਿਚ। ਸਾਰਿ–ਸੰਭਾਲਦਾ ਹੈ। ਉਰਵਾਰਿ–ਉਰਲੇ ਪਾਸੇ। ਪਾਰਿ–ਪਰਲੇ ਪਾਸੇ। ਪਸਾਰਿ–ਫੈਲਾ ਕੇ।੩। ਨਾਗਨਿ–ਸੱਪਣੀ। ਧਰ–ਧਰਤੀ (ਖੁੱਡ) ਵਿਚ; ਭੋਰੇ ਵਿਚ; ਪਹਾੜਾਂ ਦੀਆਂ ਗੁਫਾਵਾਂ ਵਿਚ। ਜੋਤੀ ਜੋਤਿ–ਆਤਮਾ ਪ੍ਰਮਾਤਮਾ ਵਿਚ। ਸਮਾਇ–ਸਮਾ ਜਾਂਦੀ ਹੈ।੪।੨।੧੯।

ਵਿਆਖਿਆ = ਇਸ ਸ਼ਬਦ ਵਿਚ ਪ੍ਰਭੂ ਪ੍ਰਾਪਤੀ ਲਈ ਪ੍ਰੇਮ ਦਾ ਵਰਨਣ ਹੈ। ਸਾਰਾ ਜੀਵਨ ਕਿਸੇ ਹੋਰ ਪਾਸੇ ਥੋੜਾ ਜਿਹਾ ਵੀ ਧਿਆਨ ਦਿਤੇ ਬਿਨਾ ਵਾਹਿਗੁਰੂ ਦੀ ਯਾਦ ਵਿਚ ਬੀਤੇ। ਜਿਸ ਨਾਲ ਵਾਹਿਗੁਰੂ ਪ੍ਰਸੰਨ ਹੋ ਕੇ ਮਨੁੱਖ ਨੂੰ ਅਪਣੀ ਗੋਦ ਵਿਚ ਲੈ ਲਵੇ। ਚਾਰ ਤਰ੍ਹਾਂ ਦੇ ਜੀਵਨ ਦ੍ਰਿਸਟਾਂਤ ਮਾਤ੍ਰ ਵਰਤੇ ਹਨ। ਹਰਣੀ, ਮੱਛੀ, ਕੋਇਲ ਤੇ ਨਾਗਣ ਦੇ ਜੀਵਨ ਸੁਤੰਤ੍ਰ ਤੇ ਬੇ ਫਿਕਰੀ ਵਾਲਾ ਹੈ। ਇਵੇਂ ਮਨੁੱਖ

ਦੁਨੀਆਂ ਦੇ ਚਸਕੇ, ਜ਼ਿੰਮੇਵਾਰੀਆਂ, ਮੁਸ਼ਕਲਾਂ ਤੇ ਲੋੜਾਂ ਤੋਂ ਮੁਕਤ ਹੋ ਕੇ ਨਾਮ ਸਿਮਰਨ ਵਿਚ ਲੀਨ ਰਵ੍ਹੇ। ਹਰਨੀ ਤਾਂ ਘਾਹ ਤੇ ਪੱਤੇ ਖਾਂਦੀ ਹੈ, ਕੰਦ ਮੂਲ ਦਾ ਹਰਨੀ ਨੂੰ ਪਤਾ ਨਹੀਂ। ਹਰਨੀ ਤੋਂ ਭਾਵ ਜੰਗਲ ਵਿਚ ਤਪ ਕਰਨ ਵਾਲੇ ਤਪੱਸਵੀ ਤੋਂ ਲਿਆ ਗਿਆ ਹੈ, ਜੋ ਕੰਦ ਮੂਲ ਖਾ ਕੇ ਜੀਵਨ ਨਿਰਬਾਹ ਕਰਦਾ ਹੈ। ਕੋਇਲ ਕੂ ਕੂ ਸ਼ਬਦ ਤਾਂ ਬੋਲਦੀ ਹੈ, ਪਰ ਉਸਨੂੰ ਵਿਚਾਰ ਪ੍ਰਾਪਤ ਨਹੀਂ ਹੈ। ਸ਼ਬਦ ਦੀ ਵਿਚਾਰ ਮਨੁੱਖ ਕਰਦਾ ਹੈ, ਜੋ ਕੋਇਲ ਵਾਂਗ ਮਿੱਠਾ ਬੋਲੇ, ਜੀਵਨ ਵਿਚ ਫਿੱਕਾਪਣ ਨਾ ਹੋਵੇ। ਜਿਵੇਂ ਪਾਣੀ ਮੱਛੀ ਦਾ ਜੀਵਨ ਹੈ, ਇਵੇਂ ਵਾਹਿਗੁਰੂ ਮਨੁੱਖ ਦਾ ਜੀਵਨ ਬਣ ਜਾਵੇ। ਨਾਗਨ ਬੀਨ ਉਤੇ ਮਸਤ ਹੁੰਦੀ ਹੈ, ਉਹ ਵੀ ਜਿੰਨਾ ਚਿਰ ਬੀਨ ਵਜਦੀ ਰਹੇ। ਕਹਿੰਦੇ ਹਨ ਸੱਪ ਦੇ ਕੰਨ ਨਹੀਂ ਹੁੰਦੇ, ਸੱਪ ਨੂੰ ਸ਼ਬਦ ਦਾ ਗਿਆਨ ਧਰਤੀ ਦੀ ਧਮਕ ਤੋਂ ਹੁੰਦਾ ਹੈ। ਸ਼ਬਦ ਸੱਪ ਦੇ ਅੰਦਰ ਨਹੀਂ ਵਸਦਾ, ਮਨੁੱਖ ਅਪਣੇ ਅੰਦਰ ਸ਼ਬਦ ਨੂੰ ਵਸਾ ਸਕਦਾ ਹੈ। ਆਤਮਾ ਦਾ ਪ੍ਰਮਾਤਮਾ ਵਿਚ ਸਮਾ ਜਾਣਾ ਮਨੁੱਖ ਦੀ ਚਾਹ ਹੈ, ਉਪਰ ਲਿਖੇ ਕਿਸੇ ਜੰਤੂ ਦੀ ਨਹੀਂ। ਹਰਣੀ ਕੋਇਲ ਮੱਛੀ ਤੇ ਨਾਗਣ ਚਾਰ ਜੀਵਨ ਦ੍ਰਿਸ਼ਟਾਂਤ ਮਾਤ੍ਰ ਗਿਣੇ ਹਨ। ਸ਼ਬਦ ਵਿਚ ਦਿਤੇ ਦ੍ਰਿਟਾਂਤ ਅਨੁਸਾਰ ਚਾਰ ਪ੍ਰਕਾਰ ਤੇ ਤਪੱਸਵੀ ਮਾਲੂਮ ਹੁੰਦੇ ਹਨ। ਹਰਨੀ ਤੋਂ ਭਾਵ ਬਨ ਵਿਚ ਰਹਿਣ ਵਾਲੇ ਬਨਵਾਸੀ, ਕੋਇਲ ਤੋਂ ਭਾਵ ਬ੍ਰਿਛ ਵਾਸੀ, ਜੋ ਬ੍ਰਿਛਾਂ ਉਤੇ ਬੈਠ ਕੇ ਤਪ ਕਰਦੇ ਹਨ। ਮੱਛੀ ਤੋਂ ਭਾਵ ਤੀਰਥ ਵਾਸੀ, ਜੋ ਅਪਣਾ ਜੀਵਨ ਨਦੀਆਂ ਤੇ ਸਮੁੰਦਰ ਦੇ ਕਿਨਾਰੇ ਬਣੇ ਤੀਰਥਾਂ ਤੇ ਰਹਿ ਕੇ ਬਸਰ ਕਰਦੇ ਹਨ। ਨਾਗਨ ਦਾ ਭਾਵ ਗੁਫਾਵਾਂ ਵਿਚ ਸਮਾਧੀ ਲਾਉਣ ਵਾਲੇ ਜੋਗੀ ਜਾਂ ਮੋਨ ਧਾਰ ਕੇ ਇਕਾਂਤ ਵਿਚ ਰਹਿਣ ਵਾਲੇ ਰਿਸ਼ੀ ਮੁਨੀ। ਹਰਣੀ, ਕੋਇਲ, ਮੱਛੀ ਤੇ ਨਾਗਣ ਵਰਗਾ ਜੀਵਨ ਬਿਤਾਉਣ ਨਾਲੋਂ ਜੇ ਨਾਮ ਸਿਮਰਿਆ ਜਾਵੇ ਤਾਂ ਘਰ ਵਿਚ ਬੈਠਿਆਂ ਹੀ ਵਾਹਿਗੁਰੂ ਮਿਲ ਜਾਂਦਾ ਹੈ।

ਗਉੜੀ ਪੂਰਬੀ ਦੀਪਕੀ ਮਹਲਾ ੧ ॥ ੴ ਸਤਿਗੁਰ ਪ੍ਰਸਾਦਿ ॥ ਜੈ ਘਰਿ ਕੀਰਤਿ ਆਖੀਐ, ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ, ਸਿਵਰਹੁ ਸਿਰਜਣਹਾਰੋ ॥੧॥ ਸਭ ਦਾ ਪ੍ਰਕਾਸ਼ਕ, ਇਕ ਸਰਬ ਸ਼ਕਤੀਮਾਨ ਵਾਹਿਗੁਰੂ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਜਿਸ ਸੱਤ ਸੰਗ ਰੂਪ ਘਰ ਵਿਚ ਕਰਤਾਰ ਦੀ ਸਿਫਤ ਸਲਾਹ ਉਚਾਰੀ ਜਾਂਦੀ ਹੈ ਅਤੇ ਕਰਤਾਰ (ਦੇ ਗੁਣਾਂ) ਦੀ ਕਥਾ ਵਿਚਾਰ ਹੁੰਦੀ ਹੈ। ਉਸ ਸੱਤ ਸੰਗ ਰੂਪ ਘਰ ਵਿਚ (ਕਰਤਾਰ ਦਾ) ਜਸ ਗਾਵੋ ਅਤੇ ਪੈਦਾ ਕਰਨ ਵਾਲੇ ਕਰਤਾਰ ਦਾ ਸਿਮਰਨ ਕਰੋ।੧।

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ,ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ਰਹਾਉ॥ ਹੇ ਭਾਈ! ਤੁਸੀਂ ਮੇਰੇ ਭੈ ਰਹਿਤ ਵਾਹਿਗੁਰੂ ਦਾ ਜਸ ਗਾਵੋ। ਜਿਸ ਜਸ ਦੇ ਗਾਉਣ ਨਾਲ ਸਦੀਵੀ ਸੁਖ ਹੁੰਦਾ ਹੈ, ਉਸ ਜਸ ਤੋਂ ਮੈਂ ਸਦਕੇ ਜਾਂਦਾ ਹਾਂ।੧। ਰਹਾਉ।

ਨਿਤ ਨਿਤ ਜੀਅੜੇ ਸਮਾਲੀਅਨਿ, ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨ ਪਵੈ, ਤਿਸੁ ਦਾਤੇ ਕਵਣੁ ਸੁਮਾਰੁ ॥੨॥ ਉਹ ਪ੍ਰਭੂ ਨਿਤਾ ਪ੍ਰਤੀ ਜੀਵਾਂ ਦੀ ਸੰਭਾਲ ਕਰਦਾ ਹੈ, ਦਾਤਾਂ ਦੇਣ ਵਾਲਾ ਦਾਤਾ (ਤੈਨੂੰ ਵੀ) ਦੇਖੇਗਾ ਭਾਵ ਧਿਆਨ ਰਖੇਗਾ।(ਹੇ ਭਾਈ!) ਤੇਰੇ ਪਾਸੋਂ ਤਾਂ ਦਾਤੇ ਦੇ ਦਿਤੇ ਦਾਨ ਦਾ ਮੁੱਲ ਨਹੀਂ ਪੈ ਸਕਦਾ, ਤਾਂ ਉਸ ਦਾਤੇ ਦੀ ਗਿਣਤੀ ਕੌਣ ਕਰ ਸਕਦਾ ਹੈ? (ਉਹ ਬੇਅੰਤ ਹੈ)।੨।

ਸੰਬਤਿ ਸਾਹਾ ਲਿਖਿਆ, ਮਿਲਿ ਕਰਿ ਪਾਵਹੁ ਤੇਲੁ ॥ਦੇਹੁ ਸਜਣ ਆਸੀਸੜੀਆ, ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ (ਜਿਵੇਂ ਵਿਆਹ ਦਾ) ਦਿਨ ਤੇ ਸਾਲ ਲਿਖਿਆ (ਨੀਯਤ ਕੀਤਾ) ਹੋਇਆ ਹੁੰਦਾ ਹੈ, (ਇਵੇਂ ਮੌਤ ਦਾ ਸਮਾਂ ਵੀ ਨੀਯਤ ਹੋਇਆ ਹੋਇਆ ਹੈ, ਤੁਸੀਂ ਸਾਰੇ) ਮਿਲ ਕੇ ਮੇਰੇ ਸਿਰ ਵਿਚ ਸ਼ਗਨਾਂ ਦਾ ਤੇਲ ਪਾਓ। ਹੇ ਸੱਜਣੋਂ! (ਤੁਸੀਂ ਸਾਰੇ ਸਤ ਸੰਗੀ ਰਲ ਕੇ ਮੈਨੂੰ) ਅਸੀਸਾਂ ਦਿਓ, (ਕਿ ਮੌਤ ਰੂਪ ਵਿਆਹ ਹੋਣ ਤੇ) ਜਿਵੇਂ ਮਾਲਕ ਪ੍ਰਭੂ ਨਾਲ ਮੇਲ ਹੋ ਜਾਵੇ।(ਇਥੇ ਲਾੜਾ ਮੌਤ ਨਹੀਂ, ਮੌਤ ਤਾਂ ਸੱਦਣ ਵਾਲੇ ਪਤੀ ਪ੍ਰਭੂ ਦਾ ਸੱਦਾ ਹੈ, ਜੋ ਸਭ ਕਿਸੇ ਲਈ ਇਕੋ ਜਿਹਾ ਹੈ। ਪਰ ਵਿਆਹ ਸਭ ਦਾ ਨਹੀਂ ਹੋਣਾ, ਵਿਆਹ ਉਸਦਾ ਹੋਣਾ ਹੈ ਜੋ ਪ੍ਰਭੂ ਪਤੀ ਨੂੰ ਪਸੰਦ ਹੋਵੇਗੀ)।੩।

ਘਰਿ ਘਰਿ ਏਹੋ ਪਾਹੁਚਾ, ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ, ਨਾਨਕ ਸੇ ਦਿਹ ਆਵੰਨਿ ॥੪॥੧॥੨੦॥ (ਜੀਵ ਇਸਤ੍ਰੀਆਂ ਨੂੰ ਪ੍ਰਭੂ ਦੇ ਦੇਸ਼ ਜਾਣ ਦੇ ਮੌਤ ਰੂਪ) ਸੱਦੇ ਨਿੱਤ ਪੈ ਰਹੇ ਹਨ, (ਆਸ ਪਾਸ ਜੋ ਜੀਵ ਮਰ ਰਹੇ ਹਨ) ਹਰ ਘਰ ਵਿਚ ਇਹੋ ਹੀ ਸੱਦਾ ਮਿਲ ਰਿਹਾ ਹੈ। ਗੁਰੂ ਜੀ ਆਖਦੇ ਹਨ ਕਿ ਮਰਨ ਦਾ ਉਹ ਦਿਨ ਨੇੜੇ ਆ ਰਿਹਾ ਹੈ, (ਇਸ ਲਈ ਸਾਨੂੰ ਸਭ ਨੂੰ) ਸੱਦਣਹਾਰੇ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ (ਤਾਂ ਕਿ ਜਿਉਂਦੇ ਹੀ ਪ੍ਰਭੂ ਨਾਲ ਮੇਲ ਹੋ ਜਾਵੇ, ਮੌਤ ਤੋਂ ਬਾਦ ਜਨਮ ਲੈ ਕੇ ਮੁੜ ਵਿਛੜਨਾ ਨਾ ਪਵੇ) ।੪।੧।੨੦।

ਪਦਾਰਥ = ਗਉੜੀ ਪੂਰਬੀ ਦੀਪਕੀ–ਗਉੜੀ, ਇਹ ਸ਼ਬਦ ਗਉੜੀ, ਪੂਰਬੀ ਤੇ ਦੀਪਕੀ ਤਿੰਨੇ ਰਾਗਣੀਆਂ ਮਿਲਾ ਕੇ ਗਾਇਆ ਹੋਇਆ ਹੈ। ਜੈ–ਜਿਸ। ਘਰਿ–ਸੱਤ ਸੰਗ ਰੂਪ ਘਰ ਵਿਚ। ਕੀਰਤਿ–ਸਿਫਤ ਸਲਾਹ। ਕਰਤੇ ਕਾ–ਕਰਤਾਰ ਦਾ। ਤਿਤੁ–ਉਸ। ਸੋਹਿਲਾ–ਅਨੰਦ ਦਾ ਗੀਤ; ਜਸ। ਸਿਵਰਹੁ–ਸਿਮਰੋ।੧। ਹਉ–ਮੈਂ। ਵਾਰ ਜਾਉ–ਸਦਕੇ ਜਾਂਦਾ ਹਾਂ। ਜਿਤੁ ਸੋਹਿਲੈ–ਜਿਸ ਸੋਹਿਲੇ ਦੇ ਗਾਉਣ ਨਾਲ ।੧। ਰਹਾਉ । ਨਿਤ ਨਿਤ–ਨਿਤਾ ਪ੍ਰਤੀ; ਸਦਾ। ਜੀਅੜੇ–ਜੀਵਾਂ ਦੀ। ਸਮਾਲੀਅਨ–ਸੰਭਾਲਦਾ ਹੈ। ਦਾਨੈ–ਦਾਨ ਦੀ। ਕਵਣੁ–ਕੌਣ। ਸੁਮਾਰੁ–ਗਿਣਤੀ। ੨। ਸੰਬਤਿ–ਸਾਲ। ਸਾਹਾ–ਸ਼ੁੱਭ ਲਗਨ ਦਾ ਸਮਾਂ; ਹਿੰਦ ਮੱਤ ਅਨੁਸਾਰ ਗ੍ਰਹਿ ਆਦਿ ਦੀ ਗਿਣਤੀ ਕਰਕੇ ਵਿਆਹ ਲਈ ਮੁਕੱਰਰ ਕੀਤਾ ਦਿਨ। ਪਾਵਹੁ ਤੇਲੁ–ਤੇਲ ਪਾਓ (ਵਿਆਹ ਤੋਂ ਕੁਝ ਦਿਨ ਪਹਿਲਾਂ ਵਿਆਹ ਵਾਲੀ ਲੜਕੀ ਨੂੰ ਮਾਂਈਏਂ ਪਾਈਦਾ ਹੈ, ਕੁਝ ਸਹੇਲੀਆਂ ਤੇ ਹੋਰ ਸਬੰਧੀਆਂ ਦੀਆਂ ਔਰਤਾਂ ਵਿਆਹ ਵਾਲੀ ਕੁੜੀ ਦੇ ਸਿਰ ਵਿਚ ਸ਼ਗਨਾਂ ਦਾ ਤੇਲ ਪਾਉਂਦੀਆਂ ਹਨ ਤੇ ਅਸੀਸਾਂ ਦੇ ਗੀਤ ਗਾਉਂਦੀਆਂ

ਹਨ)।ਸਾਹਿਬ ਸਿਉ–ਮਾਲਕ ਨਾਲ।੩।ਪਾਹੁਚਾ–ਸੱਦਾ; ਨਿਉਂਦਾ (ਵਿਆਹ ਦਾ ਦਿਨ ਨੀਯਤ ਹੋਣ ਤੇ ਲਾਗੀ ਵਿਆਹ ਵਾਲਿਆਂ ਸਬੰਧੀਆਂ ਦੇ ਘਰ ਵਿਆਹ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਜਾਂਦਾ ਹੈ, ਉਸ ਨੂੰ ਪਾਹੁਚਾ ਆਖਦੇ ਹਨ, ਇਥੇ ਭਾਵ ਹੈ ਮੌਤ ਦਾ ਸੱਦਾ)।ਪਵੰਨਿ–ਪੈਂਦੇ ਹਨ।ਸਦਣਹਾਰਾ–ਸੱਦੇ ਭੇਜਣ ਵਾਲਾ (ਵਾਹਿਗੁਰੂ)।ਸੇ–ਉਹ।ਦਿਹ–ਦਿਨ।੪।੧। ੨੦।

ਨੋਟ = ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੨ ਅੰਗ ਤੇ ਵੀ ਥੋੜੇ ਜਿਹ ਫਰਕ ਨਾਲ ਆਇਆ ਹੈ।ਉਥੇ 'ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧', ਪਰ ਇਥੇ 'ਗਉੜੀ ਪੂਰਬੀ ਦੀਪਕੀ ਮਹਲਾ ੧' ਕਰਕੇ ਲਿਖਿਆ ਹੈ।ਸ਼ਬਦ ਦੇ ਅਖੀਰ ਵਿਚ ਆਇਆ ਅੰਕ ੪ ਸ਼ਬਦ ਦੇ ਪਦਿਆਂ ਦੀ ਗਿਣਤੀ ਦਾ ਹੈ।ਅੰਕ ੧ ਰਾਗ ਗਉੜੀ ਦੀ ਜਾਤੀ ਬਦਲਣ ਕਰਕੇ 'ਗਉੜੀ ਪੂਰਬੀ ਦੀਪਕੀ' ਵਿਚ ਗੁਰੂ ਨਾਨਕ ਦੇਵ ਜੀ ਦਾ ਇਹ ਇਕੋ ਸ਼ਬਦ ਹੈ।ਅੰਕ ੨੦ ਗੁਰੂ ਨਾਨਕ ਦੇਵ ਜੀ ਦੇ ਹੁਣ ਤਕ ਆਏ ਸ਼ਬਦਾਂ ਦੀ ਗਿਣਤੀ ਦਾ ਹੈ।

ਵਿਆਖਿਆ = ਇਸ ਸ਼ਬਦ ਵਿਚ ਮੌਤ ਨੂੰ ਵਿਆਹ ਨਾਲ ਉਪਮਾ ਦਿਤੀ ਗਈ ਹੈ, ਕਿਉਂਕਿ ਮੌਤ ਰੂਪ ਵਿਆਹ ਹੋਣ ਤੇ ਵਾਹਿਗੁਰੂ ਨਾਲ ਮਿਲਾਪ ਹੋਣਾ ਹੁੰਦਾ ਹੈ {ਮਰਣੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ ੧੩੬੫}।ਇਥੇ ਲਾੜਾ ਮੌਤ ਨਹੀਂ, ਮੌਤ ਤਾਂ ਵਿਆਹ ਦਾ ਕਾਰਜ ਹੈ, ਪ੍ਰਮੇਸਰ ਪਤੀ ਹੈ।ਮੌਤ ਨੂੰ ਵਿਆਹ ਦਸ ਕੇ ਮੌਤ ਦਾ ਡਰ ਦੂਰ ਕੀਤਾ ਹੈ ਕਿ ਇਹ ਭਿਆਨਕ ਵਸਤੂ ਨਹੀਂ।ਮੌਤ ਰੂਪ ਵਿਆਹ ਤਾਂ ਪਤੀ ਪ੍ਰਮਾਤਮਾ ਨਾਲ ਮੇਲ ਕਰਾਉਣ ਵਾਲਾ ਖੁਸ਼ੀ ਦਾ ਕਾਰਜ ਹੈ।ਮੌਤ ਰੂਪ ਵਿਆਹ ਤੋਂ ਪਹਿਲਾਂ ਤਿਆਰੀ ਦੱਸੀ ਹੈ, ਪਤੀ ਦੇ ਸੋਹਿਲੇ ਗਾਉਣ ਦੀ।ਮੌਤ ਦਾ ਸਮਾਂ ਪਹਿਲਾਂ ਹੀ ਨੀਯਤ ਹੋਇਆ ਹੋਇਆ ਹੈ, ਜੋ ਮਨੁੱਖ ਨਾਮ ਸਿਮਰਨ ਕਰੇਗਾ, ਉਸ ਨੂੰ ਮੌਤ ਸਮੇਂ ਪਤੀ ਮਿਲਾਪ ਦੀ ਖੁਸ਼ੀ ਮਿਲੇਗੀ।ਪਰ ਇਹ ਮੇਲ ਸਭ ਦਾ ਨਹੀਂ ਹੁੰਦਾ, ਮੇਲ ਉਸਦਾ ਹੁੰਦਾ ਹੈ, ਜੋ ਪ੍ਰਭੂ ਨੂੰ ਪਸੰਦ ਆ ਜਾਵੇ।ਇਸ ਕਰਕੇ ਉਸ ਦਾ ਮਿਲਾਪ ਹਾਸਲ ਕਰਨ ਲਈ ਸਤ ਸੰਗਤ ਵਿਚ ਜਾ ਕੇ ਪਤੀ ਪ੍ਰਭੂ ਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ।

## ਰਾਗੁ ਗਉੜੀ ਗੁਆਰੇਰੀ ॥ ਮਹਲਾ ੩ ਚਉਪਦੇ ॥ ੧ੴ ਸਤਿਗੁਰ ਪ੍ਰਸਾਦਿ ॥

ਗੁਰਿ ਮਿਲਿਐ ਹਰਿ ਮੇਲਾ ਹੋਈ ॥ ਆਪੇ ਮੇਲਿ ਮਿਲਾਵੈ ਸੋਈ ॥ ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ ਹੁਕਮੇ ਮੇਲੇ ਸਬਦਿ ਪਛਾਣੈ ॥੧॥ ਗੁਰੂ ਦੇ ਮਿਲਿਆਂ ਹੀ ਵਾਹਿਗੁਰੂ ਨਾਲ ਮੇਲ ਹੁੰਦਾ ਹੈ।ਉਹ ਵਾਹਿਗੁਰੂ ਆਪੇ ਗੁਰੂ ਨਾਲ ਮਿਲਾ ਕੇ (ਫਿਰ ਅਪਨੇ ਨਾਲ) ਮਿਲਾਉਂਦਾ ਹੈ। (ਗੁਰੂ ਨਾਲ ਮਿਲਾਉਣ ਦੀਆਂ) ਸਾਰੀਆਂ ਵਿਧੀਆਂ ਮੇਰਾ ਵਾਹਿਗੁਰੂ ਆਪੇ ਜਾਣਦਾ ਹੈ।(ਜਿਸ ਮਨੁੱਖ ਨੂੰ ਵਾਹਿਗੁਰੂ ਅਪਣੇ) ਹੁਕਮ ਨਾਲ (ਗੁਰੂ) ਮਿਲਾਉਂਦਾ ਹੈ, (ਉਹ ਗੁਰੂ ਦੇ ਦਿਤੇ) ਸ਼ਬਦ ਦੁਆਰਾ ਵਾਹਿਗੁਰੂ ਨੂੰ ਪਛਾਣ ਲੈਂਦਾ ਹੈ।੧।

ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ ਭੈ ਰਾਚੈ ਸਚ ਰੰਗਿ ਸਮਾਇ ॥੧॥ਰਹਾਉ॥ ਸਤਿਗੁਰੂ ਦੇ ਭੈ ਵਿਚ ਰਹਿਣ ਕਰਕੇ (ਸਭ ਕਿਸਮ ਦਾ) ਭਰਮ ਤੇ ਡਰ ਦੂਰ ਹੋ ਜਾਂਦਾ ਹੈ।(ਜਿਹੜਾ ਮਨੁੱਖ ਗੁਰੂ ਦੇ) ਭੈ ਵਿਚ ਰਚ ਜਾਂਦਾ ਹੈ, ਉਹ ਸੱਚ ਸਰੂਪ ਵਾਹਿਗੁਰੂ ਦੇ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ (ਗੁਰੂ ਦਾ ਡਰ ਹਰੀ ਦੇ ਪ੍ਰੇਮ ਦਾ ਰਸਤਾ ਹੈ)।੧।ਰਹਾਉ।

ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ ਮੇਰਾ ਪ੍ਰਭੁ ਭਾਰਾ ਕੀਮਤਿ ਨਹੀਂ ਪਾਇ ॥ ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ ਮੇਰਾ ਬਖਸੇ ਬਖਸਣਹਾਰੁ ॥੨॥ ਮੇਰਾ ਪ੍ਰਭੂ ਸਭ ਤੋਂ ਬਹੁਤ ਵੱਡਾ ਹੈ, (ਉਸ ਦੀ) ਕੀਮਤ ਨਹੀਂ ਪਾਈ ਜਾ ਸਕਦੀ (ਅੰਦਾਜਾ ਨਹੀਂ ਲਾਇਆ ਜਾ ਸਕਦਾ ਕਿ ਕਿਤਨਾ ਵੱਡਾ ਹੈ)।ਗੁਰੂ ਦੇ ਮਿਲਣ ਨਾਲ ਮਨ ਵਿਚ ਸੁਭਾਵਕ ਹੀ ਹਰੀ ਵਸ ਜਾਂਦਾ ਹੈ।(ਹਰੀ ਦਾ) ਅੰਤ ਨਹੀਂ ਪਾਇਆ ਜਾ ਸਕਦਾ, ਨਾ ਉਸਦਾ ਉਰਲਾ ਤੇ ਪਾਰਲਾ ਕੰਢਾ ਲੱਭਿਆ ਜਾ ਸਕਦਾ ਹੈ, (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜ ਕੇ ਉਸ ਹਰੀ ਨੂੰ ਸਲਾਹੁੰਦਾ ਹੈ ,(ਉਸਦੇ ਸਾਰੇ ਗੁਨਾਹ) ਬਖਸ਼ਣਹਾਰ ਹਰੀ ਬਖਸ ਦੇਂਦਾ ਹੈ।੨।

ਅੰਗ ੧੫੮ = ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥ ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥ ਗੁਰੂ ਦੇ ਮਿਲਣ ਨਾਲ (ਗੁਰੂ ਦੇ ਭੈ ਧਾਰਣ ਤੇ ਉਪਦੇਸ਼ ਸੁਣਨ ਨਾਲ ਮਨੁੱਖ ਦੀ) ਮੱਤ ਤੇ ਬੁੱਧੀ ਸਭ ਸ੍ਰੇਸਟ ਹੋ ਜਾਂਦੀ ਹੈ।ਅਤੇ ਨਿਰਮਲ ਮਨ ਵਿਚ ਉਹ ਸੱਚਾ ਪ੍ਰਭੂ ਵਸ ਜਾਂਦਾ ਹੈ।(ਮਨ ਵਿਚ) ਸੱਚ ਦੇ ਵਸ ਜਾਣ ਕਰਕੇ ਸਾਰੇ ਕਰਮ ਸੱਚੇ ਹੋ ਜਾਂਦੇ ਹਨ।(ਗੁਰੂ ਦੇ) ਸ਼ਬਦ ਦੀ ਵਿਚਾਰ ਉਤਮ ਕਰਣੀ ਹੈ; ਗੁਰੂ ਦੇ ਸ਼ਬਦ ਦੀ ਵਿਚਾਰ ਕਰਨ ਨਾਲ ਕਰਣੀ ਉਤਮ ਹੋ ਜਾਂਦੀ ਹੈ।੩॥

ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥ ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥ ੨੧॥ ਗੁਰੂ ਤੋਂ ਸੱਚੀ ਸੇਵਾ (ਪ੍ਰਭੂ ਦੀ ਸਿਮਰਨ ਭਗਤੀ) ਪ੍ਰਾਪਤ ਹੁੰਦੀ ਹੈ।ਗੁਰੂ ਦੁਆਰਾ ਕੋਈ ਵਿਰਲਾ (ਮਨੁੱਖ ਹੀ) ਨਾਮ ਨੂੰ ਪਛਾਣਦਾ ਹੈ।ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦਾ) ਹਰੀ ਦੇ ਨਾਮ ਵਿਚ ਪਿਆਰ ਲਗ ਜਾਂਦਾ ਹੈ।(ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਸਾਰੀਆਂ) ਦਾਤਾਂ ਦੇਣ ਵਾਲਾ ਪ੍ਰਭੂ ਸਦਾ ਜਿਉਂਦਾ ਹੈ (ਸਦੀਵੀ ਹੋਂਦ ਵਾਲਾ) ਹੈ; (ਜਿਸ ਗੁਰੂ ਦੀ ਸੇਵਾ ਕੀਤਿਆਂ) ਹਰੀ ਦੇ ਨਾਮ ਵਿਚ ਪਿਆਰ ਲਗ ਜਾਂਦਾ ਹੈ, (ਉਹ ਨਾਮ ਦੀ) ਦਾਤ ਦੇਣ ਵਾਲਾ ਦਾਤਾ (ਗੁਰੂ ਸਦਾ) ਜਿਉਂਦਾ ਰਹੇ (ਭਾ. ਵੀਰ ਸਿੰਘ; ਫ.ਸ.; ਟਕਸਾਲ)

।੪।੧।੨੧।
ਪਦਾਰਥ = ਮੇਲਾ–ਮਿਲਾਪ। ਸੋਈ–ਉਹ। ਬਿਧਿ–ਮਿਲਣ ਦੇ ਤਰੀਕੇ।੧। ਭਇ–ਭੈ ਵਿਚ। ਜਾਇ–ਚਲਾ ਜਾਂਦਾ ਹੈ। ਰਾਚੈ–ਮਿਲ (ਅਭੇਦ ਹੋ) ਜਾਂਦਾ ਹੈ। ਰੰਗਿ–ਪ੍ਰੇਮ ਵਿਚ। ਸਮਾਇ–ਸਮਾ ਜਾਂਦਾ ਹੈ।੧। ਰਹਾਉ। ਸੁਭਾਇ–ਸੁਭਾਵਕ ਹੀ। ਭਾਰਾ–ਬਹੁਤ ਵੱਡਾ। ਪਾਰਾਵਾਰੁ–ਉਰਲਾ ਤੇ ਪਾਰਲਾ ਕਿਨਾਰਾ; ਹੱਦ; ਬੰਨਾ।੨। ਮਤਿ–ਵਿਵਹਾਰਕ ਮੱਤ। ਬੁਧਿ–ਪ੍ਰਮਾਰਥਕ ਬੁੱਧੀ। ਸਚੁ–ਸੱਚਾ ਪ੍ਰਭੂ। ਸਾਚੀ ਕਾਰ–ਕੰਮ ਕਾਰ ਸੱਚਾ ਹੁੰਦਾ ਹੈ।੩। ਤੇ–ਤੋਂ; ਪਾਸੋਂ। ਸਾਚੀ ਸੇਵਾ–ਨਾਮ ਸਿਮਰਨ ਦੀ ਸੱਚੀ ਸੇਵਾ।੪।੧।੨੧।

ਗਉੜੀ ਗੁਆਰੇਰੀ ਮਹਲਾ ੩ ॥ ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥ (ਹੇ ਭਾਈ!) ਕੋਈ ਵਿਰਲਾ ਪੁਰਖ ਹੀ ਗੁਰੂ ਪਾਸੋਂ ਰੱਬੀ ਗਿਆਨ ਪ੍ਰਾਪਤ ਕਰਦਾ ਹੈ। (ਜੋ ਪੁਰਖ) ਗੁਰੂ ਤੋਂ (ਉਪਦੇਸ਼ ਸੁਣ ਕੇ) ਸਮਝਦਾ ਹੈ, ਉਹ ਸਫਲ (ਜੀਵਨ ਵਾਲਾ) ਹੁੰਦਾ ਹੈ। ਗੁਰੂ ਪਾਸੋਂ ਸਹਿਜ, ਸੱਚ ਤੇ ਵਿਚਾਰ ਪ੍ਰਾਪਤ ਹੁੰਦੇ ਹਨ; ਗੁਰੂ ਤੋਂ ਸਹਿਜ ਅਵਸਥਾ ਪ੍ਰਾਪਤ ਕਰਨ ਦਾ ਸੱਚਾ ਵਿਚਾਰ ਮਿਲਦਾ ਹੈ (ਸੰ. ਸ.)। ਅਤੇ ਗੁਰੂ ਤੋਂ ਮੁਕਤੀ ਦਾ ਦੁਆਰਾ ਪ੍ਰਾਪਤ ਹੁੰਦਾ ਹੈ।੧।

ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ ॥੧॥ਰਹਾਉ॥ (ਪਰ ਅਜੇਹਾ) ਗੁਰੂ ਪੂਰੇ ਭਾਗਾਂ ਨਾਲ ਆ ਮਿਲਦਾ ਹੈ; ਪੂਰੇ ਭਾਗਾਂ ਨਾਲ (ਮਨੁੱਖ) ਗੁਰੂ ਨੂੰ ਆ ਮਿਲਦਾ ਹੈ। (ਫਿਰ ਉਹ ਪੁਰਖ) ਸੱਚੇ (ਗੁਰੂ) ਤੋਂ ਸਹਿਜ ਅਵਸਥਾ ਪ੍ਰਾਪਤ ਕਰ ਕੇ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ; ਸੱਚੇ (ਗੁਰੂ) ਦੇ ਗਿਆਨ ਦੁਆਰਾ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ।੧। ਰਹਾਉ।

ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਤੇ ਸਾਂਤਿ ਵਸੈ ਮਨਿ ਆਇ ॥ ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ ਗੁਰ ਤੇ ਸਬਦਿ ਮਿਲਾਵਾ ਹੋਇ ॥੨॥ ਗੁਰੂ ਦੇ ਮਿਲਣ ਨਾਲ (ਮਨੁੱਖ ਅਪਣੀ) ਤ੍ਰਿਸ਼ਨਾ ਦੀ ਅੱਗ ਬੁਝਾ ਲੈਂਦਾ ਹੈ। ਗੁਰੂ ਪਾਸੋਂ ਹੀ ਸ਼ਾਂਤੀ ਮਨ ਵਿਚ ਆ ਵਸਦੀ ਹੈ। ਗੁਰੂ (ਦੇ ਉਪਦੇਸ਼) ਤੋਂ ਮਨ ਪਵਿਤ੍ਰ, ਬਾਣੀ ਪਵਿਤ੍ਰ ਤੇ ਤਨ ਦੀ ਸੁੱਚਮਤਾ ਪ੍ਰਾਪਤ ਹੁੰਦੀ ਹੈ। ਗੁਰੂ ਤੋਂ ਪ੍ਰਾਪਤ ਹੋਏ ਸ਼ਬਦ ਦੁਆਰਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।੨।

ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥੩॥ ਗੁਰੂ ਤੋਂ ਬਿਨਾ ਸਾਰੀ ਦੁਨੀਆਂ ਭਰਮ ਵਿਚ ਭੁੱਲੀ (ਕੁਰਾਹੇ ਪਈ) ਹੋਈ ਹੈ। (ਦੁਨੀਆਂ) ਨਾਮ ਤੋਂ ਬਿਨਾ ਬਹੁਤ ਦੁਖ ਪਾ ਰਹੀ ਹੈ। (ਜੋ ਮਨੁੱਖ ਗੁਰੂ ਤੋਂ ਦੀਖਿਅਤ ਹੋ ਕੇ) ਗੁਰਮੁਖ ਹੁੰਦਾ ਹੈ, ਉਹ ਨਾਮ ਨੂੰ ਧਿਆਉਂਦਾ ਹੈ। (ਫਿਰ ਉਸ ਮਨੁੱਖ ਨੂੰ) ਸੱਚੇ ਪ੍ਰਭੂ ਦੇ ਦਰਸ਼ਨ ਦੁਆਰਾ (ਦਰਗਾਹ ਵਿਚ) ਸੱਚੀ ਇੱਜਤ ਪ੍ਰਾਪਤ ਹੁੰਦੀ ਹੈ।੩।

ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥ (ਅਜੇਹੇ ਮੇਲ ਲਈ ਗੁਰੂ ਤੋਂ ਬਿਨਾ ਹੋਰ) ਕਿਸ ਨੂੰ ਆਖੀਏ (ਕਿਸ ਅੱਗੇ ਅਰਦਾਸ ਕਰੀਏ, ਕਿਉਂਕਿ ਨਾਮ ਦਾ) ਦਾਤਾ ਇਕ ਉਹ (ਗੁਰੂ) ਹੀ ਹੈ; ਕਿਸ ਨੂੰ ਕਹੀਏ, ਦਾਤਾ ਤਾਂ ਇਕ ਉਹ ਪ੍ਰਭੂ ਹੀ ਹੈ। (ਜਿਸ ਮਨੁੱਖ ਉਤੇ) ਕਿਰਪਾ ਕਰਦਾ ਹੈ, (ਉਸਦਾ ਗੁਰੂ ਦੇ) ਸ਼ਬਦ ਦੁਆਰਾ (ਪ੍ਰਭੂ ਨਾਲ) ਮਿਲਾਪ ਹੁੰਦਾ ਹੈ। ਪਿਆਰੇ (ਗੁਰੂ) ਨੂੰ ਮਿਲ ਕੇ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਰਹਾਂ। (ਤਾਂ ਜੋ) ਸੱਚੇ ਨਾਮ ਦੁਆਰਾ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਵਾਂ।੪।੨।੨੨।

ਪਦਾਰਥ = ਤੇ–ਤੋਂ; ਪਾਸੋਂ। ਜਨੁ–ਪੁਰਖ। ਬੂਝੈ–ਸਮਝਦਾ ਹੈ। ਸੀਝੈ–ਮੁਕਤ; ਸਫਲ; ਸਿੱਧੀ ਨੂੰ ਪ੍ਰਾਪਤ ਹੁੰਦਾ ਹੈ। ਸਹਜੁ–ਗਿਆਨ ਤੇ ਸ਼ਾਂਤੀ ਵਾਲੀ ਸਹਿਜ ਅਵਸਥਾ। ਦੁਆਰੁ–ਦਰਵਾਜਾ।੧। ਭਾਗਿ–ਭਾਗਾਂ ਨਾਲ। ਸਾਚੈ ਸਹਜਿ–ਸੱਚੇ ਦੇ ਗਿਆਨ ਦੁਆਰਾ।੧। ਰਹਾਉ। ਪਾਵਨ–ਪਵਿਤ੍ਰ; ਸ਼ੁੱਧ। ਸੁਚਿ–ਸੁੱਚਮਤਾ।੨। ਬਾਝ–ਬਿਨਾ। ਭੁਲਾਈ–ਭੁੱਲੀ ਹੋਈ; ਕੁਰਾਹੇ ਪਈ ਹੋਈ। ਪਤਿ–ਇੱਜਤ।੩। ਨੋ–ਨੂੰ। ਇਕੁ ਸੋਈ–ਉਹ ਇਕ ਪ੍ਰਭੂ; ਉਹ ਇਕ ਗੁਰੂ। ਪ੍ਰੀਤਮ–ਪਿਆਰਾ। ਸਮਾਵਾ–ਸਮਾ ਜਾਵਾਂ।੪।੨।੨੨।

ਗਉੜੀ ਗੁਆਰੇਰੀ ਮਹਲਾ ੩ ॥ ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ ॥ ਸਭੁ ਕਿਛੁ ਸਾਚਾ ਆਪੇ ਆਪੈ ॥੧॥ ਉਹ ਥਾਂ (ਸੱਤ ਸੰਗਤ) ਸੱਚੀ ਹੈ, (ਜਿਥੇ ਬੈਠਣ ਕਰਕੇ ਕੂੜ ਦੀ ਮੈਲ ਤੋਂ ਮਨੁੱਖ ਦਾ) ਮਨ ਨਿਰਮਲ ਹੁੰਦਾ ਹੈ। ਉਥੇ ਸੱਚਾ ਹੋਣ ਕਰਕੇ ਉਹ ਸੱਚ ਵਿਚ ਨਿਵਾਸ ਕਰਦਾ ਹੈ। ਉਸਦੀ ਬਾਣੀ ਸੱਚੀ ਹੁੰਦੀ ਹੈ ਅਤੇ ਚਾਰੇ ਜੁੱਗਾਂ ਵਿਚ ਜਾਣੀ ਜਾਂਦੀ ਹੈ (ਸ਼ਬਦਾਰਥ; ਸੱਤ ਸੰਗਤ ਦੀ ਬਰਕਤ ਨਾਲ ਮਨੁੱਖ ਦਾ ਮਨ) ਸੱਚ ਸਰੂਪ ਪ੍ਰਭੂ ਵਿਚ ਨਿਵਾਸ ਕਰਦਾ ਹੈ ਅਤੇ ਉਹ ਸੱਚੇ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। (ਸਤ ਸੰਗਤ ਵਿਚ) ਸੱਚੀ ਬਾਣੀ (ਦੀ ਵਿਚਾਰ ਹੁੰਦੀ ਹੈ, ਜੋ) ਚੌਹਾਂ ਜੁੱਗਾਂ ਵਿਚ ਜਾਣੀ ਜਾਂਦੀ ਹੈ। (ਉਸ ਮਨੁੱਖ ਨੂੰ ਨਿਸਚਾ ਹੋ ਜਾਂਦਾ ਹੈ ਕਿ) ਸਭ ਕੁਛ ਸੱਚਾ (ਪ੍ਰਭੂ) ਆਪ ਹੀ ਆਪ ਹੈ (ਆਪੇ ਜੀਵ ਰੂਪ ਤੇ ਆਪੇ ਬ੍ਰਹਮ ਰੂਪ ਹੈ)।੧।

ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ਰਹਾਉ॥ (ਜਿਸ ਮਨੁੱਖ ਉਤੇ ਪ੍ਰਭੂ ਦੀ) ਬਖਸ਼ਿਸ਼ ਹੋਵੇ (ਉਸ ਨੂੰ) ਸੱਤ ਸੰਗਤ ਵਿਚ ਮਿਲਾਉਂਦਾ ਹੈ। ਉਹ (ਗੁਰਮੁਖ ਉਸ) ਸ੍ਰੇਸਟ ਥਾਂ ਤੇ ਬੈਠ ਕੇ ਹਰੀ ਦੇ ਗੁਣ ਗਾਉਂਦਾ ਹੈ।੧। ਰਹਾਉ।

ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ, ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ (ਸਤ ਸੰਗਤ ਵਿਹੂਣੇ ਮਨੁੱਖ ਦੇ ਅਉਗਣ) ਇਹ ਜੀਭ ਸੜ ਜਾਵੇ, ਜੋ ਦੂਜੇ ਪਿਆਰ ਵਿਚ ਲੱਗੀ ਹੋਈ ਹੈ। (ਕਿਉਂ ਕਿ ਇਹ) ਹਰੀ ਦੇ ਨਾਮ ਦਾ ਰਸ ਨਹੀ ਚਖਦੀ ਅਤੇ ਫਿੱਕਾ ਬੋਲਦੀ ਹੈ।(ਨਾਮ ਰਸ) ਸਮਝੇ ਬਿਨਾ ਤਨ ਮਨ ਫਿੱਕਾ ਹੋ ਜਾਂਦਾ ਹੈ।(ਇਸ ਲਈ) ਨਾਮ ਤੋਂ ਬਿਨਾ (ਮਨ) ਦੁਖੀ ਹੋ ਕੇ (ਇਸ ਸੰਸਾਰ ਤੋਂ) ਰੋਂਦਾ ਚਲਾ ਜਾਂਦਾ ਹੈ।੨।

ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥ (ਜਿਸ ਮਨੁੱਖ ਦੀ) ਰਸਨਾ ਨੇ ਸਹਿਜ ਸੁਭਾਵਕ ਹਰੀ ਰਸ ਚੱਖਿਆ ਹੈ।(ਉਹ ਮਨੁੱਖ) ਗੁਰੂ ਦੀ ਕਿਰਪਾ ਤੇ ਸੱਚ ਸਰੂਪ ਹਰੀ ਵਿਚ ਸਮਾ ਜਾਂਦਾ ਹੈ।(ਉਹ ਰਸਨਾ) ਸੱਚ ਵਿਚ ਰੰਗੀ ਹੋਈ ਗੁਰੂ ਦਾ ਸ਼ਬਦ ਵਿਚਾਰਦੀ ਹੈ।ਅਤੇ ਅੰਮ੍ਰਿਤ (ਨਾਮ ਦੀ) ਪਵਿਤ੍ਰ ਧਾਰ ਪੀਂਦੀ ਹੈ (ਪਵਿਤ੍ਰ ਨਾਮ ਵਿਚ ਇਕ ਰਸ ਬਿਰਤੀ ਲਗ ਜਾਂਦੀ ਹੈ)।੩।

ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥ (ਗੁਰੂ ਦੀ ਕਿਰਪਾ ਨਾਲ) ਜਿਹੜਾ ਹਿਰਦਾ ਰੂਪ ਭਾਂਡਾ ਪਵਿਤ੍ਰ ਹੋ ਜਾਂਦਾ ਹੈ, (ਉਸ ਵਿਚ) ਕਰਤਾਰ ਸਮਾਉਂਦਾ ਹੈ (ਸਿੱਧੇ ਹਿਰਦੇ ਰੂਪ ਭਾਂਡੇ ਵਿਚ ਨਾਮ ਦਾ ਮਾਲਕ ਪ੍ਰਭੂ ਸਮਾਉਂਦਾ ਹੈ ਭਾਵ ਸ਼ੱਧ ਹਿਰਦੇ ਵਿਚ ਪ੍ਰਭੂ ਆਉਂਦਾ ਹੈ)।ਮੂਧੇ ਭਾਂਡੇ ਵਿਚ ਤਾਂ ਕੋਈ (ਵਸਤੂ) ਟਿਕਦੀ ਨਹੀਂ (ਹੁੰਦੀ, ਪ੍ਰਭੂ ਨੇ ਤਾਂ ਕਿੱਥੇ ਟਿਕਣਾ ਹੈ?)।ਗੁਰੂ ਦੇ ਸ਼ਬਦ ਦੁਆਰਾ ਨਾਮੀ ਪ੍ਰਭੂ ਮਨ ਵਿਚ ਨਿਵਾਸ ਕਰਦਾ ਹੈ।ਗੁਰੂ ਜੀ ਆਖਦੇ ਹਨ, ਜਿਸ (ਮਨੁੱਖ) ਨੂੰ ਸ਼ਬਦ ਦੀ ਪਿਆਸ ਹੈ, (ਉਸਦਾ ਹਿਰਦਾ ਰੂਪ) ਭਾਂਡਾ ਸੱਚਾ ਹੈ। ੪।੩।੨੩।

ਸਚੀ ਬਾਣੀ ਜੁਗ ਚਾਰੇ ਜਾਪੈ = ਸੱਚੀ ਬਾਣੀ (ਦੇ ਪ੍ਰਤਾਪ ਕਰਕੇ ਮਨੁੱਖ) ਚੌਹਾਂ ਜੁੱਗਾਂ ਵਿਚ ਜਾਣਿਆ ਜਾਂਦਾ ਹੈ।

ਪਦਾਰਥ = ਸੁ ਥਾਉ–ਉਹ ਥਾਂ; ਸ੍ਰੇਸਟ ਥਾਂ।ਨਿਰਮਲ–ਪਵਿਤ੍ਰ।ਜਾਪੈ–ਜਾਣਿਆ ਜਾਂਦਾ ਹੈ।੧।ਕਰਮੁ–ਬਖਸ਼ਿਸ਼।ਬੈਸਿ–ਬੈਠ ਕੇ। ਥਾਇ–ਥਾਂ (ਸਤ ਸੰਗਤ) ਵਿਚ।੧।ਰਹਾਉ।ਜਲਉ–ਸੜ ਜਾਵੇ।ਦੂਜੈ ਭਾਇ–ਦੂਜੇ ਦੇ ਪਿਆਰ ਵਿਚ।ਆਲਾਇ–ਬੋਲਦੀ ਹੈ।ਬਿਨੁ ਬੂਝੇ –ਬਿਨਾ ਸਮਝੇ।ਰੋਇ–ਰੋਂਦਾ ਹੋਇਆ।੨।ਸਹਜਿ ਸੁਭਾਇ–ਸੁਤੇ ਸਿੱਧ; ਨਿਰ ਯਤਨ ਹੋ ਕੇ।ਸਾਚੇ ਰਾਤੀ–ਸੱਚ ਵਿਚ ਰੰਗੀ ਹੋਈ।੩। ਨਾਮਿ–ਕਰਤਾਰ।ਭਾਡਾ–ਹਿਰਦਾ ਰੂਪ ਭਾਂਡਾ।ਊਂਧੈ ਭਾਂਡੈ–ਮੂਧੇ (ਉਲਟੇ) ਹਿਰਦੇ ਰੂਪ ਭਾਂਡੇ ਵਿਚ; ਬੇਮੁਖ ਹੋਏ ਹਿਰਦੇ ਵਿਚ।੪।੩। ੨੩।

ਗਉੜੀ ਗੁਆਰੇਰੀ ਮਹਲਾ ੩ ॥ ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥ ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥ ਕਈ ਮਨੁੱਖ (ਰੱਬ ਦੀ ਕੀਰਤੀ) ਗਾਉਂਦੇ ਤਾਂ ਰਹਿੰਦੇ ਹਨ, ਪਰ ਮਨ ਵਿਚ (ਗਾਏ ਜਸ ਦਾ) ਅਨੰਦ ਪ੍ਰਾਪਤ ਨਹੀਂ ਕਰਦੇ।(ਕਿਉਂਕਿ ਉਹ) ਹਉਮੈ ਵਿਚ ਗਾਉਂਦੇ ਹਨ, (ਇਸ ਕਰਕੇ ਉਨ੍ਹਾਂ ਦਾ ਗਾਇਆ) ਵਿਅਰਥ ਚਲਾ ਜਾਂਦਾ ਹੈ।(ਉਹ ਪੁਰਖ ਅਸਲੀ) ਗਾਉਣਾ ਗਾਉਂਦੇ ਹਨ, ਜਿਨ੍ਹਾਂ ਨੂੰ ਨਾਮ ਦਾ ਪਿਆਰ ਹੁੰਦਾ ਹੈ।(ਉਹ) ਸੱਚੀ ਬਾਣੀ ਗਾਉਂਦੇ ਹਨ ਅਤੇ ਗੁਰੂ ਦੇ ਸ਼ਬਦ ਦਾ ਵਿਚਾਰ ਕਰਦੇ ਹਨ (ਨੱਚ ਕੇ ਰਾਸਾਂ ਨਹੀਂ ਪਾਉਂਦੇ)।੧।

ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ, ਨਾਮਿ ਸੁਹਾਵੈ ॥੧॥ਰਹਾਉ॥ ਜਿਹੜੇ ਸਤਗੁਰੂ ਨੂੰ ਭਾਉਂਦੇ ਹਨ (ਮਨੁੱਖ ਹਉਮੈ ਰਹਿਤ ਹੋ ਕੇ ਸਤਿਗੁਰੂ ਦੀ ਆਗਿਆ ਦਾ ਪਾਲਨ ਕਰਦੇ ਹਨ, ਉਹ ਸਤਿਗੁਰੂ ਨੂੰ ਪਿਆਰੇ ਲੱਗਦੇ ਹਨ, ਉਹ ਹਰੀ ਜਸ) ਗਾਉਂਦੇ ਰਹਿੰਦੇ ਹਨ।(ਉਨ੍ਹਾਂ ਦਾ) ਮਨ ਤੇ ਤਨ ਰੰਗਿਆ ਜਾਂਦਾ ਹੈ ਅਤੇ ਨਾਮ ਸਿਮਰਨ ਦੁਆਰਾ ਸੋਹਣੇ (ਜੀਵਨ ਵਾਲੇ) ਬਣ ਜਾਂਦੇ ਹਨ।੧ ।ਰਹਾਉ।

ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥ ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥ ਕਈ (ਮਨੁੱਖ ਰਾਸ ਮੰਡਲਾਂ ਵਿਚ ਬੈਠੇ) ਗਾਉਂਦੇ ਹਨ ਤੇ ਕਈ (ਨੱਚਦੇ ਟੱਪਦੇ ਹੋਏ ਦਿਖਾਵੇ ਦੀ) ਭਗਤੀ ਕਰਦੇ ਹਨ।(ਪਰ ਉਹ ਦਿਲੀ) ਪ੍ਰੇਮ ਤੋਂ ਬਿਨਾ ਨਾਮ ਨਹੀਂ ਪ੍ਰਾਪਤ ਕਰ ਸਕਦੇ।ਸੱਚੀ ਭਗਤੀ ਤਾਂ ਗੁਰੂ ਦੇ ਸ਼ਬਦ ਦੇ ਪਿਆਰ ਵਿਚ ਹੈ।(ਐਸੇ ਭਗਤਾਂ ਨੇ) ਅਪਣਾ ਪਤੀ ਪ੍ਰਭੂ ਸਦਾ ਹਿਰਦੇ ਵਿਚ ਧਾਰਣ ਕਰਕੇ ਰੱਖਿਆ ਹੋਇਆ ਹੈ।੨।

ਅੰਗ ੧੫੯ = ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥ ਉਹ ਮੂਰਖ ਹਨ ਜੋ (ਰਾਸ ਪਾ ਕੇ) ਭਗਤੀ ਕਰਦੇ ਹੋਏ ਆਪਾ ਜਣਾਉਂਦੇ ਹਨ ਭਾਵ ਆਪਾ ਪਰਗਟ ਕਰਦੇ ਹਨ ਕਿ ਅਸੀਂ ਵੱਡੇ ਭਗਤ ਹਾਂ।ਅਤੇ ਨੱਚ ਨੱਚ ਕੇ ਟੱਪਦੇ ਹਨ ਤੇ (ਥੱਕ ਜਾਂਦੇ ਹਨ ਤੇ ਮਨ ਇੱਛਤ ਪੈਸੇ ਨਾ ਮਿਲਣ ਕਰਕੇ) ਬਹੁਤ ਦੁਖ ਪਾਉਂਦੇ ਹਨ।ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ।(ਜੇ ਕੋਈ ਮਨੁੱਖ) ਸ਼ਬਦ ਦੁਆਰਾ (ਆਪਾ ਭਾਵ ਤੋਂ) ਮਰਦਾ ਹੈ, ਉਹ ਹੀ ਸੇਵਕ (ਸੱਚੀ) ਭਗਤੀ ਪ੍ਰਾਪਤ ਕਰਦਾ ਹੈ।੩।

ਭਗਤਿ ਵਛਲ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥ ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥ (ਵਾਹਿਗੁਰੂ) ਭਗਤੀ ਨਾਲ ਪਿਆਰ ਕਰਨ ਵਾਲਾ ਹੈ, ਉਹ ਅਪਣੀ ਭਗਤੀ ਆਪ ਹੀ ਕਰਵਾਉਂਦਾ ਹੈ।ਜਦ

ਹਿਰਦੇ ਵਿਚੋਂ ਆਪਾ ਭਾਵ ਮਿਟ ਜਾਂਦਾ ਹੈ, ਤਦ ਹੀ ਸੱਚੀ ਭਗਤੀ ਹੁੰਦੀ ਹੈ।ਮੇਰਾ ਪ੍ਰਭੂ ਸੱਚਾ ਹੈ ਅਤੇ ਸਾਰੀਆਂ ਵਿਧੀਆਂ ਜਾਣਦਾ ਹੈ (ਸੱਚੇ ਹਨ ਜਾਂ ਪਖੰਡੀ ਹਨ)।ਗੁਰੂ ਜੀ ਆਖਦੇ ਹਨ, (ਜਿਸ ਮਨੁੱਖ ਉਤੇ ਪ੍ਰਭੂ) ਬਖਸ਼ਿਸ਼ ਕਰਦਾ ਹੈ, ਉਹ ਨਾਮ ਨੂੰ ਪਛਾਣਦਾ ਹੈ।੪। ੪।੨੪।

ਪਦਾਰਥ = ਇਕਿ–ਕਈ।ਸਾਦੁ–ਰਸ; ਅਨੰਦ।ਗਾਵਣਿ–ਗਾਉਣ ਦੀ ਵਿਦਿਆ; ਕੀਰਤਨ।੧।ਭਾਵੈ–ਚੰਗਾ ਲੱਗੇ; ਪਿਆਰਾ ਲੱਗੇ। ਰਾਤਾ–ਰੰਗਿਆ ਜਾਂਦਾ ਹੈ।ਸੁਹਾਵੈ–ਸੋਹਣਾ ਲਗਦਾ ਹੈ।੧।ਰਹਾਉ।ਅਸਨੇਹ–ਪ੍ਰੇਮ।ਪਿਰੁ–ਪਤੀ (ਪ੍ਰਭੂ)।ਉਰਿ ਧਾਰਿ–ਹਿਰਦੇ ਵਿਚ ਟਿਕਾ ਕੇ।੨।ਆਪੁ–ਅਪਣੇ ਆਪ ਨੂੰ; ਆਪਾ ਭਾਵ (ਹਉਮੈ)।ਜਣਾਵਹਿ–ਜਾਹਰ (ਪਰਗਟ) ਕਰਦੇ ਹਨ।ਮਰੈ–(ਆਪਾ ਭਾਵ ਤੋਂ) ਮਰਦਾ ਹੈ।ਜਨੁ– ਸੇਵਕ; ਪੁਰਖ।ਸੋਇ–ਉਹ ਹੀ।੩।ਵਛਲ–ਪਿਆਰ ਕਰਨ ਵਾਲਾ।ਬਿਧਿ–ਤਰੀਕਾ।ਬਖਸੇ–ਬਖਸ਼ਿਸ਼ ਕਰਦਾ ਹੈ।੪ ।੪।੨੪।

ਭਗਤਿ ਕਰੇਹਿ = ਰਾਸ ਪਾਉਂਦੇ ਹਨ।ਗੋਸਾਈਂ ਸਾਧਾਂ ਦਾ ਫਿਰਕਾ ਭਗਤੀਆ, ਜੋ ਨੱਚ ਕੇ ਕ੍ਰਿਸ਼ਨ ਜੀ ਦੀ ਲੀਲ੍ਹਾ ਦੇ ਗੀਤ ਗਾਉਂਦੇ ਹਨ।

ਗਉੜੀ ਗੁਆਰੇਰੀ ਮਹਲਾ ੩ ॥ ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ (ਜੇ ਕੋਈ ਮਨੁੱਖ ਅਪਣੇ) ਮਨ ਨੂੰ ਮਾਰ ਲਵੇ ਤਾਂ (ਮਨ ਦੀ) ਦੌੜ ਭੱਜ ਮਰ (ਮੁੱਕ) ਜਾਂਦੀ ਹੈ (ਮਨ ਸ਼ਾਂਤ ਹੋ ਜਾਂਦਾ ਹੈ)।ਮਨ ਦੇ ਮਰੇ ਬਿਨਾ ਕਿਸ ਤਰ੍ਹਾਂ (ਕੋਈ ਮਨੁੱਖ) ਹਰੀ ਨੂੰ ਪਾ ਸਕਦਾ ਹੈ।(ਉਸ ਮਨੁੱਖ ਦਾ) ਮਨ ਮਰਦਾ ਹੈ, ਜੇ ਕੋਈ (ਇਸ ਨੂੰ ਮਾਰਨ ਦਾ) ਦਾਰੂ ਜਾਣਦਾ ਹੈ।ਮਨ ਗੁਰੂ ਦੇ ਸ਼ਬਦ ਦੁਆਰਾ ਮਰਦਾ ਹੈ, (ਜੋ ਮਨੁੱਖ ਇਸ ਗਲ ਨੂੰ) ਸਮਝਦਾ ਹੈ, ਉਹ ਹੀ ਹਰੀ ਦਾ (ਸੱਚਾ) ਸੇਵਕ ਹੈ।੧।

ਜਿਸ ਨੋ ਬਖਸੇ ਦੇਇ ਵਡਿਆਈ ॥ ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ਰਹਾਉ॥ ਜਿਸ (ਪੁਰਖ) ਨੂੰ ਪ੍ਰਭੂ ਨਾਮ ਦੀ ਵਡਿਆਈ ਦੇ ਕੇ ਬਖਸ਼ਿਸ਼ ਕਰਦਾ ਹੈ।(ਉਸਦੇ) ਮਨ ਵਿਚ ਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਆ ਵਸਦਾ ਹੈ।੧।ਰਹਾਉ।

ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਲਨਹਾਰਾ ॥੨॥ (ਜਦ ਕੋਈ ਪੁਰਖ) ਗੁਰੂ ਦੁਆਰਾ (ਮਨ ਮਾਰਨ ਵਾਸਤੇ) ਕਰਣ ਯੋਗ ਕਾਰ ਸੇਵਾ ਕਮਾਉਂਦਾ ਹੈ।ਤਾਂ ਉਹ ਇਸ ਮਨ ਦੀ ਸੋਝੀ ਪਾ ਲੈਂਦਾ ਹੈ।(ਤਦ ਉਸ ਨੂੰ ਪਤਾ ਲਗਦਾ ਹੈ ਕਿ ਹਉਮੈ ਦੇ ਨਸ਼ੇ ਵਿਚ) ਮਨ, ਸ਼ਰਾਬ ਪੀਤੇ ਹਾਥੀ ਵਾਂਗ ਮਸਤ ਹੈ। ਗੁਰੂ (ਰੂਪ ਮਹਾਵਤ ਗਿਆਨ ਰੂਪ) ਕੁੰਡਾ ਮਾਰ ਕੇ (ਰੱਬ ਵਾਲੇ ਪਾਸਿਓਂ ਮਰੇ ਮਨ ਨੂੰ) ਜਿਵਾਲਣ ਵਾਲਾ ਹੈ।੨।

ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥੩॥ ਮਨ ਸੌਖਾ ਸੁਧਰਨ ਵਾਲਾ ਨਹੀਂ, ਕੋਈ ਵਿਰਲਾ ਮਨੁੱਖ (ਇਸ ਨੂੰ) ਸੁਧਾਰਦਾ ਹੈ।(ਜਦ ਮਨੁੱਖ) ਨਾ ਖਾਧੇ ਜਾਣ ਵਾਲੇ ਕਾਮਾਦਿਕਾਂ ਨੂੰ ਖਾ (ਮੁਕਾ) ਲੈਂਦਾ ਹੈ, ਤਾਂ (ਮਨ) ਨਿਰਮਲ ਹੋ ਜਾਂਦਾ ਹੈ।ਗੁਰਮੁਖ ਨੇ ਇਸ ਮਨ ਨੂੰ ਸੰਵਾਰ ਲਿਆ ਹੈ।(ਕਿਉਂਕਿ ਉਸ ਨੇ ਅਪਣੇ) ਅੰਦਰੋਂ ਹਉਮੈ ਆਦਿ ਵਿਕਾਰ ਤਿਆਗ ਦਿਤੇ ਹਨ।੩।

ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥ ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥ ਜੋ (ਪੁਰਖ) ਉਸ ਵਾਹਿਗੁਰੂ ਨੇ ਧੁਰ ਤੋਂ ਹੀ (ਸਤਸੰਗਤ ਦੇ) ਮੇਲ ਵਿਚ ਮਿਲਾ ਕੇ ਰੱਖੇ ਹਨ।(ਉਹ) ਸ਼ਬਦ ਵਿਚ ਸਮਾ ਕੇ ਕਦੇ ਵਿਛੜਦੇ ਨਹੀਂ; ਜਿਨ੍ਹਾਂ ਨੂੰ ਉਸ ਵਾਹਿਗੁਰੂ ਨੇ ਧੁਰ ਤੋਂ ਹੀ ਗੁਰੂ ਨਾਲ ਮੇਲ ਕੇ ਅਪਣੇ ਨਾਲ ਮਿਲਾ ਲਿਆ ਹੈ।ਉਹ ਸ਼ਬਦ ਵਿਚ ਲੀਨ ਹੋ ਕੇ (ਵਾਹਿਗੁਰੂ ਤੋਂ ਮੁੜ) ਕਦੇ ਵਿਛੜਦੇ ਨਹੀ।(ਵਾਹਿਗੁਰੂ) ਅਪਣੀ ਗੁੱਝੀ ਸ਼ਕਤੀ ਆਪੇ ਹੀ ਜਾਣਦਾ ਹੈ (ਜਿਸ ਤਾਕਤ ਨਾਲ ਮਨ ਮਰਦਾ ਹੈ)।ਗੁਰੂ ਜੀ ਆਖਦੇ ਹਨ ਕਿ ਗੁਰਮੁਖ (ਵਾਹਿਗੁਰੂ ਦੇ) ਨਾਮ ਨੂੰ ਪਛਾਣ ਲੈਂਦਾ ਹੈ।੪।੫।੨੫।

ਨੋਟ = ਇਹ ਸ਼ਬਦ ਥੋੜੇ ਜਿਹੇ ਫਰਕ ਨਾਲ ਧਨਾਸਰੀ ਰਾਗ ਦੇ ੬੬੫ ਅੰਗ ਤੇ ਵੀ ਆਉਂਦਾ ਹੈ।

ਪਦਾਰਥ = ਮਨੁ ਮਾਰੇ–ਮਨ ਦੇ ਬੁਰੇ ਵਿਚਾਰਾਂ ਨੂੰ ਮਾਰ ਦੇਵੇ (ਮਨ ਨੂੰ ਵਸ ਵਿਚ ਕਰੇ)।ਧਾਤੁ–ਮਨ ਦੀ ਧੌੜ ਭੱਜ; ਫੁਰਨਿਆਂ ਦਾ ਖਿੰਡਾਉ; ਅਸ਼ਾਂਤੀ; ਤ੍ਰਿਸ਼ਨਾ।ਗੁਰ ਪਰਸਾਦਿ–ਗੁਰੂ ਕਿਰਪਾ ਨਾਲ।੧।ਰਹਾਉ।ਕਰਣੀ–ਕਰਨ ਯੋਗ।ਕਾਰ–ਸੇਵਾ; ਕਰਮ।ਸੋਝੀ–ਸਮਝ; ਗਿਆਨ।ਮੈ ਮਤੁ–ਸ਼ਰਾਬ ਨਾਲ ਮਸਤ।ਮੈਗਲ–ਹਾਥੀ।ਮਿਕਦਾਰਾ–ਵਾਂਗ; ਤੁੱਲ।ਅੰਕਸੁ–(ਹਾਥੀ ਨੂੰ ਤੋਰਨ ਵਾਲਾ) ਕੁੰਡਾ।੨ ।ਅਸਾਧੁ–ਜਿਸਦਾ ਸੁਧਾਰ ਔਖਾ ਹੋ ਸਕੇ; ਸੌਖਾ ਕਾਬੂ ਨਾ ਹੋਣ ਵਾਲਾ।ਸਾਧੈ–ਸੁਧਾਰਦਾ (ਸੁਆਰਦਾ) ਹੈ।ਅਚਰੁ ਚਰੈ–ਨਾ ਚਰੇ (ਖਾਧੇ) ਜਾਣ ਵਾਲੇ ਕਾਮ ਆਦਿਕਾਂ ਨੂੰ ਚਰ (ਖਾ) ਲਵੇ (ਇਹ ਅਰਥ ਠੀਕ ਹੈ); ਚਰੈ (ਚਲਦੇ) ਮਨ ਨੂੰ ਅਚੱਲ ਕਰ ਦੇਵੇ (ਦੌੜਦੇ ਮਨ ਨੂੰ ਟਿਕਾ ਲਵੇ); ਅਸਥਿਰ ਨੂੰ ਸਥਿਰ ਕਰ ਦੇਵੇ।੩।ਧੁਰਿ–ਮੁੱਢ ਤੋਂ।ਰਾਖਿਅਨੁ–ਉਨਿ (ਉਸ ਪ੍ਰਭੂ ਨੇ) ਰੱਖੇ ਹਨ।ਕਲਾ–ਤਾਕਤ ।੪।੫।੨੫।

ਵਿਆਖਿਆ = ਇਹ ਸ਼ਬਦ ਕਿਸੇ ਜੋਗੀ ਪ੍ਰਤੀ ਉਚਾਰਿਆ ਹੈ, ਜੋ ਵੈਦ ਵੀ ਸੀ ਅਤੇ ਸੋਨਾ, ਚਾਂਦੀ ਤੇ ਪਾਰਾ ਆਦਿ ਧਾਤਾਂ ਮਾਰਨ

ਜਾਣਦਾ ਸੀ। ਮਾਰੀਆਂ ਧਾਤਾਂ ਦੇ ਕੁਸ਼ਤਿਆਂ ਦੇ ਸੇਵਨ ਕਰਨ ਨਾਲ ਕਾਇਆਂ ਕਲਪ ਕਰਨ ਨੂੰ ਕਲਿਆਣ ਕਾਰੀ ਸਮਝਦਾ ਸੀ। ਗੁਰੂ ਜੀ ਨੇ ਉਸ ਜੋਗੀ ਵੈਦ ਨੂੰ ਆਤਮਕ ਵੈਦਗੀ ਦੱਸੀ। ਧਾਤ ਪਦ ਨੂੰ ਮਨ ਦੀ ਦੌੜ ਭੱਜ ਤੇ ਘਟਾਇਆ ਹੈ। ਮਨ ਦੇ ਮਰ ਜਾਣ ਨਾਲ ਮਨ ਦੀ ਦੌੜ ਭੱਜ ਵੀ ਮੁੱਕ ਜਾਵੇਗੀ। ਮਨ ਦੇ ਮਰਨ ਨਾਲ ਹਉਮੈ ਵੀ ਮੁੱਕ ਜਾਵੇਗੀ, ਇਸ ਤਰ੍ਹਾਂ ਮਨ ਨਿਰਮਲ ਹੋ ਜਾਵੇਗਾ। ਜਿਵੇਂ ਪਾਰਾ ਆਦਿ ਧਾਤਾਂ ਕਿਸੇ ਹੋਰ ਜੜੀ ਬੂਟੀ ਨਾਲ ਮਰਦੀਆਂ ਹਨ, ਤਿਵੇਂ ਮਨ ਸ਼ਬਦ ਨਾਲ ਮਰਦਾ ਹੈ। ਹਉਮੈ ਮਨ ਨੂੰ ਅਸਾਧ ਰੋਗੀ ਬਣਾ ਦੇਂਦੀ ਹੈ, ਇਸ ਦੀ ਤੁਲਨਾ ਸ਼ਰਾਬੀ ਹਾਥੀ ਨਾਲ ਕੀਤੀ ਹੈ। ਧਾਤ ਕੱਚੀ ਦੁਖ ਦਾਈ ਹੈ, ਪਰ ਜੇ ਧਾਤ ਮਾਰ ਲਈ ਜਾਵੇ ਤਾਂ ਸੁਖ ਦਾਈ ਬਣ ਜਾਂਦੀ ਹੈ। ਇਸੇ ਤਰ੍ਹਾਂ ਮਨ ਹਉਂ ਨਾਲ ਦੁਖਦਾਈ ਹੈ ਤੇ ਮਰ ਕੇ ਸੁਖ ਰੂਪ ਹੋ ਜਾਂਦਾ ਹੈ।

ਗਉੜੀ ਗੁਆਰੇਰੀ ਮਹਲਾ ੩ ॥ ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥ ਬਹੁ ਚਿੰਤਾ ਚਿਤਵੈ, ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥ ਹਉਮੈ ਵਿਚ (ਲੱਗ ਕੇ) ਸਾਰਾ ਜਗਤ ਝੱਲਾ ਹੋਇਆ ਹੋਇਆ ਹੈ। (ਇਸ ਕਮਲੇ ਪਣ ਨੇ ਜਗਤ ਨੂੰ) ਦ੍ਵੈਤ ਭਾਵ ਵਿਚ ਪਾ ਦਿਤਾ ਹੈ, (ਜਿਸ ਕਰਕੇ) ਭਰਮ ਵਿਚ ਭੁੱਲਿਆ ਫਿਰਦਾ ਹੈ। (ਇਹ) ਬਹੁਤ ਚਿੰਤਾ ਚਿਤਵਦਾ ਰਹਿੰਦਾ ਹੈ, (ਜਿਸ ਕਰਕੇ) ਅਪਣੇ ਆਪ ਨੂੰ ਨਹੀਂ ਪਛਾਣਦਾ। (ਕਿਉਂਕਿ ਇਸ ਦਾ) ਧੰਧਾ ਕਰਦਿਆਂ ਹਰ ਰੋਜ ਬੀਤਦਾ ਹੈ।੧।

ਹਿਰਦੈ ਰਾਮੁ ਰਮਹੁ ਮੇਰੇ ਭਾਈ ॥ ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ਰਹਾਉ॥ ਹੇ ਮੇਰੇ ਭਾਈ! (ਜੇ ਤੂੰ ਕਮਲੇ ਪਣ ਤੋਂ ਛੁਟਕਾਰਾ ਚਾਹੁੰਦਾ ਹੈਂ, ਤਾਂ) ਹਿਰਦੇ ਵਿਚ ਹਰੀ ਦਾ ਨਾਮ ਸਿਮਰ। (ਸਿਮਰਨ ਕਰਨ ਵਾਲੇ ਅਜੇਹੇ) ਗੁਰਮੁਖਾਂ ਨੇ ਅਪਣੀ ਰਸਨਾ ਹਰੀ ਦੇ ਰਸ ਵਿਚ ਰਸਾਈ (ਰਸ ਵਾਲੀ) ਹੋਈ ਹੈ।੧।ਰਹਾਉ।

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ ਜਗਜੀਵਨੁ ਸੇਵਿ, ਜੁਗ ਚਾਰੇ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥ ਜਿਸ ਗੁਰਮੁਖ ਨੇ ਹਿਰਦੇ ਵਿਚ (ਵਸਦੇ) ਰਾਮ ਨੂੰ ਪਛਾਣਿਆ ਹੈ। ਅਤੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਨੂੰ ਸੇਵਿਆ ਹੈ, (ਉਹ) ਚਾਰੁ ਜੁੱਗਾਂ ਵਿਚ ਜਾਣਿਆ ਗਿਆ ਹੈ। (ਜਿਸ ਉਤੇ) ਕਰਮਾਂ ਦਾ ਫਲ ਦੇਣ ਵਾਲਾ (ਵਾਹਿਗੁਰੂ) ਕ੍ਰਿਪਾ ਕਰਦਾ ਹੈ। (ਉਹ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ (ਅਪਣੇ ਮੂਲ ਪ੍ਰਭੂ ਨੂੰ) ਪਛਾਣ ਲੈਂਦਾ ਹੈ।੨।

ਸੇ ਜਨ ਸਚੇ, ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥ ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕ੍ਰਿਪਾ ਤੇ ਹਰਿ ਵਸੈ ਮਨਿ ਆਏ ॥੩॥ ਉਹ ਪੁਰਖ ਸੱਚੇ ਹਨ, ਜਿਹੜੇ (ਹਰੀ ਨੇ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਨਾਲ) ਮਿਲਾਏ ਹਨ। (ਉਨ੍ਹਾਂ ਪੁਰਖਾਂ ਨੇ ਅਪਣੇ) ਦੌੜਦੇ ਮਨ ਨੂੰ ਮੋੜਿਆ ਹੈ ਅਤੇ (ਵਿਸ਼ਿਆਂ ਵੱਲ ਜਾਣ ਤੋਂ) ਰੋਕ ਕੇ ਰੱਖਿਆ ਹੈ। (ਉਨ੍ਹਾਂ ਨੇ) ਨੌਂ ਨਿਧੀਆਂ ਦੇਣ ਵਾਲਾ ਹਰੀ ਦਾ ਨਾਮ ਗੁਰੂ ਤੋਂ ਪ੍ਰਾਪਤ ਕੀਤਾ ਹੈ। (ਨਾਮ ਸਿਮਰਨ ਦੁਆਰਾ) ਹਰੀ ਦੀ ਕ੍ਰਿਪਾ ਨਾਲ ਹਰੀ ਮਨ ਵਿਚ ਆ ਵਸਦਾ ਹੈ। ੩।

ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮ ਪੀਰ ॥ ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥ ਰਾਮ ਰਾਮ ਦਾ ਸਿਮਰਨ ਕਰਦਿਆਂ ਸਰੀਰ ਸੁੱਖ ਤੇ ਸ਼ਾਂਤੀ ਵਿਚ ਰਹਿੰਦਾ ਹੈ। ਰਾਮ ਹਿਰਦੇ ਅੰਦਰ ਵਸ ਜਾਂਦਾ ਹੈ, (ਜਿਸ ਕਰਕੇ) ਜਮਾਂ ਦੀ ਪੀੜ ਨਹੀਂ ਲਗਦੀ। (ਪ੍ਰਭੂ) ਆਪੇ (ਸੁਤੰਤਰ) ਮਾਲਕ ਹੈ ਅਤੇ ਆਪੇ ਵਜੀਰ ਹੈ (ਸਲਾਹ ਲੈਣ ਲਈ ਉਸਦਾ ਕੋਈ ਵਜੀਰ ਨਹੀਂ, ਆਪੇ ਸਭ ਕਾਰਜ ਕਰਦਾ ਹੈ)। ਗੁਰੂ ਜੀ ਆਖਦੇ ਹਨ, ਅਥਾਹ ਗੁਣਾਂ ਵਾਲੇ ਹਰੀ ਦੀ ਸਦਾ ਸੇਵਾ ਕਰੋ।੪।੬।੨੬।

ਪਦਾਰਥ = ਬਉਰਾਨਾ–ਕਮਲਾ; ਝੱਲਾ। ਦੂਜੈ ਭਾਇ–ਰੱਬ ਨੂੰ ਛੱਡ ਕੇ ਮਾਇਆ ਦੇ ਪਿਆਰ ਵਿਚ। ਭੁਲਾਨਾ–ਭੁੱਲਿਆ ਹੋਇਆ ਹੈ; ਕੁਰਾਹੇ ਪਿਆ ਹੈ। ਚਿੰਤਾ ਚਿਤਵੈ–ਸੋਚਾਂ ਸੋਚਦਾ ਹੈ। ਆਪੁ–ਅਪਣੇ ਆਪ ਨੂੰ; ਅਪਣੇ ਮੂਲ ਨੂੰ। ਵਿਹਾਨਾ–ਬੀਤਦਾ ਹੈ।੧। ਰਮਹੁ–ਸਿਮਰੋ। ਰਸਨਾ–ਜੀਭ। ਰਸਨ–ਰਸ ਵਿਚ। ਰਸਾਈ–ਰਸ ਵਾਲੀ; ਰਸ ਮਈ ਬਣਾਈ ਹੈ।੧। ਰਹਾਉ। ਜਿਨਿ–ਜਿਸ ਨੇ। ਜਗ ਜੀਵਨ–ਜਗਤ ਨੂੰ ਜੀਵਨ ਦੇਣ ਵਾਲਾ ਹਰੀ। ਜਾਤਾ–ਜਾਣਿਆ (ਪ੍ਰਗਟ ਹੋ) ਗਿਆ। ਕਰਮ ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ ਵਾਹਿਗੁਰੂ।੨। ਸੇ–ਉਹ। ਧਾਵਤ–ਦੌੜਦੇ ਨੂੰ। ਵਰਜਿ –ਰੋਕ ਕੇ। ਠਾਕਿ ਰਹਾਏ–ਰੋਕ ਕੇ ਰੱਖਿਆ ਹੈ। ਨਵ ਨਿਧਿ–ਨੌਂ ਖਜਾਨੇ। ਤੇ–ਤੋਂ; ਨਾਲ।੩। ਜਮ ਪੀਰ–ਜਮਾਂ ਦੀ ਪੀੜ (ਦੁੱਖ)। ਵਜੀਰ–ਮੰਤਰੀ। ਗੁਣੀ ਗਹੀਰ–ਗੁਣਾਂ ਕਰਕੇ ਗੰਭੀਰ; ਅਥਾਹ ਗੁਣਾਂ ਵਾਲਾ; ਗੁਣਾਂ ਦਾ ਸਾਗਰ।੪।੬।੨੬।

ਗਉੜੀ ਗੁਆਰੇਰੀ ਮਹਲਾ ੩ ॥ ਸੋ ਕਿਉ ਵਿਸਰੈ, ਜਿਸ ਕੇ ਜੀਅ ਪਰਾਨਾ ॥ ਸੋ ਕਿਉ ਵਿਸਰੈ, ਸਭ ਮਾਹਿ ਸਮਾਨਾ ॥ ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥੧॥ (ਮੈਨੂੰ) ਉਹ ਵਾਹਿਗੁਰੂ ਕਿਉਂ ਭੁੱਲੇ, ਜਿਸ ਦੇ (ਮੈਨੂੰ) ਦਿੱਤੇ ਹੋਏ ਜਿੰਦ ਤੇ ਪ੍ਰਾਣ ਹਨ। ਉਹ ਵਾਹਿਗੁਰੂ ਕਿਉਂ ਭੁੱਲ ਜਾਵੇ, ਜੋ ਸਭ ਵਿਚ ਸਮਾਇਆ ਹੋਇਆ (ਵਿਆਪਕ) ਹੈ। ਜਿਸ ਵਾਹਿਗੁਰੂ ਦੀ ਸੇਵਾ ਕੀਤਿਆਂ ਇੱਜਤ ਮਿਲਦੀ ਹੈ ਅਤੇ ਦਰਗਾਹ ਵਿਚ ਪ੍ਰਵਾਨ ਹੋਈਦਾ ਹੈ।੧।

ਹਰਿ ਕੇ ਨਾਮ ਵਿਟਹੁ ਬਲਿ ਜਾਉ ॥ ਤੂੰ ਵਿਸਰਹਿ, ਤਦਿ ਹੀ ਮਰਿ ਜਾਉ ॥੧॥ਰਹਾਉ॥ (ਅਜੇਹੇ) ਹਰੀ ਦੇ ਨਾਮ ਤੋਂ ਸਦਕੇ ਜਾਂਦਾ ਹਾਂ। (ਹੇ ਹਰੀ! ਜਦ ਮੈਨੂੰ) ਤੂੰ ਵਿਸਰਦਾ ਹੈਂ, ਤਦੋਂ ਹੀ ਮੈਂ (ਮਾਨੋਂ) ਮਰ ਜਾਂਦਾ ਹਾਂ; (ਆਤਮਕ ਮੌਤੇ) ਮਰ ਜਾਂਦਾ ਹਾਂ।੧। ਰਹਾਉ।

ਅੰਗ ੧੬੦ = ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ ਜਿ ਦੂਜੈ ਭਾਇ ॥ ਮਨਮੁਖ ਅਗਿਆਨੀ ਜੋਨੀ ਪਾਏ ॥ ੨॥ (ਹੇ ਪ੍ਰਭੂ!) ਉਨ੍ਹਾਂ ਮਨੁੱਖਾਂ ਨੂੰ ਤੂੰ ਭੁੱਲਿਆ ਹੋਇਆ ਹੈਂ, ਜਿਹੜੇ ਤੂੰ ਆਪ (ਅਪਣੇ ਤੋਂ) ਭੁਲਾਏ ਹਨ। ਤੂੰ ਉਨ੍ਹਾਂ ਨੂੰ ਭੁੱਲਿਆਂ ਹੈਂ, ਜਿਹੜੇ ਦ੍ਵੈਤ ਭਾਵ ਵਿਚ ਲੱਗੇ ਹੋਏ ਹਨ। (ਅਜੇਹੇ ਲੋਕ) ਅਗਿਆਨੀ ਹਨ, (ਉਹ ਤੈਨੂੰ ਭੁੱਲ ਕੇ ਮਨ ਦੇ ਪਿੱਛੇ ਲੱਗਣ ਵਾਲੇ) ਮਨਮੁਖ ਹਨ, (ਉਨ੍ਹਾਂ ਨੂੰ ਤੂੰ) ਜੋਨੀਆਂ ਵਿਚ ਪਾ ਦੇਂਦਾ ਹੈਂ।੨।

ਜਿਨ ਇਕ ਮਨਿ ਤੁਠਾ, ਸੇ ਸਤਿਗੁਰ ਸੇਵਾ ਲਾਏ ॥ ਜਿਨ ਇਕ ਮਨਿ ਤੁਠਾ, ਤਿਨ ਹਰਿ ਮੰਨਿ ਵਸਾਏ ॥ ਗੁਰਮਤੀ ਹਰਿ ਨਾਮਿ ਸਮਾਏ ॥ ੩॥ ਜਿਨ੍ਹਾਂ ਪੁਰਖਾਂ ਦੇ ਮਨ ਵਿਚ ਇਕ ਪ੍ਰਭੂ ਹੈ, (ਉਨ੍ਹਾਂ ਉਤੇ ਪ੍ਰਭੂ) ਪ੍ਰਸੰਨ ਹੋਇਆ ਹੈ ਅਤੇ ਉਹ ਪੁਰਖ ਸਤਿਗੁਰੂ ਦੀ ਸੇਵਾ ਵਿਚ ਲਾਏ ਹਨ। ਜਿਨ੍ਹਾਂ ਪੁਰਖਾਂ ਦੇ ਮਨ ਵਿਚ ਇਕ ਹਰੀ ਹੈ, (ਉਨ੍ਹਾਂ ਉਤੇ ਪ੍ਰਭੂ) ਪ੍ਰਸੰਨ ਹੋਇਆ ਹੈ, ਉਨ੍ਹਾਂ ਨੇ ਹਰੀ ਨੂੰ ਮਨ ਵਿਚ ਵਸਾਇਆ ਹੈ। ਗੁਰੂ ਦੀ ਮੱਤ ਦੁਆਰਾ (ਉਹ ਪੁਰਖ) ਹਰੀ ਦੇ ਨਾਮ ਵਿਚ ਸਮਾ ਗਏ ਹਨ।੩।

ਜਿਨਾ ਪੋਤੈ ਪੁੰਨੁ ,ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ,ਤਿਨ ਹਉਮੈ ਮਾਰੀ ॥ ਨਾਨਕ ਜੋ ਨਾਮਿ ਰਤੇ, ਤਿਨ ਕਉ ਬਲਿਹਾਰੀ ॥੪॥੭ ॥੨੭॥ ਜਿਨ੍ਹਾਂ (ਪੁਰਖਾਂ ਦੇ ਹਿਰਦੇ ਰੂਪ) ਪੱਲੇ ਵਿਚ (ਪਿਛਲੇ ਜਨਮਾਂ ਦੇ ਕੀਤੇ) ਪੁੰਨ ਕਰਮ ਹਨ, ਉਹ ਗਿਆਨ ਵਿਚਾਰਨ ਵਾਲੇ ਹਨ। ਜਿਨ੍ਹਾਂ (ਪੁਰਖਾਂ ਦੇ ਹਿਰਦੇ ਰੂਪ) ਪੱਲੇ ਵਿਚ (ਪਿਛਲੇ ਜਨਮਾਂ ਦੇ) ਪੁੰਨ ਕਰਮ ਹਨ, ਉਨ੍ਹਾਂ ਨੇ ਹਉਮੈ ਮਾਰ ਲਈ ਹੈ। ਗੁਰੂ ਜੀ ਆਖਦੇ ਹਨ ,ਜਿਹੜੇ ਪੁਰਖ ਨਾਮ ਵਿਚ ਰੰਗੇ ਹੋਏ ਹਨ, (ਮੈਂ) ਉਨ੍ਹਾਂ ਤੋਂ ਬਲਹਾਰ ਜਾਂਦਾ ਹਾਂ।੪।੭।੨੭।

ਪਦਾਰਥ = ਸੋ-ਉਹ (ਪ੍ਰਭੂ)। ਜੀਅ-ਜਿੰਦ। ਪਰਾਨਾ-ਪ੍ਰਾਣ। ਸਮਾਨਾ-ਸਮਾਇਆ ਹੈ। ਪਤਿ-ਇੱਜਤ। ਪਰਵਾਨਾ-ਪ੍ਰਵਾਨ ਹੋਈਦਾ ਹੈ।੧। ਵਿਟਹੁ-ਤੋਂ। ਬਲਿ ਜਾਉ-ਕੁਰਬਾਨ ਜਾਂਦਾ ਹਾਂ।੧। ਰਹਾਉ। ਜਿ-ਜਿਹੜੇ ਮਨੁੱਖ। ਤੁਧੁ-ਤੂੰ। ਦੂਜੈ ਭਾਇ-ਮਾਇਆ ਦੇ ਪ੍ਰੇਮ ਵਿਚ; ਦੁਐਤ ਭਾਵ ਵਿਚ।੨। ਇਕਮਨਿ-ਕਰਤਾਰ (ਜਿਸਦਾ ਮਨ ਇਕ ਹੈ); ਸਤਜ ਸੰਕਲਪ (ਮ.ਕੋ.); ਪੂਰੇ ਮਨ ਨਾਲ। ਤੁਠਾ-ਪ੍ਰਸੰਨ ਹੋਇਆ। ਤਿਨ ਮੰਨਿ-ਉਨ੍ਹਾਂ ਦੇ ਮਨ ਵਿਚ। ਸਮਾਏ-ਲੀਨ ਹੋਏ ਹਨ।੩। ਪੋਤੈ (ਫ.)-ਪੱਲੇ ਵਿਚ; ਖਜਾਨੇ ਵਿਚ। ਰਤੇ-ਰੰਗੇ ਹਨ।੪। ੭।੨੭।

ਜਿਨ ਇਕ ਮਨਿ ਤੁਠਾ = ੧. ਜਿਨ੍ਹਾਂ ਉਤੇ ਹਰੀ ਪ੍ਰਸੰਨ ਹੋਇਆ ਹੈ, ਉਨ੍ਹਾਂ ਨੂੰ ਇਕਾਗਰ ਮਨ ਵਾਲੇ ਕਰ ਦੇਂਦਾ ਹੈ ਅਤੇ ਉਹ ਸਤਿਗੁਰੂ ਦੀ ਸੇਵਾ ਵਿਚ ਲਾਏ ਹਨ।੨. ਜਿਨ੍ਹਾਂ ਉਤੇ ਹਰੀ ਇਕ ਮਨ ਹੋ ਕੇ (ਪੂਰੇ ਮਨੋਂ ਮੇਹਰ ਦੀ ਨਜਰ ਨਾਲ) ਪ੍ਰਸੰਨ ਹੋਇਆ ਹੈ, ਉਹ ਸਤਿਗੁਰੂ ਦੀ ਸੇਵਾ ਵਿਚ ਲਾਏ ਹਨ।੩. ਜਿਨ੍ਹਾਂ ਉਤੇ ਪ੍ਰਭੂ ਪ੍ਰਸੰਨ ਹੋਇਆ ਹੈ, ਉਹ ਸਤਗੁਰੂ ਦੀ ਸੇਵਾ ਵਿਚ ਲਾਏ ਹਨ।

ਗਉੜੀ ਗੁਆਰੇਰੀ ਮਹਲਾ ੩ ॥ ਤੂੰ ਅਕਥੁ ਕਿਉ ਕਥਿਆ ਜਾਹਿ ॥ ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥ ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥ (ਹੇ ਪ੍ਰਭੂ!) ਤੂੰ ਕਥਨ ਤੋਂ ਰਹਿਤ ਹੈਂ, ਕਿਵੇਂ ਕਥਿਆ ਜਾ ਸਕਦਾ ਹੈਂ? ਗੁਰੂ ਦਾ ਸ਼ਬਦ (ਮਨ ਨੂੰ ਮਾਰਨ ਵਾਲਾ) ਮਸਾਲਾ ਹੈ (ਜਿਸਦੀ ਵਰਤੋਂ ਕਰਨ ਨਾਲ ਹੇ ਪ੍ਰਭੂ! ਤੂੰ ਆ ਕੇ) ਮਨ ਵਿਚ ਸਮਾ ਜਾਂਦਾ ਹੈਂ। ਤੇਰੇ ਅਨੇਕਾਂ ਗੁਣ ਹਨ, (ਉਨ੍ਹਾਂ ਗੁਣਾਂ ਦੀ) ਕੀਮਤ ਨਹੀਂ ਪਾਈ ਜਾ ਸਕਦੀ।੧। ਕੀਮਤਿ ਪਾਇ ਨ ਕਹਿਆ ਜਾਇ। ਕਹਣੈ ਵਾਲੇ ਤੇਰੇ ਰਹੇ ਸਮਾਇ। (ਅੰਗ ੯ ਅਤੇ ੩੪੯)

ਜਿਸ ਕੀ ਬਾਣੀ, ਤਿਸੁ ਮਾਹਿ ਸਮਾਣੀ ॥ ਤੇਰੀ ਅਕਥ ਕਥਾ, ਗੁਰ ਸਬਦਿ ਵਖਾਣੀ ॥੧॥ਰਹਾਉ॥ ਜਿਸ ਨਿਰੰਕਾਰ ਦੀ ਇਹ ਬਾਣੀ ਹੈ, ਇਹ ਬਾਣੀ (ਪੜ੍ਹਨ ਵਾਲੇ ਮਨੁੱਖ ਨੂੰ) ਉਸ ਨਿਰੰਕਾਰ ਵਿਚ ਮਿਲਾ ਦੇਂਦੀ ਹੈ {ਵਾਹੁ ਵਾਹੁ ਪੂਰੇ ਗੁਰ ਕੀ ਬਾਣੀ। ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ੭੫੪}। (ਹੇ ਪ੍ਰਭੂ!) ਤੇਰੀ ਅਕੱਥ ਕਥਾ ਗੁਰੂ ਦੇ ਸ਼ਬਦ ਦੁਆਰਾ ਬਿਆਨ ਕੀਤੀ ਜਾ ਸਕਦੀ ਹੈ।੧। ਰਹਾਉ।

ਜਹ ਸਤਿਗੁਰੁ ,ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ,ਸਹਜੇ ਹਰਿ ਗੁਣ ਗਾਈ ॥ ਜਹ ਸਤਿਗੁਰੁ ,ਤਹਾ ਹਉਮੈ ਸਬਦਿ ਜਲਾਈ ॥੨ ॥ ਜਿਸ ਜਗ੍ਹਾ ਸਤਿਗੁਰੂ (ਵਸਦੇ) ਹਨ, ਉਸ ਜਗ੍ਹਾ (ਸਤਿਗੁਰੂ ਨੇ) ਸੱਤ ਸੰਗਤ ਬਣਾਈ ਹੈ {ਸਤਿਗੁਰ ਬਾਝਹੁ ਸੰਗਤਿ ਨ ਹੋਈ ੧੦੬੮}। ਜਿੱਥੇ ਸਤਿਗੁਰੂ ਹਨ, ਉਥੇ (ਸਤਗੁਰੂ ਦੀ ਹਜੂਰੀ ਵਿਚ ਬੈਠੀ ਸੱਤ ਸੰਗਤ ਵਿਚ) ਸੁਭਾਵਕ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ। ਜਿਸ ਹਿਰਦੇ ਵਿਚ ਸਤਿਗੁਰੂ (ਵਸਦੇ) ਹਨ, ਉਸ ਹਿਰਦੇ ਵਿਚੋਂ (ਸਤਿਗੁਰੂ ਦੇ) ਸ਼ਬਦ ਨੇ (ਸੱਤ ਸੰਗੀਆਂ ਦੀ) ਹਉਮੈ ਸਾੜ ਦਿਤੀ ਹੈ।੨।

ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥ ਗੁਰੂ ਦੀ ਸੇਵਾ ਕਰਨ ਨਾਲ (ਜੀਵ) ਰੱਬ ਦੇ ਮਹਲਾਂ ਵਿਚ ਥਾਂ ਪ੍ਰਾਪਤ ਕਰਦਾ ਹੈ। ਗੁਰਮੁਖ (ਅਪਣੇ ਹਿਰਦੇ) ਅੰਦਰ ਹਰੀ ਦਾ ਨਾਮ ਵਸਾਉਂਦਾ ਹੈ। ਗੁਰੂ ਦੀ ਸੇਵਾ ਭਗਤੀ ਕਰਕੇ (ਜੀਵ) ਹਰੀ ਦੇ ਨਾਮ ਵਿਚ ਸਮਾ ਜਾਂਦਾ ਹੈ।੩।

ਆਪੇ ਦਾਤਿ ਕਰੇ ਦਾਤਾਰੁ ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥ ਨਾਨਕ ਨਾਮਿ ਰਤੇ, ਤਿਨ ਕਉ ਜੈਕਾਰੁ ॥੪॥੮॥੨੮॥ ਦਾਤਾਰ ਪਾਤਸ਼ਾਹ (ਜਦ ਅਪਨੀ ਕਿਰਪਾ ਦੀ) ਦਾਤ ਕਰਦਾ ਹੈ। ਤਾਂ ਪੂਰੇ ਸਤਿਗੁਰੂ ਨਾਲ ਪਿਆਰ ਲਗਦਾ ਹੈ। ਗੁਰੂ ਜੀ ਆਖਦੇ ਹਨ, ਉਨ੍ਹਾਂ ਨੂੰ (ਮੇਰੀ) ਨਮਸ਼ਕਾਰ ਹੈ, (ਜਿਹੜੇ ਮਨੁੱਖ) ਨਾਮ ਵਿਚ ਰੰਗੇ ਹੋਏ ਹਨ।੪।੮।੨੮।

ਪਦਾਰਥ = ਅਕਥੁ-ਜਿਸ ਨੂੰ ਬਿਆਨ ਨਾ ਕੀਤਾ ਜਾ ਸਕੇ। ਮਾਰਣੁ-ਮਸਾਲਾ (ਜੋ ਪਕਾਉਣ ਸਮੇਂ ਸਖਤ ਚੀਜਾਂ ਨੂੰ ਗਾਲ ਦੇਵੇ; ਉਲਟਾ

ਅਸਰ ਕਰਨ ਵਾਲੀ Antidote) ਦੁਆਈ।ਸਮਾਹਿ–ਸਮਾ (ਮਿਲ) ਜਾਂਦਾ ਹੈਂ।ਨਹ ਪਾਹਿ–ਨਹੀਂ ਪੈਂਦੀ।੧।ਜਿਸ ਕੀ–ਜਿਸ ਪ੍ਰਭੂ ਦੀ।ਤਿਸੁ ਮਾਹਿ–ਉਸ ਪ੍ਰਭੂ ਵਿਚ।ਅਕਥ ਕਥਾ–ਉਹ ਕਥਾ ਜੋ ਬਿਆਨ ਨਾ ਕੀਤੀ ਜਾ ਸਕੇ; ਅਕੱਥ ਪ੍ਰਭੂ ਦੀ ਕਥਾ।੧।ਰਹਾਉ।ਜਹ–ਜਿੱਥੇ; ਜਿਸ ਥਾਂ ਤੇ।ਤਹ–ਉਥੇ; ਉਸ ਥਾਂ ਤੇ।ਸਹਜੇ–ਸੁਭਾਵਕ ਹੀ।੨।ਗੁਰਮੁਖਿ–ਮੁਖੀ (ਸ੍ਰੇਸਟ) ਗੁਰੂ; ਗੁਰੂ ਅਨੁਸਾਰੀ ਮਨੁੱਖ। ਮਹਲੀ–ਰੱਬ ਦੇ ਮਹਿਲਾਂ ਵਿਚ।ਅੰਤਰਿ–ਅਪਣੇ ਅੰਦਰ।ਸਮਾਏ–ਸਮਾ ਜਾਂਦਾ ਹੈ।੩।ਸਿਉ–ਨਾਲ।ਰਤੇ–ਰੰਗੇ ਹਨ।ਜੈਕਾਰੁ–ਨਮਸ਼ਕਾਰ।੪।੮।੨੮।

ਜਿਸ ਕੀ ਬਾਣੀ = ੧. ਬਾਣੀ ਜਿਸ ਦੀ ਹੈ, ਉਸੇ ਵਿਚ ਸਮਾਈ ਹੋਈ ਹੈ।ਭਾਵ ਬਾਣੀ ਅਕਾਲ ਦੀ ਹੈ ਤੇ ਇਹ ਅਪਣੇ ਰਚਣਹਾਰ ਵਾਕਰ ਬੇਅੰਤ ਹੈ (ਸਬਦਾਰਥ)।ਨਿਰੰਕਾਰ ਦੀ ਬਾਣੀ ਨਿਰੰਕਾਰ ਵਿਚ ਸਮਾਈ ਹੋਈ ਤੋਂ ਭਾਵ ਹੈ ਕਿ ਨਿਰੰਕਾਰ ਤੇ ਬਾਣੀ ਇਕੋ ਰੂਪ ਹਨ।

੨. ਜਿਸ ਪ੍ਰਭੂ ਦੀ ਰਚਨਾ (ਸ੍ਰਿਸਟੀ ਰਚੀ) ਹੈ, (ਅੰਤ) ਉਸੇ ਵਿਚ ਸਮਾ ਜਾਵੇਗੀ (ਸੰ.ਸ.; ਫ.ਸ.)।

ਗਉੜੀ ਗੁਆਰੇਰੀ ਮਹਲਾ ੩ ॥ ਏਕਸੁ ਤੇ ਸਭਿ ਰੂਪ ਹਹਿ ਰੰਗਾ ॥ ਪਉਣੁ ਪਾਣੀ ਬੈਸੰਤਰੁ ,ਸਭਿ ਸਹਲੰਗਾ ॥ ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥੧॥ ਇਕੋ ਹੀ ਪ੍ਰਭੂ ਤੋਂ ਸਾਰੇ ਰੂਪ ਰੰਗ ਬਣੇ ਹਨ (ਜੀਵਾਂ ਜੰਤਾਂ ਦੇ ਅਕਾਰ ਲੰਬਾ ਮਧੁਰਾ ਛੋਟਾ ਤੇ ਮੋਰ, ਬੀਰ ਵਹੁਟੀਆਂ ਤੇ ਮਨੁੱਖਾਂ ਆਦਿ ਦੇ ਗੋਰੇ, ਕਾਲੇ, ਚਿੱਟੇ ਰੰਗ ਸਭ ਹਰੀ ਨੇ ਰਚੇ ਹਨ)।(ਇਕ ਪ੍ਰਭੂ ਤੋਂ ਹੀ ਬਣੇ) ਪੌਣ, ਪਾਣੀ ਤੇ ਅੱਗ (ਆਦਿ ਤੱਤ, ਵੱਖੋ ਵੱਖ ਰੂਪ ਰੰਗ ਰੱਖਦੇ ਹੋਏ ਇਕ ਦੂਜੇ ਨਾਲ) ਲੱਗੇ (ਜੁੜੇ) ਹੋਏ ਹਨ (ਸਾਰੇ ਜੀਵਾਂ ਵਿਚ ਹਵਾ, ਪਾਣੀ ਤੇ ਅੱਗ ਆਦਿ ਤੱਤ ਮਿਲੇ ਹੋਏ ਹਨ, ਇਨ੍ਹਾਂ ਸਾਂਝੇ ਤੱਤਾਂ ਦੇ ਮੇਲ ਤੋਂ ਸਰੀਰ ਬਣੇ ਹਨ।ਭਿੰਨ ਭਿੰਨ ਰੰਗਾਂ ਵਾਲੀ (ਦੁਨੀਆਂ) ਨੂੰ ਪ੍ਰਭੂ ਦੇਖ (ਸੰਭਾਲ) ਰਿਹਾ ਹੈ; ਇਹ ਸਾਰੇ ਕੌਤਕ ਪ੍ਰਭੂ ਦੇ ਹਨ, ਜਿਨ੍ਹਾਂ ਨੂੰ ਜੀਵ ਵੱਖ ਵੱਖ ਕਰਕੇ ਦੇਖਦਾ ਹੈ।੧।

ਏਕੁ ਅਚਰਜੁ ਏਕੋ ਹੈ ਸੋਈ ॥ ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ਰਹਾਉ॥ (ਪ੍ਰਭੂ ਦਾ ਕੋਈ ਰੰਗ ਰੂਪ ਨਹੀਂ) ਉਹ ਇਕ ਅਸਚਰਜ ਪ੍ਰਭੂ (ਬਹੁ ਰੰਗੀ ਸੰਸਾਰ ਵਿਚ ਵਿਆਪਕ ਹੁੰਦਾ ਹੋਇਆ ਵੀ) ਇਕ ਹੈ।ਕੋਈ ਵਿਰਲਾ ਗੁਰਮੁਖ (ਇਕ ਅਸਚਰਜ ਪ੍ਰਭੂ ਨੂੰ) ਵਿਚਾਰਦਾ ਹੈ ; (ਇਸ ਭੇਦ ਨੂੰ) ਗੁਰੂ ਦੁਆਰਾ ਕੋਈ ਵਿਰਲਾ (ਮਨੁੱਖ) ਵਿਚਾਰਦਾ ਹੈ।੧।ਰਹਉ।

ਸਹਜਿ ਭਵੈ ਪ੍ਰਭੁ ਸਭਨੀ ਥਾਈ ॥ ਕਹਾ ਗੁਪਤੁ ਪ੍ਰਗਟੁ ,ਪ੍ਰਭਿ ਬਣਤ ਬਣਾਈ ॥ ਆਪੇ ਸੁਤਿਆ ਦੇਇ ਜਗਾਈ ॥੨॥ ਪ੍ਰਭੂ ਸੁਤੇ ਸਿਧ ਸਭ ਥਾਵਾਂ ਤੇ ਵਿਚਰਦਾ (ਵਿਆਪਕ) ਹੈ; ਪ੍ਰਭੂ ਜੀਵ ਰੂਪ (ਜਾਂ ਅਵਤਾਰ ਰੂਪ ਜਾਂ ਸਰਗੁਣ ਰੂਪ) ਹੋ ਕੇ ਸਭਨਾਂ ਥਾਵਾਂ ਤੇ ਵਿਚਰ ਰਿਹਾ ਹੈ।ਜਿਸ ਪ੍ਰਭੂ ਨੇ ਸਾਰੀ ਬਣਤ (ਰਚਨਾ) ਬਣਾਈ ਹੈ, (ਇਸ ਰਚਨਾ ਵਿਚ ਉਹ) ਕਿਤੇ (ਅਦ੍ਰਿਸਟ ਰੂਪ ਵਿਚ) ਗੁਪਤ ਹੈ ਤੇ ਕਿਸੇ ਥਾਂ (ਸਥੂਲ ਹੋ ਕੇ) ਪ੍ਰਗਟ ਹੈ।ਉਹ ਆਪੇ ਹੀ (ਮੋਹ ਦੀ ਨੀਂਦ ਵਿਚ) ਸੁੱਤੇ ਜੀਵਾਂ ਨੂੰ (ਗਿਆਨ ਬਖਸ਼ ਕੇ) ਜਗਾ ਦੇਂਦਾ ਹੈ।੨।

ਤਿਸ ਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ, ਬੂਝੈ ਹਰਿ ਸੋਈ ॥੩॥ (ਅੱਜ ਤਕ) ਉਸ ਪ੍ਰਭੂ ਦੀ ਕੀਮਤ ਕਿਸੇ ਤੋਂ ਨਹੀਂ ਹੋ ਸਕੀ।(ਅਪਣੇ ਵੱਲੋਂ) ਸਭ ਕੋਈ (ਪ੍ਰਭੂ ਦੇ ਗੁਣ) ਆਖ ਆਖ ਕੇ ਵਖਿਆਨ ਆਖਦਾ ਹੈ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਵਿਚ ਸਮਾਉਂਦਾ ਹੈ, ਉਹ ਹਰੀ ਨੂੰ ਸਮਝ ਲੈਂਦਾ ਹੈ।੩।

ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ, ਹਰਿ ਨਾਮਿ ਸਮਾਏ ॥੪॥੯॥੨੯॥ (ਜੋ ਮਨੁੱਖ ਗੁਰੂ ਦਾ ਉਪਦੇਸ਼ ਵਾਰ ਵਾਰ) ਸੁਣ ਕੇ ਪ੍ਰਭੂ ਨੂੰ ਸਭ ਜਗ੍ਹਾ ਦੇਖਦਾ ਹੈ, (ਉਹ ਅਪਣੇ ਆਪ ਨੂੰ) ਗੁਰੂ ਦੇ ਸ਼ਬਦ ਵਿਚ ਮਿਲਾ ਲੈਂਦਾ ਹੈ।(ਅਜੇਹੀ) ਵੱਡੀ ਵਡਿਆਈ ਗੁਰੂ ਦੀ ਸੇਵਾ ਤੋਂ (ਕਿਸੇ ਵਿਰਲੇ ਮਨੁੱਖ ਨੂੰ) ਪ੍ਰਾਪਤ ਹੁੰਦੀ ਹੈ।ਗੁਰੂ ਜੀ ਆਖਦੇ ਹਨ, (ਜਿਹੜੇ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, ਉਹ ਨਾਮੀ ਹਰੀ ਵਿਚ ਸਮਾ ਜਾਂਦੇ ਹਨ।੪।੯।੨੯।

ਪਦਾਰਥ = ਏਕਸੁ ਤੇ–ਇਕ ਪ੍ਰਭੂ ਤੋਂ।ਬੈਸੰਤਰੁ–ਅੱਗ।ਸਹਲੰਗਾ–ਨਾਲ ਲੱਗੇ (ਮਿਲੇ; ਜੁੜੇ) ਹੋਏ।ਭਿੰਨ–ਵੱਖਰਾ।੧।ਸੋਈ–ਉਹ ਪ੍ਰਭੂ।੧।ਰਹਾਉ।ਸਹਜਿ–ਸੁਤੇ ਸਿੱਧ।ਭਵੈ–ਵਿਚਰਦਾ ਹੈ; ਵਿਆਪਕ ਹੋ ਰਿਹਾ ਹੈ।ਕਹਾ–ਕਿਤੇ; ਕਿਸੇ ਥਾਂ ਤੇ।ਬਣਤ–ਬਣਤਰ; ਰਚਨਾ। ਪ੍ਰਭਿ–ਪ੍ਰਭੂ ਨੇ।੨।ਕਿਨੈ–ਕਿਸੇ ਤੋਂ।ਕਥਨੁ–ਵਖਿਆਨ; ਬਿਆਨ।ਸਮਾਵੈ–ਸਮਾ ਜਾਂਦਾ ਹੈ।੩।ਤੇ–ਤੋਂ।ਨਾਮਿ–ਨਾਮੀ ਪ੍ਰਭੂ।੪।੯।੨੯।

ਸਹਜ ਭਵੈ = ਵਾਹਿਗੁਰੂ ਸਾਰੇ ਵਿਆਪਕ ਹੈ ਤੇ ਗੁਪਤ ਵਰਤ ਰਿਹਾ ਹੈ।ਗੁਰਮੁਖਾਂ ਲਈ ਪਰਗਟ ਹੈ, ਤੇ ਜਿਨ੍ਹਾਂ ਲਈ ਗੁਪਤ ਹੈ, ਉਹ ਮਾਇਆ ਦੇ ਮੋਹ ਦੀ ਨੀਂਦ ਵਿਚ ਘੂਕ ਸੁੱਤੇ ਪਏ ਹਨ।ਪਰ ਸੁੱਤੇ ਹੋਇਆਂ ਤੇ ਜੇ ਕ੍ਰਿਪਾ ਹੋ ਜਾਵੇ ਤਾਂ ਉਨ੍ਹਾਂ ਨੂੰ ਗਿਆਨ ਦੀ ਬਖਸ਼ਿਸ਼ ਕਰਕੇ ਜਗਾ ਦੇਂਦਾ ਹੈ।ਜਾਗਣ ਵਿਧੀ ਨਾਮ ਸਿਮਰਨ ਤੇ ਗੁਰੂ ਦੀ ਸੇਵਾ ਦਸਿਆ ਹੈ।

ਗਉੜੀ ਗੁਆਰੇਰੀ ਮਹਲਾ ੩ ॥ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਮਨਮੁਖ ਮਾਇਆ ਦੇ ਪਿਆਰ ਵਿਚ ਅਗਿਆਨ ਦੀ ਨੀਂਦ ਵਿਚ ਸੁੱਤਾ ਪਿਆ ਹੈ।ਗੁਰਮੁਖ ਆਤਮਕ ਗੁਣਾਂ ਦੇ ਗਿਆਨ ਦੀ ਵਿਚਾਰ ਵਿਚ ਜਾਗਦਾ ਹੈ।ਉਹ ਪੁਰਖ (ਮੋਹ ਦੀ ਨੀਂਦ ਵਿਚੋਂ) ਜਾਗੇ ਹਨ, ਜਿਹੜੇ ਨਾਮ ਦੇ ਪਿਆਰ ਵਾਲੇ ਹਨ।੧।

ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ਰਹਾਉ॥ (ਜਿਹੜਾ ਪੁਰਖ) ਸਹਿਜ ਅਵਸਥਾ ਵਿਚ ਹੋ ਕੇ ਜਾਗਦਾ ਹੈ, (ਉਹ ਮਾਇਆ ਦੇ ਮੋਹ ਜਾਂ ਅਵਿਦਿਆ ਦੀ ਨੀਂਦ ਵਿਚ) ਕੋਈ ਨਹੀਂ ਸੌਂਦਾ।(ਪਰ ਸਹਿਜ ਪ੍ਰਾਪਤੀ ਦੀ ਜਾਚ) ਪੂਰੇ ਗੁਰੂ ਪਾਸੋਂ ਕੋਈ ਵਿਰਲਾ ਪੁਰਖ ਸਮਝਦਾ ਹੈ।੧।ਰਹਾਉ।

ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥ ਜੋ ਖੋਟਾ ਪੁਰਖ ਬੁੱਧੀ ਹੀਣ ਹੈ, ਉਹ ਕਦੇ ਵੀ (ਇਸ ਭੇਦ ਨੂੰ) ਨਹੀਂ ਸਮਝਦਾ।(ਉਹ ਗਿਆਨ ਦੀਆਂ) ਨਿਰੀਆਂ ਗੱਲਾਂ ਕਰਦਾ ਹੈ ਅਤੇ ਮਾਇਆ (ਵਾਸਤੇ ਲੋਕਾਂ) ਨਾਲ ਝਗੜਦਾ (ਬਹਿਸਾਂ ਕਰਦਾ) ਰਹਿੰਦਾ ਹੈ।(ਅਜੇਹਾ) ਅੰਨ੍ਹਾ ਅਗਿਆਨੀ (ਜੀਵਨ ਵਿਚ) ਕਦੇ ਵੀ ਸਫਲ ਨਹੀਂ ਹੁੰਦਾ।੨।

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ, ਗੁਰ ਸਬਦਿ ਵੀਚਾਰਾ ॥ ਆਪਿ ਤਰੈ, ਸਗਲੇ ਕੁਲ ਉਧਾਰਾ ॥੩॥ ਇਸ ਮਨੁੱਖਾ ਜਨਮ ਵਿਚ (ਆ ਕੇ) ਵਾਹਿਗੁਰੂ ਦੇ ਨਾਮ ਦੁਆਰਾ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਹੁੰਦਾ ਹੈ।(ਇਸ ਤਰ੍ਹਾਂ ਦਾ) ਵਿਚਾਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਕੋਈ ਵਿਰਲਾ ਮਨੁੱਖ ਪ੍ਰਾਪਤ ਕਰਦਾ ਹੈ।(ਅਜੇਹਾ ਮਨੁੱਖ) ਆਪ ਵੀ ਤਰ ਜਾਂਦਾ ਹੈ (ਅਤੇ ਨਾਮ ਦੇ ਪ੍ਰਤਾਪ ਕਰਕੇ ਅਪਣੀਆਂ) ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ।੩।

ਅੰਗ ੧੬੧ = ਇਸੁ ਕਲਿਜੁਗ ਮਹਿ, ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ,ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ, ਕੋ ਮੁਕਤਿ ਨ ਹੋਈ ॥੪॥੧੦॥੩੦॥ ਇਸ ਕਲਜੁਗ ਵਿਚ (ਲੋਕਾਂ ਤੋਂ) ਕੋਈ ਧਾਰਮਕ ਕਰਮ ਨਹੀਂ ਹੁੰਦੇ, (ਜੇ ਕੋਈ ਮਨੁੱਖ ਕਰਮ ਧਰਮ ਕਰਦਾ ਵੀ ਹੈ ਤਾਂ ਸਫਲ ਨਹੀਂ ਹੁੰਦੇ {ਕਲਿਜੁਗ ਰਹਿਆ ਪੈਰ ਇਕੁ ,ਹੋਇ ਨਿਮਾਣਾ ਧਰਮ ਅਧੀਣਾ (ਭਾ. ਗੁ. ੨੩-੧੮}। ਕਿਉਂਕਿ) ਕਲਜੁਗ ਦਾ ਜਨਮ ਚੰਡਾਲ ਦੇ ਘਰ ਵਿਚ ਹੋਇਆ ਹੈ (ਇਸ ਘੋਰ ਸਮੇਂ ਵਿਚ ਲੋਕਾਂ ਵਿਚ ਚੰਡਾਲ ਵਾਲਾ ਸੁਭਾਵ ਵਰਤਿਆ ਹੋਇਆ ਹੈ।ਜਿਥੇ ਬਹੁਤੇ ਔਗੁਣ, ਵਿਸ਼ੇ ਵਿਕਾਰ, ਧੱਕਾ, ਜੋਰ ਜੁਲਮ ਆਦਿ ਹੋਣ, ਉਥੇ ਕਲਜੁਗ ਹੈ {ਹੇ ਕਲਿ ਮੂਲ ਕ੍ਰੋਧੰ, ਕਦੰਚ ਕਰੁਣਾ ਨ ਉਪਰਜਤੇ ੧੩੫੮})।ਗੁਰੂ ਜੀ ਆਖਦੇ ਹਨ ਕਿ ਨਾਮ ਸਿਮਰਨ ਤੋਂ ਬਿਨਾ (ਕਲਜੁਗ ਵਿਚ) ਕੋਈ ਮੁਕਤ ਨਹੀਂ ਹੁੰਦਾ। ੪।੧੦।੩੦।

ਪਦਾਰਥ = ਮਨਮੁਖਿ-ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ।ਮੋਹਿ-ਅਗਿਆਨ ਵਿਚ।ਜਾਗੇ-ਅਵਿਦਿਆ ਦੀ ਨੀਂਦ ਤਿਆਗ ਕੇ ਗਿਆਨ ਪ੍ਰਾਪਤ ਕੀਤਾ।ਸੇ-ਉਹ।ਜਨ-ਸੇਵਕ; ਪੁਰਖ।੧।ਸਹਜੇ-ਸਹਿਜ ਅਵਸਥਾ ਵਿਚ।ਸਵੈ ਨ-ਸੌਂਦਾ ਨਹੀਂ।ਬੂਝੈ-ਸਮਝਦਾ ਹੈ।੧। ਰਹਾਉ।ਅਸੰਤੁ-ਜੋ ਸੰਤ ਨਹੀਂ; ਖੋਟਾ ਪੁਰਖ।ਅਨਾੜੀ-ਬੁੱਧੀ ਹੀਣ; ਉਜੱਡ।ਕਥਨੀ-ਗੱਲਾਂ।ਤੈ-ਅਤੇ।ਲੂਝੈ-ਝਗੜਦਾ (ਬਹਿਸ ਕਰਦਾ) ਹੈ।ਅੰਧੁ-ਅੰਨ੍ਹਾ।ਨ ਸੀਝੈ-ਸਫਲ ਨਹੀਂ ਹੁੰਦਾ।੨।ਇਸ ਜੁਗ ਮਹਿ-ਇਸ ਮਨੁੱਖਾ ਜਨਮ ਵਿਚ।ਨਿਸਤਾਰਾ-ਪਾਰ ਉਤਾਰਾ। ਕੋ-ਕੋਈ।ਉਧਾਰਾ-ਉਧਾਰ ਲੈਂਦਾ ਹੈ।੩।ਕਲੀ-ਕਲਜੁਗ।ਚੰਡਾਲ-ਤਾਮਸੀ ਸੁਭਾਵ ਵਾਲਾ; ਬਹੁਤ ਨੀਚ ਮਨੁੱਖ।੪।੧੦।੩੦।

ਗਉੜੀ ਮਹਲਾ ੩ ਗੁਆਰੇਰੀ ॥ ਸਚਾ ਅਮਰੁ ਸਚਾ ਪਾਤਿਸਾਹੁ ॥ ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥ (ਉਹ) ਪ੍ਰਮੇਸਰ ਸੱਚਾ ਪਾਤਸ਼ਾਹ ਹੈ ਅਤੇ ਉਸਦਾ ਹੁਕਮ ਵੀ ਸੱਚਾ ਹੈ।(ਜੋ ਪੁਰਖ) ਮਨ ਕਰਕੇ ਸੱਚੇ ਵੇਪ੍ਰਵਾਹ ਵਾਹਿਗੁਰੂ ਵਿਚ ਰੱਤੇ ਹੋਏ ਹਨ।(ਉਹ ਪੁਰਖ) ਸੱਚੇ ਨਾਮ ਦੁਆਰਾ ਸੱਚੇ ਦੇ ਸਰੂਪ ਵਿਚ ਸਮਾ ਜਾਂਦੇ ਹਨ।੧।

ਸੁਣਿ ਮਨ ਮੇਰੇ, ਸਬਦੁ ਵੀਚਾਰਿ ॥ ਰਾਮ ਜਪਹੁ ,ਭਵਜਲੁ ਉਤਰਹੁ ਪਾਰਿ ॥ਰਹਾਉ॥ ਹੇ ਮੇਰੇ ਮਨ! ਗੁਰੂ ਦਾ ਸ਼ਬਦ ਸੁਣ ਅਤੇ (ਉਸ ਤੇ) ਵਿਚਾਰ ਕਰ।(ਅਤੇ) ਪ੍ਰਭੂ ਦਾ ਨਾਮ ਜਪ, (ਇਸ ਤਰ੍ਹਾਂ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਹ।੧।ਰਹਾਉ।

ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥ ਇਹ ਜਗਤ ਦੁਐਤ ਭਾਵ ਕਰਕੇ ਜਨਮਿਆ ਹੈ।ਇਸ ਵਿਚ ਜੀਵ ਭਰਮ ਵਿਚ ਆਉਂਦਾ (ਜਨਮਦਾ) ਹੈ ਤੇ ਭਰਮ ਵਿਚ ਹੀ ਚਲਾ (ਮਰ) ਜਾਂਦਾ ਹੈ।ਮਨਮੁਖ ਪ੍ਰਭੂ ਨੂੰ ਨਹੀਂ ਸਿਮਰਦਾ, (ਇਸ ਕਰਕੇ ਉਹ ਜਨਮ ਮਰਨ ਦੇ ਗੇੜ ਵਿਚ) ਆਉਂਦਾ ਜਾਂਦਾ ਰਹਿੰਦਾ ਹੈ।੨।

ਆਪਿ ਭੁਲਾ, ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ,ਵਿਡਾਣੀ ਚਾਕਰੀ ਲਾਇਆ ॥ ਮਹਾ ਦੁਖੁ ਖਟੇ, ਬਿਰਥਾ ਜਨਮੁ ਗਵਾਇਆ ॥ ੩॥ (ਪ੍ਰਸ਼ਨ = ਮਨਮੁਖ ਪ੍ਰਭੂ ਤੋਂ) ਆਪ ਭੁੱਲਾ ਹੈ ਕਿ ਪ੍ਰਭੂ ਨੇ ਆਪ (ਇਸ ਨੂੰ) ਭੁਲਾਇਆ ਹੈ।(ਉਤਰ = ਜੇ ਜੀਵ ਆਪ ਭੁੱਲਿਆ ਹੈ ਤਾਂ ਇਹ ਅਪਣੀ ਮਨਮੁੱਖਤਾ ਕਰਕੇ ਭੁੱਲਿਆ ਹੈ।ਜੇ ਰੱਬ ਨੇ ਭੁਲਾਇਆ ਹੈ ਤਾਂ ਵੀ ਇਸ ਦੇ ਕੀਤੇ ਕਰਮਾਂ ਕਰਕੇ ਹੀ ਭੁਲਾਇਆ ਹੈ, ਕਿਉਂਕਿ ਰੱਬ ਕਰਮਾਂ ਅਨੁਸਾਰ ਫਲ ਦੇਂਦਾ ਹੈ।ਇਸ ਦੇ ਕਰਮ ਕੀ ਹਨ? ਮਨਮੁਖ ਨੇ ਅਪਣਾ) ਇਹ ਜੀਵਨ ਪਰਾਈ (ਮਾਇਆ ਤੇ ਦੇਵੀ ਦੇਵਤਿਆਂ ਦੀ) ਸੇਵਾ ਵਿਚ ਲਾਇਆ ਹੋਇਆ ਹੈ {ਖਸਮੁ ਛੋਡਿ ਦੂਜੈ ਲਗੇ, ਡੁਬੇ ਸੇ ਵਣਜਾਰਿਆ ੪੭੦} (ਅਪਣੇ ਕਰਮਾਂ ਕਰਕੇ ਭੁੱਲਿਆ ਹੋਇਆ ਹੈ।ਇਸ ਲਈ ਇਸ ਨੇ ਜਨਮ ਮਰਨ ਦੇ) ਬਹੁਤ ਦੁਖ ਖੱਟੇ ਹਨ ਅਤੇ ਅਪਣਾ ਜਨਮ ਬਿਰਥਾ ਗੁਆ ਲਿਆ ਹੈ।੩।

ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ, ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ, ਨਾਉ ਨਉ ਨਿਧ ਪਾਏ ॥੪॥੧੧॥੩੧ ॥ (ਜਿਸ ਮਨੁੱਖ ਨੂੰ ਵਾਹਿਗੁਰੂ ਨੇ) ਕਿਰਪਾ ਕਰਕੇ ਸਤਿਗੁਰੂ ਮਿਲਾ ਦਿਤਾ ਹੈ।(ਉਹ) ਇਕੋ ਨਾਮ ਸਿਮਰਦਾ ਹੈ ਅਤੇ ਅਪਣੇ ਹਿਰਦੇ

ਵਿਚੋਂ ਭਰਮ ਦੂਰ ਕਰ ਦੇਂਦਾ ਹੈ। ਗੁਰੂ ਜੀ ਆਖਦੇ ਹਨ, (ਜੋ ਮਨੁੱਖ ਵਾਹਿਗੁਰੂ ਦਾ) ਨਾਮ ਜਪਦਾ ਹੈ, ਉਹ ਨਾਮ ਦੀ ਬਰਕਤ ਨਾਲ ਸਭ ਤਰ੍ਹਾਂ ਦੀਆਂ ਅਮੋਲਕ ਵਸਤੂਆਂ ਦਾ ਖਜਾਨਾ ਪ੍ਰਾਪਤ ਕਰ ਲੈਂਦਾ ਹੈ।੪।੧੧।੩੧।

ਪਦਾਰਥ = ਅਮਰੁ-ਹੁਕਮ। ਮਨਿ-ਮਨ ਕਰਕੇ। ਰਾਤੇ-ਮਸਤ ਹਨ; ਰੰਗੇ ਹਨ। ਮਹਲਿ-ਸਰੂਪ ਵਿਚ। ਸਮਾਹੁ-ਸਮਾ ਜਾਂਦੇ ਹਨ।੧। ਰਾਮ-ਪ੍ਰਭੂ। ਭਵਜਲ-ਸੰਸਾਰ ਰੂਪ ਸਮੁੰਦਰ। ਉਤਰਹੁ-ਲੰਘ ਜਾਹ।੧। ਰਹਾਉ। ਭਰਮੇ-ਭਰਮ ਵਿਚ (ਮਿਥਿਆ ਗਿਆਨ, ਹੋਰ ਦਾ ਹੋਰ ਸਮਝਣਾ ਭਾਵ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝ ਲੈਣਾ)। ਦੂਜੈ ਭਾਇ-ਦੁਐਤ ਭਾਵ ਕਰਕੇ। ਆਵੈ ਜਾਇ-ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ।੨। ਭੁਲਾ-ਭੁੱਲਾ ਹੈ; ਕੁਰਾਹੇ ਪਿਆ ਹੈ। ਕਿ-ਜਾਂ। ਪ੍ਰਭਿ-ਪ੍ਰਭੂ ਨੇ। ਜੀਉ-ਜੀਵ। ਵਿਡਾਣੀ-ਬਿਗਾਨੀ। ਚਾਕਰੀ-ਨੌਂਕਰੀ; ਸੇਵਾ। ਖਟੇ- ਕਮਾਉਂਦਾ ਹੈ।੩। ਚੁਕਾਏ-ਦੂਰ ਕਰਦਾ ਹੈ। ਨਉ ਨਿਧਿ-ਨੌਂ ਖਜਾਨੇ।੪।੧੧।੩੧।

ਗਉੜੀ ਗੁਆਰੇਰੀ ਮਹਲਾ ੩ ॥ ਜਿਨਾ ਗੁਰਮੁਖਿ ਧਿਆਇਆ, ਤਿਨ ਪੂਛਉ ਜਾਇ ॥ ਗੁਰ ਸੇਵਾ ਤੇ ਮਨੁ ਪਤੀਆਇ ॥ ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥੧॥ ਜਿਨ੍ਹਾਂ ਗੁਰਮੁਖਾਂ ਨੇ (ਵਾਹਿਗੁਰੂ ਨੂੰ) ਧਿਆਇਆ ਹੈ, ਉਨ੍ਹਾਂ ਨੂੰ (ਵਾਹਿਗੁਰੂ ਪ੍ਰਾਪਤੀ ਦੀ ਜੁਗਤੀ) ਜਾ ਕੇ ਪੁੱਛੋ; ਉਨ੍ਹਾਂ ਨੂੰ ਜਾ ਕੇ ਪੁੱਛਦਾ ਹਾਂ।(ਤਾਂ ਉਹ ਦਸਦੇ ਹਨ ਕਿ) ਗੁਰੂ ਦੀ ਸੇਵਾ ਨਾਲ ਮਨੁੱਖ ਦਾ ਮਨ (ਵਾਹਿਗੁਰੂ ਦੇ ਸਿਮਰਨ ਵਿਚ) ਪਤੀਜਦਾ ਹੈ (ਸੇਵਾ ਕਰਨ ਤੇ ਮਨ ਨੂੰ ਭਰੋਸਾ ਬੱਝ ਜਾਂਦਾ ਹੈ)। ਉਹ ਹਰੀ ਦਾ ਨਾਮ (ਧਨ) ਕਮਾ ਕੇ ਧਨਵਾਨ ਬਣ ਜਾਂਦੇ ਹਨ।(ਉਹ ਮਨੁੱਖ ਇਹ) ਸੋਝੀ (ਗਿਆਨ) ਪੂਰੇ ਗੁਰੂ ਤੋਂ ਪ੍ਰਾਪਤ ਕਰਦੇ ਹਨ।੧।

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ਰਹਾਉ॥ ਹੇ ਮੇਰੇ ਭਾਈ! ਹਰਿ ਹਰਿ ਨਾਮ ਜਪੋ। ਗੁਰੂ ਦੁਆਰਾ ਕੀਤੀ ਹੋਈ ਸੇਵਾ ਭਗਤੀ ਦੀ ਮੇਹਨਤ ਹਰੀ ਪ੍ਰਵਾਨ ਕਰਦਾ ਹੈ।੧। ਰਹਾਉ।

ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥ ਹਰਿ ਗੁਣ ਗਾਵੈ, ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥ (ਜਿਹੜਾ ਮਨੁੱਖ) ਆਪਣੇ ਆਪ ਨੂੰ ਪਛਾਣ ਲੈਂਦਾ ਹੈ, ਉਸਦਾ ਮਨ ਨਿਰਮਲ ਹੋ ਜਾਂਦਾ ਹੈ; (ਜਦ) ਮਨ ਨਿਰਮਲ ਹੁੰਦਾ ਹੈ ਤਾਂ (ਮਨੁੱਖ) ਅਪਣੇ ਆਪ ਨੂੰ ਪਛਾਣਦਾ ਹੈ।(ਜਿਹੜਾ ਮਨੁੱਖ) ਹਰੀ ਨੂੰ ਪਾ ਲੈਂਦਾ ਹੈ, ਉਹ ਹੀ ਜੀਵਨ ਮੁਕਤ ਹੈ।(ਜੋ ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ, ਉਸਦੀ ਮੱਤ ਉਤਮ ਹੋ ਜਾਂਦੀ ਹੈ। ਉਹ ਸੁਤੇ ਸਿੱਧ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।੨।

ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥ ਦੁਐਤ ਭਾਵ ਵਿਚ ਰਹਿ ਕੇ ਹਰੀ ਨਹੀਂ ਸੇਵਿਆ ਜਾ ਸਕਦਾ। ਹਉਮੈ ਰੂਪ ਮਾਇਆ ਬਹੁਤ ਵੱਡੀ ਜਹਿਰ ਹੈ (ਜਿਸ ਨੂੰ ਮਨੁੱਖ) ਖਾਂਦਾ ਹੈ (ਜਿਸ ਕਰਕੇ ਆਤਮਕ ਜੀਵਨ ਬਰਬਾਦ ਹੋ ਜਾਂਦਾ ਹੈ)। ਮਾਇਆ ਨੇ ਪੁਤ੍ਰ, ਪ੍ਰਵਾਰ ਤੇ ਘਰ ਦੁਆਰਾ (ਮਨੁੱਖ ਨੂੰ) ਮੋਹਿਆ ਹੈ।(ਜਿਸ ਦੇ ਕਾਰਣ ਸੂਝ ਬੂਝ ਤੋਂ) ਅੰਨ੍ਹਾਂ ਮਨਮੁਖ ਜੰਮਦਾ ਮਰਦਾ ਰਹਿੰਦਾ ਹੈ।੩।

ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥ ਗੁਰਮਤਿ ਵਿਰਲਾ ਬੂਝੈ ਸੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥ ਉਹ (ਗੁਰੂ) ਜਿਸ ਸੇਵਕ ਜਨ ਨੂੰ ਹਰਿ ਹਰਿ ਨਾਮ ਦੇਂਦਾ ਹੈ।(ਉਸ ਸੇਵਕ ਤੋਂ) ਗੁਰੂ ਦੇ ਸ਼ਬਦ ਦੁਆਰਾ ਹਰ ਰੋਜ ਭਗਤੀ ਹੁੰਦੀ ਹੈ।(ਪਰ ਇਸ ਗੱਲ ਨੂੰ) ਗੁਰੂ ਦੀ ਸਿੱਖਿਆ ਦੁਆਰਾ ਕੋਈ ਵਿਰਲਾ ਮਨੁੱਖ ਸਮਝਦਾ ਹੈ।(ਜੋ ਮਨੁੱਖ ਸਮਝਦਾ ਹੈ) ਗੁਰੂ ਜੀ ਆਖਦੇ ਹਨ ਕਿ ਉਹ ਨਾਮ ਦੁਆਰਾ ਵਾਹਿਗੁਰੂ ਵਿਚ ਸਮਾ ਜਾਂਦਾ ਹੈ।੪।੧੨।੩੨।

ਪਦਾਰਥ = ਤੇ-ਤੋਂ। ਪਤੀਆਇ-ਪਤੀਜਦਾ ਹੈ। ਧਨਵੰਤ-ਧਨਾਢ। ਸੋਝੀ-ਸਮਝ; ਗਿਆਨ।੧। ਘਾਲ-ਮੇਹਨਤ। ਥਾਇ ਪਾਈ-ਪਰਵਾਨ ਕਰਦਾ ਹੈ।੧। ਰਹਾਉ। ਆਪੁ-ਆਪਣੇ ਆਪ ਨੂੰ। ਸੋਇ-ਉਹ। ਸਹਜੇ-ਸੁਤੇ ਸਿੱਧ। ਸਹਜਿ-ਸਹਿਜ ਅਵਸਥਾ ਵਿਚ।੨। ਦੂਜੈ ਭਾਇ-ਦ੍ਵੈਤ ਭਾਵ (ਰੱਬ ਨੂੰ ਭੁੱਲ ਕੇ ਮਾਇਆ ਦੇ ਮੋਹ) ਵਿਚ। ਬਿਖੁ-ਜਹਿਰ। ਕੁਟੰਬਿ-ਪਰਵਾਰ ਦੇ ਮੋਹ ਵਿਚ। ਮਾਇ-ਮਾਇਆ। ਅੰਧਾ-ਅਗਿਆਨੀ। ਆਵੈ ਜਾਇ-ਜੰਮਦਾ ਮਰਦਾ ਹੈ।੩। ਜਨੁ-ਸੇਵਕ ਨੂੰ। ਨਾਮਿ-ਨਾਮ ਦੁਆਰਾ। ਸਮਾਵੈ-ਸਮਾ ਜਾਂਦਾ ਹੈ।੪।੧੨।੩੨।

ਗਉੜੀ ਗੁਆਰੇਰੀ ਮਹਲਾ ੩ ॥ ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ, ਤੋਟਿ ਨ ਹੋਈ ॥ ਐਥੈ ਸਦਾ ਸੁਖੁ ,ਦਰਿ ਸੋਭਾ ਹੋਈ ॥੧॥ ਗੁਰੂ ਦੀ ਸੇਵਾ ਚਾਰੇ ਜੁੱਗਾਂ (ਸਾਰੇ ਸਮਿਆਂ) ਵਿਚ ਹੁੰਦੀ ਆਈ ਹੈ। ਕੋਈ ਪੂਰਨ ਪੁਰਖ ਹੀ (ਗੁਰੂ ਦੀ ਸੇਵਾ ਦੀ) ਕਾਰ ਕਮਾਉਂਦਾ (ਕਰਦਾ) ਹੈ।(ਜਿਹੜਾ ਮਨੁੱਖ ਗੁਰੂ ਦੀ ਸੇਵਾ ਸ਼ਰਧਾ ਨਾਲ ਕਰਦਾ ਹੈ, ਉਹ) ਕਦੇ ਨਾ ਮੁੱਕਣ ਵਾਲਾ ਹਰੀ ਦਾ ਨਾਮ ਰੂਪ ਧਨ ਪ੍ਰਾਪਤ ਕਰ ਲੈਂਦਾ ਹੈ, (ਨਾਮ ਧਨ ਵਿਚ ਕਦੇ) ਘਾਟਾ ਨਹੀਂ ਹੁੰਦਾ।(ਨਾਮ ਧਨ ਵਾਲੇ ਮਨੁੱਖ ਨੂੰ) ਇਸ ਲੋਕ ਵਿਚ ਵੀ ਸਦਾ ਸੁਖ ਮਿਲਦਾ ਹੈ ਅਤੇ ਰੱਬ ਦੀ ਦਰਗਾਹ ਵਿਚ ਵੀ ਸੋਭਾ ਹੁੰਦੀ ਹੈ।੧।

ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ਰਹਾਉ॥ ਹੇ ਮੇਰੇ ਮਨ! ਭਰਮ ਨਹੀਂ ਕਰਨਾ ਚਾਹੀਦਾ। ਗੁਰੂ ਦੀ ਸੇਵਾ ਦੁਆਰਾ ਨਾਮ ਦੇ ਅੰਮ੍ਰਿਤ ਰਸ ਨੂੰ ਪੀਣਾ ਚਾਹੀਦਾ ਹੈ।੧। ਰਹਾਉ।

ਸਤਿਗੁਰੁ ਸੇਵਹਿ, ਸੇ ਮਹਾ ਪੁਰਖ ਸੰਸਾਰੇ ॥ ਆਪਿ ਉਧਰੇ, ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰਧਾਰੇ ॥ ਨਾਮਿ ਰਤੇ, ਭਉਜਲ ਉਤਰਹਿ ਪਾਰੇ ॥੨॥ (ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ. ਉਹ ਸੰਸਾਰ ਵਿਚ ਮਹਾਨ ਪੁਰਖ ਹਨ; ਮਹਾਂ ਪੁਰਖ ਕਹੇ

ਜਾਂਦੇ ਹਨ।(ਉਹ ਮਹਾਂ ਪੁਰਖ ਸੰਸਾਰ ਸਮੁੰਦਰ ਤੋਂ) ਆਪ ਵੀ ਤਰ ਜਾਂਦੇ ਹਨ ਤੇ ਅਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦੇ ਹਨ।(ਉਹ) ਹਰੀ ਦਾ ਨਾਮ ਹਿਰਦੇ ਵਿਚ ਧਾਰੀ ਰਖਦੇ ਹਨ।(ਅਤੇ) ਨਾਮ ਵਿਚ ਰੰਗੇ ਹੋਏ ਹੋਣ ਕਰਕੇ ਭਵਜਲ ਤੋਂ ਪਾਰ ਲੰਘ ਜਾਂਦੇ ਹਨ।੨।

ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ, ਨਿਜ ਘਰਿ ਵਾਸਾ ॥ ਨਾਮਿ ਰਤੇ, ਘਰ ਮਾਹਿ ਉਦਾਸਾ ॥੩॥ (ਜੋ ਮਨੁੱਖ) ਮਨ ਵਿਚ ਦਾਸਾ ਭਾਵ ਰੱਖ ਕੇ ਅਤੇ ਹਉਮੈ ਨੂੰ ਮਾਰ ਕੇ ਸਤਿਗੁਰੂ ਦੀ ਸਦਾ ਸੇਵਾ ਕਰਦੇ ਹਨ, (ਉਨ੍ਹਾਂ ਦਾ) ਹਿਰਦਾ ਕਮਲ ਖਿੜ ਜਾਂਦਾ ਹੈ।(ਉਨ੍ਹਾਂ ਦਾ) ਸ੍ਵੈ ਸਰੂਪ ਵਿਚ ਨਿਵਾਸ ਹੋ ਜਾਂਦਾ ਹੈ ਅਤੇ (ਦਸਮ ਦੁਆਰ ਵਿਚ) ਅਨਹਦ ਸ਼ਬਦ ਵੱਜਣ ਲਗ ਪੈਂਦਾ ਹੈ।(ਉਹ) ਨਾਮ ਵਿਚ ਰੰਗੇ ਹੋਏ ਗ੍ਰਿਹਸਥ ਵਿਚ ਰਹਿੰਦੇ ਹੋਏ ਮਾਇਆ ਵੱਲੋਂ ਉਦਾਸ (ਨਿਰਲੇਪ) ਰਹਿੰਦੇ ਹਨ।੩।

ਸਤਿਗੁਰੁ ਸੇਵਹਿ, ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥ (ਜੋ ਪੁਰਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੀ ਬਾਣੀ ਸੱਚੀ ਹੁੰਦੀ ਹੈ।(ਹਰੀ ਦੀ ਸਿਫਤ ਸਲਾਹ ਵਾਲੀ ਬਾਣੀ) ਹਰੇਕ ਜੁਗ ਵਿਚ ਭਗਤਾਂ ਨੇ ਉਚਾਰ ਕੇ ਬਿਆਨ ਕੀਤੀ ਹੈ।

ਅੰਗ ੧੬੨ = ਅਨਦਿਨੁ ਜਪਹਿ, ਹਰਿ ਸਾਰੰਗਪਾਣੀ ॥ ਨਾਨਕ ਨਾਮਿ ਰਤੇ, ਨਿਹਕੇਵਲ ਨਿਰਬਾਣੀ ॥੪॥੧੩॥੩੩॥ (ਉਹ) ਹਰ ਰੋਜ ਹਰੀ ਪ੍ਰਮੇਸ਼ਰ ਦਾ ਸਿਮਰਨ ਕਰਦੇ ਹਨ।ਗੁਰੂ ਜੀ ਆਖਦੇ ਹਨ ਕਿ ਉਹ ਨਾਮ ਵਿਚ ਰੰਗੇ ਹੋਏ ਪਰਮ ਸ਼ੁੱਧ ਤੇ ਮੁਕਤ ਹਨ। ੪।੧੩।੩੩

ਪਦਾਰਥ = ਜੁਗ ਚਾਰੇ-ਚੌਹਾਂ ਜੁੱਗਾਂ ਵਿਚ (ਸਦਾ)।ਪੂਰਾ ਜਨ-ਪੂਰਨ ਪੁਰਖ।ਕਾਰ-ਸੇਵਾ ਕਰਨ ਦਾ ਕਰਮ।ਅਖੁਟੁ-ਨਾ ਮੁੱਕਣ ਵਾਲਾ।ਤੋਟਿ-ਘਾਟਾ।ਐਥੈ-ਇੱਥੇ (ਇਸ ਲੋਕ ਵਿਚ)।ਦਰਿ-ਰੱਬ ਦੇ ਦਰ ਤੇ; ਰੱਬ ਦੀ ਹਜੂਰੀ ਵਿਚ।੧।ਭਰਮੁ-ਸ਼ੰਕਾ।ਅੰਮ੍ਰਿਤ ਰਸੁ-ਨਾਮ ਦਾ ਅੰਮ੍ਰਿਤ ਰਸ; ਗੁਰੂ ਦੀ ਸੇਵਾ ਦਾ ਅੰਮ੍ਰਿਤ ਰਸ।੧।ਰਹਾਉ।ਸੇ-ਉਹ।ਸੰਸਾਰੇ-ਸੰਸਾਰ ਵਿਚ।ਉਧਰੇ-ਤਰ ਜਾਂਦੇ ਹਨ। ਨਿਸਤਾਰੇ-ਤਾਰ ਦੇਂਦੇ ਹਨ।ਉਰ ਧਾਰੇ-ਹਿਰਦੇ ਵਿਚ ਧਾਰੀ ਰਖਦੇ ਹਨ।ਰਤੇ-ਰੰਗੇ ਹੋਏ।ਭਉਜਲ-ਸੰਸਾਰ ਸਮੁੰਦਰ ਤੋਂ।ਉਤਰਹਿ ਪਾਰੇ-ਪਾਰ ਉਤਰ (ਲੰਘ) ਜਾਂਦੇ ਹਨ।੨।ਦਾਸਾ-ਸੇਵਕ ਬਣ ਕੇ ਰਹਿਣ ਦਾ ਖਿਆਲ; ਨਿਮ੍ਰਤਾ ਵਾਲਾ ਸੁਭਾਵ।ਪਰਗਾਸਾ-ਖਿੜਦਾ ਹੈ ।ਅਨਹਦੁ ਵਾਜੈ-(ਜੋਗੀਆਂ ਅਨੁਸਾਰ ਦਸਮ ਦੁਆਰ ਦਾ ਅਨਹਦ ਸ਼ਬਦ); ਆਤਮ ਮੰਡਲ ਦਾ ਵਾਜਾ ਵਜਦਾ ਹੈ, ਜੋ ਚਿੱਤ ਇਕਾਗ੍ਰ ਹੋਣ ਨਾਲ ਸੁਣਦਾ ਹੈ; ਕੀਰਤਨ ਦਾ ਇਕ ਰਸ ਵਾਜਾ ਵਜਦਾ ਹੈ।ਨਿਜ ਘਰਿ-ਆਤਮ ਸਰੂਪ ਵਿਚ।ਵਾਸਾ-ਨਿਵਾਸ।ਰਤੇ-ਰੰਗੇ ਹਨ। ਘਰ-ਗ੍ਰਿਹਸਤ।ਉਦਾਸਾ-ਮੋਹ ਰਹਿਤ; ਵੈਰਾਗਵਾਨ; ਅਲੇਪ।੩।ਸਚੀ ਬਾਣੀ-ਵਾਹਿਗੁਰੂ ਦੀ ਸਿਫਤ ਸਲਾਹ ਵਿਚ ਉਚਾਰੀ ਬਾਣੀ। ਭਗਤੀ-ਭਗਤਾਂ ਨੇ।ਸਾਰੰਗ ਪਾਣੀ-ਜਿਸ ਦੇ ਹੱਥ ਵਿਚ ਧਨੁੱਖ ਹੈ; ਪ੍ਰਿਥਵੀ ਹੈ ਜਿਸਦੇ ਹੱਥ ਵਿਚ ਭਾਵ ਧਰਤੀ ਦਾ ਸਹਾਰਾ। ਨਿਹਕੇਵਲ-ਪਰਮ ਸ਼ੁੱਧ; ਨਿਰਲੇਪ।ਨਿਰਬਾਣੀ-ਤਿਆਗੀ; ਬੰਧਨਾਂ ਤੋਂ ਰਹਿਤ; ਮੁਕਤ।੪।੧੩।੩੩।

ਗਉੜੀ ਗੁਆਰੇਰੀ ਮਹਲਾ ੩ ॥ ਸਤਿਗੁਰੁ ਮਿਲੈ, ਵਡਭਾਗਿ ਸੰਜੋਗ ॥ ਹਿਰਦੈ ਨਾਮੁ ,ਨਿਤ ਹਰਿ ਰਸ ਭੋਗ ॥੧॥ (ਜਿਸ ਮਨੁੱਖ ਨੂੰ) ਵੱਡੇ ਭਾਗਾਂ ਅਤੇ ਸੰਜੋਗਾਂ ਨਾਲ ਸਤਿਗੁਰੂ ਮਿਲਦਾ ਹੈ; ਵੱਡੇ ਭਾਗਾਂ ਨਾਲ ਸਤਿਗੁਰੂ ਮਿਲਦਾ ਹੈ ਅਤੇ (ਨਾਮ ਨਾਲ) ਮਿਲਾਪ ਹੁੰਦਾ ਹੈ।(ਉਸਦੇ) ਹਿਰਦੇ ਵਿਚ ਪ੍ਰਭੂ ਦਾ ਨਾਮ ਵਸ ਜਾਂਦਾ ਹੈ ਅਤੇ ਉਹ ਨਿੱਤ (ਸਦਾ) ਪ੍ਰਭੂ ਦੇ ਨਾਮ ਦਾ ਅਨੰਦ ਮਾਣਦਾ ਹੈ।੧।

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ਰਹਾਉ॥ ਹੇ ਪ੍ਰਾਣੀ! ਗੁਰੂ ਦੁਆਰਾ ਹਰੀ ਦਾ ਨਾਮ ਸਿਮਰ।(ਇਸ ਤਰ੍ਹਾਂ) ਨਾਮ ਰੂਪ ਲਾਹਾ ਪ੍ਰਾਪਤ ਕਰਕੇ ਮਨੁੱਖਾ ਜਨਮ ਨੂੰ ਜਿੱਤ (ਸਫਲ ਕਰ) ਲੈ।੧।ਰਹਾਉ।

ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥ (ਜਿਸ ਮਨੁੱਖ ਨੂੰ) ਗੁਰੂ ਦਾ ਸ਼ਬਦ ਮਿੱਠਾ (ਪਿਆਰਾ) ਲਗਦਾ ਹੈ, (ਸ਼ਬਦ ਹੀ ਉਸ ਵਾਸਤੇ) ਗਿਆਨ ਤੇ ਧਿਆਨ ਹੈ।(ਪਰ) ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਮਨੁੱਖ ਨੇ (ਗੁਰ ਸ਼ਬਦ ਦੀ ਮਿਠਾਸ ਨੂੰ) ਚੱਖ ਕੇ ਦੇਖਿਆ ਹੈ।੨।

ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥ (ਜੋ ਲੋਕ ਜਨਮ, ਵਿਆਹ, ਜਨੇਊ ਤੇ ਮਰਨ ਦੇ ਸੰਸਕਾਰ ਆਦਿ ਦੇ ਸਮੇਂ ਸ਼ਾਸ਼ਤ੍ਰਾਂ ਦੇ ਦੱਸੇ) ਕਰਮ ਕਾਂਡ ਅਨੁਸਾਰ ਬਹੁਤ ਪ੍ਰਕਾਰ ਦੇ ਕਰਮ ਕਰਦੇ ਹਨ।ਨਾਮ ਤੋਂ ਬਿਨਾ ਹੰਕਾਰ ਵਾਲੇ (ਕਰਮਾਂ ਨੂੰ) ਫਿਟਕਾਰ ਹੈ ਅਤੇ (ਕਰਮ ਕਰਨ ਵਾਲੇ ਲੋਕਾਂ ਨੂੰ ਵੀ) ਫਿਟਕਾਰ ਹੈ (ਕਿਉਂਕਿ ਇਹ ਕਲਿਆਣਕਾਰੀ ਨਹੀਂ ਹਨ); ਨਾਮ ਤੋਂ ਬਿਨਾ ਇਹ ਕਰਮ ਨਿਰੇ ਹੰਕਾਰ ਦੇ ਹਨ ਅਤੇ ਲਾਹਣਤ ਯੋਗ ਹਨ (ਸ਼ਬਦਾਰਥ)।੩।

ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥ (ਇਨ੍ਹਾਂ ਕਰਮਾਂ ਦੇ ਕਾਰਣ ਮਨੁੱਖ) ਮਾਇਆ ਰੂਪ ਫਾਹੀ ਦੇ ਬੰਧਨ ਵਿਚ ਬੱਝ ਗਿਆ ਹੈ।(ਪ੍ਰਭੂ ਦਾ) ਦਾਸ ਨਾਨਕ ਆਖਦਾ ਹੈ (ਕਿ ਬੰਧਨਾਂ ਦੀ ਫਾਹੀ ਤੋਂ ਅਜੇਹਾ ਮਨੁੱਖ ਵੀ) ਛੁੱਟ ਸਕਦਾ ਹੈ, (ਜੇ ਉਸ ਨੂੰ) ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋ ਜਾਵੇ।੪।੧੪।੩੪।

ਪਦਾਰਥ = ਸੰਜੋਗ-ਕਰਮਾਂ ਦੇ ਫਲ ਕਰਕੇ; ਮਿਲਾਪ।ਰਸ-ਅਨੰਦ।ਭੋਗ-ਭੋਗਦਾ (ਮਾਣਦਾ) ਹੈ।੧।ਗੁਰਮੁਖਿ-ਗੁਰੂ ਦੁਆਰਾ। ਲਾਹਾ-ਲਾਭ।੧।ਰਹਾਉ।ਧਿਆਨੁ-ਪ੍ਰਭੂ ਵਿਚ ਲਿਵ ਲੀਨ ਹੋਣਾ; ਸੋਚ ਵਿਚਾਰ।ਕਿਨੈ-ਕਿਸੇ ਨੇ।ਚਖਿ-ਖਾ ਕੇ।੨।ਕਰਮ ਕਾਂਡ-ਸ਼ਾਸਤ੍ਰ ਦਾ ਉਹ ਕਾਂਡ (ਭਾਗ) ਜਿਸ ਵਿਚ ਕਰਮ ਦਾ ਵਰਨਣ ਹੈ ਕਿ ਕਿਹੜੇ ਕਰਮ ਕਿਸ ਨੂੰ ਕਿਸ ਸਮੇਂ ਕਰਨੇ ਚਾਹੀਦੇ ਹਨ। ਅਚਾਰ-ਰਹਿਣੀ

ਬਹਿਣੀ ਦੇ ਕਰਮ। ਧ੍ਰਿਗੁ-ਲਾਹਣਤ; ਫਿਟਕਾਰ।੩। ਬੰਧਨਿ-ਬੰਧਨ ਵਿਚ। ਬਾਧਿਓ-ਬੰਨ੍ਹਿਆ ਹੈ। ਫਾਸ-ਫਾਹੀ।੪। ੧੪।੩੪।
ਮਹਲਾ ੩ ॥ ਗਉੜੀ ਬੈਰਾਗਣਿ ॥ ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ, ਕਿਆ ਧਰਤੀ ਮਧੇ ਪਾਣੀ ਨਾਹੀ ॥ ਜੈਸੇ ਧਰਤੀ ਮਧੇ ਪਾਣੀ ਪਰਗਾਸਿਆ, ਬਿਨੁ ਪਗਾ ਵਰਸਤ ਫਿਰਾਹੀ ॥੧॥ ਜਿਸ ਤਰ੍ਹਾਂ ਧਰਤੀ ਉਪਰ ਬੱਦਲ ਵਰਸਦਾ ਹੈ (ਤਾਂ ਸਾਰੇ ਲੋਕ ਖੁਸ਼ ਹੁੰਦੇ ਹਨ), ਕੀ ਧਰਤੀ ਅੰਦਰ ਪਾਣੀ ਨਹੀਂ? ਜਿਸ ਤਰ੍ਹਾਂ ਧਰਤੀ ਵਿਚ (ਨਦੀਆਂ, ਚਸ਼ਮਿਆਂ, ਖੂਹਾਂ ਤੇ ਸਮੁੰਦਰਾਂ ਰਾਹੀਂ) ਪਾਣੀ ਪਰਗਟਿਆ ਹੋਇਆ ਹੈ, (ਪਰ ਉਹ) ਬਿਨਾ ਪੈਰਾਂ ਤੋਂ ਹੈ ਭਾਵ ਜਤਨ ਕੀਤੇ ਬਿਨਾ ਨਹੀਂ ਨਿਕਲਦਾ, (ਧਰਤੀ ਉਤੇ ਜੋ) ਬੱਦਲ ਵਰਸਦਾ ਫਿਰਦਾ ਹੈ, (ਇਸ ਦੀ ਬਹੁਤ ਲੋੜ ਹੈ, ਜੋ ਬਿਨਾ ਜਤਨ ਤੋਂ ਰੱਬ ਦੀ ਕ੍ਰਿਪਾ ਨਾਲ ਆਪੇ ਮਿਲ ਜਾਂਦਾ ਹੈ)।੧।
ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ, ਤੈਸੇ ਜਾਇ ਸਮਾਹੀ ॥੧॥ਰਹਾਉ॥ ਹੇ ਬਾਬਾ! ਤੂੰ (ਅਪਣੇ ਹਿਰਦੇ ਵਿਚੋਂ) ਇਹੋ ਜਿਹਾ ਭਰਮ ਦੂਰ ਕਰ ਦੇਹ। ਜੋ ਕੁਛ ਕਰਦਾ ਹੈ, ਉਹ ਕੋਈ ਹੈ ਤਾਂ ਪ੍ਰਭੂ ਆਪ ਹੀ ਹੈ (ਪ੍ਰਭੂ ਤੋਂ ਹੀ ਸਭ ਕੁਛ ਹੋ ਰਿਹਾ ਹੈ, ਜਿਵੇਂ ਸਭ ਕੁਛ ਉਸ ਪ੍ਰਭੂ ਤੋਂ ਪੈਦਾ ਹੁੰਦਾ ਹੈ, ਅੰਤ) ਤਿਵੇਂ ਉਸ ਵਿਚ ਜਾ ਸਮਾਉਂਦਾ ਹੈ।੧।ਰਹਾਉ।
ਇਸਤਰੀ ਪੁਰਖ ਹੋਇ ਕੈ, ਕਿਆ ਓਇ ਕਰਮ ਕਮਾਹੀ ॥ ਨਾਨਾ ਰੂਪ ਸਦਾ ਹਹਿ ਤੇਰੇ, ਤੁਝ ਹੀ ਮਾਹਿ ਸਮਾਹੀ ॥੨॥ (ਹੇ ਭਾਈ! ਹਰੀ ਆਪ ਹੀ) ਇਸਤ੍ਰੀ ਤੇ ਪੁਰਖ ਰੂਪ ਹੋ ਕੇ (ਸੰਸਾਰ ਦੀ ਉਤਪਤੀ ਕਰ ਰਿਹਾ ਹੈ), ਕੀ ਉਹ (ਇਸਤ੍ਰੀ ਪੁਰਖ ਹਰੀ ਦੀ ਸੱਤਾ ਤੋਂ ਬਿਨਾ ਸੰਤਾਨ ਉਤਪਤੀ ਦਾ) ਕਰਮ ਕਮਾ ਸਕਦੇ ਹਨ? (ਇਸਤ੍ਰੀ ਤੇ ਪੁਰਖ ਰੂਪ ਹੋ ਕੇ ਸੰਸਾਰ ਦੀ ਪੈਦਾਇਸ਼ ਪ੍ਰਭੂ ਆਪ ਹੀ ਕਰ ਰਿਹਾ ਹੈ। ਹੇ ਪ੍ਰਭੂ! ਇਸਤ੍ਰੀ ਪੁਰਖ ਆਦਿ) ਅਨੇਕ ਤਰ੍ਹਾਂ ਦੇ ਰੂਪ ਸਦਾ ਤੇਰੇ ਹੀ ਹਨ ਅਤੇ ਤੇਰੇ ਵਿਚ ਹੀ ਸਮਾ ਜਾਂਦੇ ਹਨ (ਪੁਰਖ ਤੇ ਪ੍ਰਕਿਰਤੀ ਜਾਂ ਜੀਵ ਤੇ ਮਾਇਆ ਨੇ ਜੋ ਅਨੇਕ ਪ੍ਰਕਾਰ ਦੀ ਸ੍ਰਿਸਟੀ ਰਚੀ ਹੈ, ਉਹ ਹਰੀ ਦਾ ਹੀ ਰੂਪ ਹੈ, ਅੰਤ ਹਰੀ ਵਿਚ ਹੀ ਸਮਾ ਜਾਵੇਗੀ)।੨।
ਇਤਨੇ ਜਨਮ ਭੂਲਿ ਪਰੇ ਸੇ, ਜਾ ਪਾਇਆ ਤਾ ਭੂਲੇ ਨਾਹੀ ॥ ਜਾ ਕਾ ਕਾਰਜੁ ਸੋਈ ਪਰੁ ਜਾਣੈ, ਜੇ ਗੁਰ ਕੈ ਸਬਦਿ ਸਮਾਹੀ ॥੩॥ (ਪੰਡਤ ਆਖਦੇ ਹਨ ਕਿ ਪ੍ਰਭੂ ਨੂੰ ਪ੍ਰਾਪਤ ਕੀਤੇ ਬਿਨਾ ਅਸੀਂ) ਇਤਨੇ ਜਨਮ ਭੁੱਲੇ ਪਏ ਸਾਂ, (ਹੁਣ ਗੁਰੂ ਜੀ ਆਪ ਦੀ ਕ੍ਰਿਪਾ ਨਾਲ ਪ੍ਰਭੂ ਨੂੰ) ਜਦ ਪਾ ਲਿਆ ਤਾਂ ਭੁੱਲਦੇ ਨਹੀਂ (ਕਿ ਪ੍ਰਭੂ ਹੋਰ ਹੈ ਤੇ ਉਸ ਦੀ ਰਚਨਾ ਹੋਰ। ਕਿਉਂਕਿ ਜੋ ਮਨੁੱਖ) ਗੁਰੂ ਦੇ ਸ਼ਬਦ ਵਿਚ ਸਮਾ ਜਾਂਦਾ ਹੈ, (ਉਸ ਨੂੰ ਗਿਆਨ ਹੋ ਜਾਂਦਾ ਹੈ ਕਿ) ਜਿਸ ਪ੍ਰਭੂ ਦਾ ਕਾਰਜ ਇਹ ਜਗਤ ਹੈ, ਉਹ (ਪ੍ਰਭੂ ਹੀ ਇਸ ਨੂੰ) ਚੰਗੀ ਤਰ੍ਹਾਂ ਜਾਣਦਾ ਹੈ।੩।
ਤੇਰਾ ਸਬਦੁ ਤੂੰ ਹੈ ਹਹਿ ਆਪੇ, ਭਰਮੁ ਕਹਾ ਹੀ ॥ ਨਾਨਕ ਤਤੁ ਤਤ ਸਿਉ ਮਿਲਿਆ, ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥ ਸਭ ਥਾਂ ਤੇਰਾ ਹੁਕਮ ਵਰਤ ਰਿਹਾ ਹੈ; ਤੇਰਾ ਸ਼ਬਦ ਤੂੰ ਹੀ ਹੈ (ਤੂੰ ਤੇ ਤੇਰਾ ਸ਼ਬਦ ਇਕ ਰੂਪ ਹੀ ਹੈ) ਤੇ ਤੂੰ ਆਪ ਹੀ ਸਭ ਕੁਝ ਹੈਂ, ਇਸ ਲਈ ਭਰਮ ਕਿੱਥੇ ਹੋ ਸਕਦਾ ਹੈ? ਗੁਰੂ ਜੀ ਆਖਦੇ ਹਨ ਕਿ ਜਦ ਜੀਵ ਤੱਤ ਪਰਮ ਤੱਤ ਨਾਲ ਮਿਲ ਗਿਆ ਤਾਂ ਫੇਰ ਮੁੜ (ਜੀਵ) ਜਨਮ ਵਿਚ ਨਹੀਂ ਆਉਂਦਾ; ਦੂਜੀ ਵਾਰ ਜਨਮ ਨਹੀਂ ਹੁੰਦਾ (ਨ ਆਹੀ-ਨਹੀਂ ਆਉਂਦਾ; ਨਹੀਂ ਹੁੰਦਾ)।੪।੧।੧੫।੩੫।
ਪਦਾਰਥ = ਜੈਸੀ-ਜਿਸ ਤਰ੍ਹਾਂ। ਮੇਘੁਲਾ-ਬੱਦਲ। ਮਧੇ-ਅੰਦਰ; ਵਿਚ। ਪਰਗਾਸਿਆ-ਪਰਗਟਿਆ ਹੋਇਆ। ਬਿਨੁ ਪਗਾ-ਬਿਨਾ ਪੈਰਾਂ ਦੇ (ਬਿਨਾ ਜਤਨ ਕੀਤਿਆਂ)। ਵਰਸਤ ਫਿਰਾਹੀ-ਵਰਸਦਾ ਫਿਰਦਾ ਹੈ।੧। ਬਾਬਾ-ਕਿਸੇ ਬਜੁਰਗ ਲਈ ਸਨਮਾਨ ਬੋਧਕ ਸ਼ਬਦ; ਪ੍ਰਧਾਨ ਮਹੰਤ; ਹੇ ਭਾਈ!। ਚੁਕਾਹੀ-ਦੂਰ ਕਰ ਦੇਹ। ਸੋਈ-ਉਹ। ਸਮਾਹੀ-ਸਮਾਉਂਦਾ ਹੈ।੧। ਰਹਾਉ। ਓਇ-ਉਹ। ਨਾਨਾ-ਅਨੇਕ। ਮਾਹਿ-ਵਿਚ।੨। ਪਰੇ ਸੇ-ਪਏ ਸਾਂ। ਜਾ-ਜਦ। ਜਾ ਕਾ-ਜਿਸ (ਪ੍ਰਭੂ) ਦਾ। ਕਾਰਜੁ-ਜਗਤ ਰਚਨਾ। ਪਰੁ ਜਾਣੈ-ਚੰਗੀ ਤਰ੍ਹਾਂ ਜਾਣਦਾ ਹੈ। ਜੇ-ਜਿਹੜਾ।੩। ਸਬਦੁ-ਹੁਕਮ; ਬਾਣੀ। ਕਹਾ ਹੀ-ਕਿੱਥੇ। ਸਿਉ-ਨਾਲ। ਤਤੁ-ਜੀਵ ਤੱਤ। ਤਤ-ਮੂਲ ਤੱਤ ਪ੍ਰਭੂ। ਪੁਨਰਪਿ-ਮੁੜ; ਦੂਜੀ ਵਾਰ।੪।੧।੧੫। ੩੫ ।
ਪਹਿਲੇ ਪਦੇ ਦਾ ਦੂਜਾ ਅਰਥ = ਜਿਸ ਤਰ੍ਹਾਂ ਧਰਤੀ ਉਪਰ ਬੱਦਲ ਵਰ੍ਹਦਾ ਹੈ, ਕੀ (ਪਹਿਲਾਂ) ਧਰਤੀ ਵਿਚ ਪਾਣੀ ਨਹੀਂ ਹੈ? ਭਾਵ ਧਰਤੀ ਵਿਚ ਪਾਣੀ ਹੈ ਤਾਂ ਕੀ ਇਸ ਕਰਕੇ ਕੀ ਬੱਦਲ ਦੇ ਵਰਸਣ ਦੀ ਲੋੜ ਨਹੀਂ? ਜਿਸ ਤਰ੍ਹਾਂ ਧਰਤੀ ਵਿਚ ਪਾਣੀ ਪਰਗਟਿਆ ਹੋਇਆ ਹੈ, (ਪਰ ਇਹ ਪਾਣੀ ਧਰਤੀ ਵਿਚ ਤਾਂ ਹੀ ਮੌਜੂਦ ਹੈ, ਜੇ) ਬੱਦਲ ਵਰਸਦਾ ਫਿਰਦਾ ਹੈ ਭਾਵ ਬਦਲ ਦੇ ਵਰਸਣ ਕਰਕੇ ਹੀ ਧਰਤੀ ਵਿਚ ਪਾਣੀ ਮੌਜੂਦ ਰਹਿੰਦਾ ਹੈ, ਜੇ ਬੱਦਲ ਨਾ ਵਰਸੇ ਤਾਂ ਪਾਣੀ ਦੀ ਸਤਾਹ ਬਹੁਤ ਥੱਲੇ ਉਤਰ ਜਾਵੇਗੀ। ਇਸੇ ਤਰ੍ਹਾਂ ਦੁਨੀਆਂ ਵਿਚ ਰੱਬ ਦਾ ਗਿਆਨ ਧਰਮ ਪੁਸਤਕਾਂ ਵਿਚ ਹੈ, ਪਰ ਰੱਬ ਦਾ ਗਿਆਨ ਭਗਤਾਂ ਦੇ ਹਿਰਦੇ ਰੂਪ ਭੂਮੀ ਉਤੇ ਵੀ ਦਰਗਾਹੋਂ ਉਤਰਦਾ ਰਹਿੰਦਾ ਹੈ, ਤਾਂ ਹੀ ਧਰਮ ਪੁਸਤਕਾਂ ਵਿਚ ਲਿਖਿਆ ਜਾਂਦਾ ਹੈ। ਕੀ ਇਹ ਸਦੀਵੀ ਉਤਰਨ ਵਾਲਾ ਗਿਆਨ ਬੰਦ ਹੋ ਜਾਵੇ? (ਸੰ.ਪੋ.)।
ਸ਼ਬਦਾਰਥ ਦਾ ਫੁੱਟਨੋਟ = ਰਹਾਉ ਦੀ ਤੁਕ ਵਿਚ ਸ਼ਬਦ ਦਾ ਸਾਰ ਹੈਃ ਹੇ ਭਾਈ! ਤੂੰ ਅਪਣਾ ਭਰਮ ਇਉਂ ਸਮਝ ਕੇ ਦੂਰ ਕਰ ਕਿ ਸੰਸਾਰ ਸਭ ਉਸ ਵਾਹਿਗੁਰੂ ਦੀ ਖੇਡ ਹੈ। ਜਿਵੇਂ ਉਹ ਚਾਹੁੰਦਾ ਹੈ, ਤਿਵੇਂ ਹੁੰਦਾ ਹੈ ਤੇ ਆਖਰ ਸਭ ਕੁਝ ਉਸ ਵਿਚ ਲੀਨ ਹੋ ਜਾਂਦਾ ਹੈ। ਜੋ ਵਖੇਵਾਂ ਦਿਸ ਰਿਹਾ ਹੈ, ਉਹ ਨਿਰਾ ਭਰਮ ਹੈ। ਇਸ ਖਿਆਲ ਨੂੰ ਇਕ ਸੁੰਦਰ ਮਿਸਾਲ ਨਾਲ ਦਰਸਾਇਆ ਹੈ। ਪਾਣੀ ਧਰਤੀ ਅੰਦਰ

ਵੀ ਹੈ ਤੇ ਬਾਹਰ ਬੱਦਲਾਂ ਦਾ ਰੂਪ ਧਾਰ ਕੇ ਵਰ੍ਹਦਾ ਵੀ ਫਿਰਦਾ ਹੈ। ਧਰਤੀ ਵਿਚੋਂ ਜਦ ਖੂਹ ਆਦਿਕ ਕੱਢ ਕੇ ਪਾਣੀ ਕੱਢਿਆ ਜਾਂਦਾ ਹੈ, ਤਾਂ ਉਹ ਬੱਦਲਾਂ ਵਿਚ ਬਦਲ ਕੇ ਬਿਨਾ ਪੈਰਾਂ ਦੇ ਵਰਸਦਾ ਫਿਰਦਾ ਹੈ। ਇਹ ਭੁਲੇਖਾ ਸੀ ਕਿ ਧਰਤੀ ਵਿਚ ਪਾਣੀ ਨਹੀਂ, ਜਾਂ ਬੱਦਲਾਂ ਦਾ ਪਾਣੀ ਹੋਰ ਹੈ ਜਾਂ ਕਿਤੇ ਹੋਰ ਥਾਂ ਤੋਂ ਆਉਂਦਾ ਹੈ। ਜਦ ਭੁਲੇਖਾ ਦੂਰ ਹੋਇਆ, ਅਸਲੀਅਤ ਸਮਝ ਆ ਗਈ।

ਬਿਨੁ ਪਗਾ = ੧. ਧਰਤੀ ਵਿਚਲਾ ਪਾਣੀ ਪੈਰਾਂ ਤੋਂ ਬਿਨਾ ਹੈ, ਭਾਵ ਧਰਤੀ ਵਿਚੋਂ ਪਾਣੀ ਕੱਢਣ ਵਾਸਤੇ ਬੜੇ ਜਤਨ ਕਰਨੇ ਪੈਂਦੇ ਹਨ। ਪਹਿਲਾਂ ਖੂਹ ਪੁੱਟਣਾ ਪੈਂਦਾ ਹੈ, ਫਿਰ ਹਰ੍ਹਟ ਦਾ ਸਾਰਾ ਸਮਾਨ ਤਿਆਰ ਕਰਕੇ ਬਲਦ ਜੋੜ ਕੇ ਪਾਣੀ ਕੱਢਣਾ ਪਵੇਗਾ। ਅੱਜ ਦੇ ਜਮਾਨੇ ਵਿਚ ਟਿਊਬੈਲਾਂ ਰਾਹੀਂ ਪਾਣੀ ਹਾਸਲ ਕਰਕੇ ਖੇਤੀ ਸਿੰਜ ਲਈ ਜਾਂਦੀ ਹੈ। ਖੂਹ ਜਾਂ ਟਿਊਬਲ ਰਾਹੀਂ ਥੋੜੇ ਖੇਤ ਹੀ ਸਿੰਜੇ ਜਾ ਸਕਦੇ ਹਨ। ਪਰ ਬੱਦਲ ਵਰ੍ਹ ਕੇ ਸਾਰੀਆਂ ਥਾਵਾਂ ਤੇ ਜਲ ਵਰਸਾਉਂਦਾ ਹੈ, ਜਿਸ ਨਾਲ ਸਾਰੀਆਂ ਥਾਵਾਂ ਜਲ ਨਾਲ ਭਰ ਜਾਂਦੀਆਂ ਹਨ।

੨. ਜਿਸ ਥਾਂ ਨਦੀ ਸਿੰਜਦੀ ਨਹੀਂ, ਮਾਰੂ ਭੂਮੀ (ਖੇਤ)। ਧਰਤੀ ਵਿਚੋਂ ਖੂਹ ਦਾ ਪਾਣੀ ਕੱਢਣਾ, ਵਿਦਿਆ ਅਭਿਆਸ ਦੁਆਰਾ ਗਿਆਨ ਪ੍ਰਾਪਤ ਕਰਨਾ ਹੈ। ਗਿਆਨ ਹੀਨ ਅਤੇ ਹਿੰਦੂ ਮੱਤ ਅਨੁਸਾਰ ਸ਼ੂਦਰ ਆਦਿ ਨੀਚ ਮਰੁਭੂਮੀ ਹਨ, ਜੋ ਦ੍ਵਿਜਾਂ ਤੋਂ ਵਿਦਿਆ ਰੂਪ ਜਲ ਦਾ ਅਧਿਕਾਰ ਨਹੀਂ ਰੱਖਦੇ। ਸਤਿਗੁਰੂ ਮੇਘ ਹੈ, ਜੋ ਮਾਰੂ ਨੂੰ ਅਪਣੇ ਉਪਦੇਸ਼ ਜਲ ਨਾਲ ਸਿੰਜਦਾ ਹੈ। (ਮ.ਕੋ.)

ਵਿਆਖਿਆ = ਜਦ ਗੁਰੂ ਅਮਰਦਾਸ ਜੀ ਹਰਦੁਆਰ ਗਏ ਤਾਂ ਪੰਡਤਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ! ਜਦ ਸੰਸਕ੍ਰਿਤ ਵਿਚ ਪਹਿਲਾ ਹੀ ਵੇਦ ਸ਼ਾਸਤ੍ਰਾਂ ਦੀ ਬਾਣੀ ਮੌਜੂਦ ਹੈ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰਮੁਖੀ ਅੱਖਰ ਬਣਾ ਕੇ ਬਾਣੀ ਰਚਣ ਦੀ ਕੀ ਲੋੜ ਸੀ? ਕੀ ਵੇਦ ਬਾਣੀ ਮਨੁੱਖਤਾ ਦਾ ਕਲਿਆਣ ਨਹੀਂ ਕਰ ਸਕਦੀ? ਪੰਡਤਾਂ ਨੂੰ ਗੁਰੂ ਜੀ ਨੇ ਸਿਖਿਆ ਦਿਤੀ ਕਿ ਧਰਤੀ ਵਿਚ ਪਾਣੀ ਤਾਂ ਬਹੁਤ ਹੈ, ਪਰ ਬੱਦਲ ਫਿਰ ਵੀ ਵਰਸਦਾ ਫਿਰਦਾ ਹੈ। ਬੱਦਲ ਕਿਉਂ ਵਰਸਦਾ ਹੈ? ਕੀ ਇਸ ਨੂੰ ਪਤਾ ਨਹੀਂ ਕਿ ਖੂਹ, ਨਦੀਆਂ ਨਾਲੇ, ਸਰੋਵਰ ਤੇ ਸਮੁੰਦਰ ਆਦਿ ਵਿਚ ਪਾਣੀ ਮੌਜੂਦ ਹੈ? ਧਰਤੀ ਦੇ ਪਾਣੀ ਨੂੰ ਹਾਸਲ ਕਰਨ ਲਈ ਬੜੇ ਕਠਨ ਸਾਧਨ ਕਰਨੇ ਪੈਂਦੇ ਹਨ। ਖੂਹ ਜਾਂ ਨਦੀਆਂ ਤੇ ਨਹਿਰਾਂ ਰਾਹੀਂ ਹਾਸਲ ਕੀਤਾ ਪਾਣੀ ਕਿਤਨੀ ਕੁ ਧਰਤੀ ਨੂੰ ਸਿੰਜ ਸਕੇਗਾ? ਭਾਵ ਧਰਤੀ ਦਾ ਪਾਣੀ ਬਿਨਾ ਪਗਾ (ਜਤਨਾਂ ਤੋਂ ਬਿਨਾ ਖੂਹ ਤੇ ਨਹਿਰਾਂ ਆਦਿ ਪੁੱਟੇ ਬਿਨਾ) ਹਾਸਲ ਨਹੀਂ ਹੁੰਦਾ। ਜਿਹੜਾ ਬੱਦਲ ਵਰਸਦਾ ਫਿਰਦਾ ਹੈ, ਉਹ ਸਾਰੀ ਧਰਤੀ ਨੂੰ ਪਾਣੀ ਨਾਲ ਭਰ ਦਿੰਦਾ ਹੈ, ਜਿਸ ਕਰਕੇ ਮਨੁੱਖ ਨੂੰ ਬਿਨਾ ਜਤਨਾਂ ਦੇ ਪਾਣੀ ਮਿਲ ਜਾਂਦਾ ਹੈ। ਇਸੇ ਤਰ੍ਹਾਂ ਵੇਦ ਸ਼ਾਸਤ੍ਰਾਂ ਵਿਚ ਬੇਸ਼ੱਕ ਗਿਆਨ ਹੈ, ਪਰ ਵੇਦ ਸ਼ਾਸਤ੍ਰਾਂ ਨੂੰ ਕੇਵਲ ਸੰਸਕ੍ਰਿਤ ਪੜ੍ਹੇ ਲੋਕ ਹੀ ਪੜ੍ਹ ਸਕਦੇ ਹਨ। ਬਾਕੀ ਲੋਕਾਈ ਨੂੰ ਪੰਡਤਾਂ ਨੇ ਕਰਮ ਕਾਂਡ ਦੇ ਭਰਮ ਭੁਲੇਖਿਆਂ ਵਿਚ ਫਸਾਇਆ ਹੋਇਆ ਹੈ। ਵੇਦ ਸ਼ਾਸਤ੍ਰਾਂ ਦੀ ਬਾਣੀ ਧਰਤੀ ਦੇ ਪਾਣੀ ਵਾਂਗ ਪ੍ਰਾਪਤ ਕਰਨੀ ਔਖੀ ਹੈ ਅਤੇ ਇਹ ਥੋੜੇ ਲੋਕਾਂ ਨੂੰ ਲਾਭ ਦੇਂਦੀ ਹੈ। ਸੰਸਕ੍ਰਿਤ ਵਿਚ ਰਚੇ ਵੇਦ ਸ਼ਾਸਤ੍ਰ ਤੇ ਵਿਆਕਰਣ ਆਦਿ ਨੂੰ ਸਿੱਖਣ ਤੇ ਸਮਝਣ ਲਈ ਜੀਵਨ ਦਾ ਬਹੁਤ ਸਮਾਂ ਲਗ ਜਾਂਦਾ ਹੈ। ਫਿਰ ਨੀਵੀਂ ਜਾਤਾਂ ਦੇ ਲੋਕਾਂ ਨੂੰ ਵੇਦ ਪੜ੍ਹਨ ਦਾ ਅਧਿਕਾਰ ਨਹੀਂ, ਨੀਵੀਂ ਜਾਤਾਂ ਦੇ ਖੂਹ ਵੀ ਪੰਡਤਾਂ ਨੇ ਵੱਖਰੇ ਰੱਖੇ ਹੋਏ ਹਨ। ਇਸੇ ਤਰ੍ਹਾਂ ਪਹਿਲਾਂ ਹੋ ਚੁੱਕੇ ਅਵਤਾਰਾਂ ਦਾ ਗਿਆਨ ਵੀ ਧਰਤੀ ਵਿਚਲੇ ਪਾਣੀ ਦੀ ਨਿਆਈਂ ਹੈ। ਸਤਿਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਪਵਿਤ੍ਰ ਬਾਣੀ ਬੱਦਲ ਵਾਂਗ ਚੌਹਾਂ ਵਰਨਾਂ ਸਮੇਤ ਸਾਰੀ ਧਰਤੀ ਦੇ ਲੋਕਾਂ ਨੂੰ ਨਿਹਾਲ ਕਰਨ ਵਾਲੀ ਹੈ। ਗੁਰੂ ਜੀ ਦੀ ਬਾਣੀ ਪੜ੍ਹੇ ਲਿਖੇ ਤੇ ਅਨਪੜ੍ਹ ਸਾਰੇ ਲੋਕਾਂ ਵਾਸਤੇ ਹੈ। ਗੁਰਬਾਣੀ ਸਰਲ ਬੋਲੀ ਵਿਚ ਰਚੀ ਹੋਈ ਹੋਣ ਕਰਕੇ ਸਭ ਦੇ ਸਮਝ ਵਿਚ ਆ ਜਾਂਦੀ ਹੈ।

ਗਉੜੀ ਬੈਰਾਗਣਿ ਮਹਲਾ ੩ ॥ ਸਭੁ ਜਗੁ ਕਾਲੈ ਵਸਿ ਹੈ, ਬਾਧਾ ਦੂਜੈ ਭਾਇ ॥ ਹਉਮੈ ਕਰਮ ਕਮਾਵਦੇ, ਮਨਮੁਖਿ ਮਿਲੈ ਸਜਾਇ ॥੧॥ ਸਾਰਾ ਜਗਤ ਦ੍ਵੈਤ ਭਾਵ ਵਿਚ ਬੱਧਾ ਹੋਇਆ ਕਾਲ ਦੇ ਵਸ ਵਿਚ ਪਿਆ ਹੋਇਆ ਹੈ। (ਜਿਹੜੇ ਮਨੁੱਖ) ਹਉਮੈ ਵਿਚ ਕਰਮ ਕਮਾਉਂਦੇ ਹਨ, (ਉਨ੍ਹਾਂ) ਮਨਮੁਖਾਂ ਨੂੰ (ਹਰੀ ਦੀ ਦਰਗਾਹ ਵਿਚ) ਸਜਾ ਮਿਲਦੀ ਹੈ।੧।

ਮੇਰੇ ਮਨ, ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ, ਦਰਗਹ ਲਏ ਛਡਾਇ ॥੧॥ਰਹਾਉ॥ ਹੇ ਮੇਰੇ ਮਨ! ਗੁਰੂ ਦੇ ਚਰਣਾਂ ਵਿਚ (ਅਪਣੇ) ਚਿਤ ਨੂੰ ਜੋੜ। ਤੇ ਗੁਰੂ ਪਾਸੋਂ ਨਾਮ ਰੂਪ ਖਜਾਨਾ ਪ੍ਰਾਪਤ ਕਰ ਲੈ, (ਜੋ ਤੈਨੂੰ) ਦਰਗਾਹ ਵਿਚ ਛਡਾ ਲਵੇਗਾ।੧।ਰਹਾਉ।

ਲਖ ਚਉਰਾਸੀਹ ਭਰਮਦੇ, ਮਨਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ, ਫਿਰਿ ਫਿਰਿ ਜੋਨੀ ਪਾਇ ॥੨॥ ਮਨ ਦੇ ਹਠ ਕਰਕੇ (ਮਨਮੁਖ ਲੋਕ) ਆਉਂਦੇ ਜਾਂਦੇ (ਜੰਮਦੇ ਮਰਦੇ) ਚੁਰਾਸੀ ਲੱਖ ਜੂਨਾਂ ਵਿਚ ਭਟਕਦੇ ਰਹਿੰਦੇ ਹਨ। (ਅਜੇਹੇ ਲੋਕਾਂ ਨੇ ਕਿਸੇ ਵੀ ਜਨਮ ਵਿਚ) ਗੁਰੂ ਦੇ ਸ਼ਬਦ ਨੂੰ ਨਹੀਂ ਜਾਣਿਆ, (ਇਸੇ ਕਾਰਣ ਰੱਬ ਵੱਲੋਂ) ਮੁੜ ਮੁੜ ਜੋਨੀਆਂ ਵਿਚ ਪਾਏ ਜਾਂਦੇ ਹਨ।੨।

ਗੁਰਮੁਖਿ ਆਪੁ ਪਛਾਣਿਆ, ਹਰਿ ਨਾਮੁ ਵਸਿਆ ਮਨਿ ਆਇ ॥ ਅਨਦਿਨੁ ਭਗਤੀ ਰਤਿਆ, ਹਰਿ ਨਾਮੇ ਸੁਖ ਸਮਾਇ ॥੩॥ ਗੁਰਮੁਖ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ, (ਕਿਉਂਕਿ ਉਸਦੇ) ਮਨ ਵਿਚ ਹਰੀ ਦਾ ਨਾਮ ਆ ਵਸਿਆ ਹੈ। (ਉਹ) ਹਰ ਰੋਜ ਭਗਤੀ ਵਿਚ ਰੰਗਿਆ ਹੋਇਆ ਹਰੀ ਦੇ ਨਾਮ ਦੁਆਰਾ ਆਤਮ ਸੁਖ ਵਿਚ ਸਮਾਇਆ ਰਹਿੰਦਾ ਹੈ।੩।

ਮਨੁ ਸਬਦਿ ਮਰੈ ਪਰਤੀਤਿ ਹੋਇ, ਹਉਮੈ ਤਜੇ ਵਿਕਾਰ ॥ ਜਨ ਨਾਨਕ ਕਰਮੀ ਪਾਈਅਨਿ, ਹਰਿ ਨਾਮਾ ਭਗਤਿ ਭੰਡਾਰ ॥੪॥੨॥੧੯

॥੩੬॥ (ਜਿਸ ਮਨੁੱਖ ਦਾ) ਮਨ ਗੁਰੂ ਦੇ ਸ਼ਬਦ ਦੁਆਰਾ ਮਰ ਜਾਂਦਾ ਹੈ ਅਤੇ ਹਉਮੈ ਆਦਿਕ ਵਿਕਾਰ ਛਡ ਦੇਂਦਾ ਹੈ, (ਉਸ ਦੀ ਵਾਹਿਗੁਰੂ ਵਿਚ) ਸ਼ਰਧਾ ਹੋ ਜਾਂਦੀ ਹੈ; ਵਾਹਿਗੁਰੂ ਅੰਦਰੋਂ ਪ੍ਰਤੀਤ ਹੋਣ ਲਗ ਜਾਂਦਾ ਹੈ। ਦਾਸ ਨਾਨਕ ਆਖਦਾ ਹੈ ਕਿ ਹਰੀ ਦਾ ਨਾਮ ਤੇ ਭਗਤੀ ਦੇ ਭੰਡਾਰ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ।੪।੨।੧੬।੩੬।

ਪਦਾਰਥ = ਕਾਲੈ ਵਸਿ–ਮੌਤ ਦੇ ਵਸ ਵਿਚ। ਬਾਧਾ–ਬੱਧਾ ਹੋਇਆ। ਦੂਜੈ ਭਾਇ–ਦ੍ਵੈਤ ਭਾਵ (ਮਾਇਆ ਦੇ ਮੋਹ) ਵਿਚ।੧। ਲਾਇ–ਲਾ ਲੈ; ਜੋੜ ਲੈ। ਨਿਧਾਨੁ–ਖਜਾਨਾ।੧। ਰਹਾਉ। ਭਰਮਦੇ–ਭਟਕਦੇ ਹਨ; ਭੌਂਦੇ ਫਿਰਦੇ ਹਨ। ਮਨ ਹਠਿ–ਮਨ ਦੇ ਹਠ ਕਰਕੇ। ਚੀਨਿਓ–ਸਮਝਿਆ; ਜਾਨਿਆ। ਫਿਰਿ ਫਿਰਿ–ਮੁੜ ਮੁੜ; ਬਾਰ ਬਾਰ।੨। ਆਪੁ–ਆਪਣਾ ਆਪ। ਅਨਦਿਨੁ–ਹਰ ਰੋਜ। ਰਤਿਆ–ਰੰਗਿਆ ਹੈ।੩ । ਪਰਤੀਤਿ–ਸ਼ਰਧਾ; ਭਰੋਸਾ। ਕਰਮੀ–ਭਾਗਾਂ ਨਾਲ; ਬਖਸ਼ਿਸ਼ ਨਾਲ।੪।੨।੧੬।੩੬।

ਗਉੜੀ ਬੈਰਾਗਣਿ ਮਹਲਾ ੩ ॥ ਪੇਈਅੜੈ ਦਿਨ ਚਾਰਿ ਹੈ, ਹਰਿ ਹਰਿ ਲਿਖਿ ਪਾਇਆ ॥ ਸੋਭਾਵੰਤੀ ਨਾਰਿ ਹੈ, ਗੁਰਮੁਖਿ ਗੁਣ ਗਾਇਆ ॥ ਪੇਵਕੜੈ ਗੁਣ ਸੰਮਲੈ, ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ ਸਮਾਣੀਆ, ਹਰਿ ਹਰਿ ਮਨਿ ਭਾਇਆ ॥੧॥ (ਜੀਵ ਰੂਪ ਇਸਤ੍ਰੀ ਦਾ ਸੰਸਾਰ ਰੂਪ) ਪੇਕੇ ਘਰ ਵਿਚ ਚਾਰ ਦਿਨਾਂ ਦਾ ਵਾਸਾ ਹੈ, ਹਰੀ ਨੇ (ਹਰੇਕ ਦੇ ਮੱਥੇ ਤੇ ਇਹ ਲੇਖ) ਲਿਖ ਕੇ ਪਾਇਆ ਹੋਇਆ ਹੈ। ਉਹ ਇਸਤ੍ਰੀ ਸੋਭਾ ਵਾਲੀ ਹੈ, (ਜਿਹੜੀ) ਗੁਰੂ ਦੁਆਰਾ ਹਰੀ ਦੇ ਗੁਣ ਗਾਉਂਦੀ ਹੈ। (ਜੋ ਜੀਵ ਇਸਤ੍ਰੀ) ਪੇਕੇ ਘਰ ਵਿਚ ਰਹਿੰਦਿਆਂ (ਪਤੀ ਪ੍ਰਭੂ ਨੂੰ ਪ੍ਰਸੰਨ ਕਰਨ ਵਾਲੇ) ਗੁਣ ਸੰਭਾਲਦੀ ਹੈ, (ਉਸ ਨੇ ਸੁਖ ਸਹਿਤ ਪ੍ਰਲੋਕ ਰੂਪ) ਸਹੁਰੇ ਘਰ ਵਿਚ ਵਾਸਾ ਪਾਇਆ ਹੈ। (ਉਹ ਜੀਵ ਇਸਤ੍ਰੀ) ਗੁਰੂ ਦੁਆਰਾ ਸਹਿਜ ਪਦ ਵਿਚ ਸਮਾ ਗਈ ਹੈ, (ਜਿਸ ਨੂੰ) ਹਰਿ ਹਰਿ ਨਾਮ ਪਿਆਰਾ ਲੱਗਾ ਹੈ। ੧।

ਸਸੁਰੈ ਪੇਈਐ ਪਿਰੁ ਵਸੈ, ਕਹੁ ਕਿਤੁ ਬਿਧਿ ਪਾਈਐ ॥ ਆਪਿ ਨਿਰੰਜਨੁ ਅਲਖੁ ਹੈ, ਆਪੇ ਮੇਲਾਈਐ ॥੧॥ਰਹਾਉ॥ (ਪ੍ਰਸ਼ਨ) ਸਹੁਰੇ ਘਰ ਤੇ ਪੇਕੇ ਘਰ ਵਿਚ (ਲੋਕ ਪ੍ਰਲੋਕ ਸਭ ਥਾਵਾਂ ਤੇ) ਪਤੀ ਪ੍ਰਭੂ ਵਸਦਾ ਹੈ, (ਹੇ ਸੰਤ ਸਖੀਓ!) ਦੱਸੋ ਉਸਨੂੰ ਕਿਸ ਵਿਧੀ ਨਾਲ ਪਾਈਦਾ ਹੈ। (ਉਤਰ) ਪ੍ਰਭੂ ਆਪ ਮਾਇਆ ਤੋਂ ਨਿਰਲੇਪ ਹੈ ਤੇ ਅਲੱਖ ਹੈ, (ਜਿਸ ਉਤੇ ਉਹ ਕ੍ਰਿਪਾ ਕਰਦਾ ਹੈ, ਉਸਨੂੰ ਅਪਣੇ ਨਾਲ) ਆਪੇ ਮਿਲਾ ਲੈਂਦਾ ਹੈ।੧। ਰਹਾਉ।

ਅੰਗ ੧੬੩ = ਆਪੇ ਹੀ ਪ੍ਰਭੁ ਦੇਹਿ ਮਤਿ, ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ, ਮੁਖਿ ਅੰਮ੍ਰਿਤੁ ਪਾਈਐ ॥ ਹਉਮੈ ਦੁਬਿਧਾ ਬਿਨਸਿ ਜਾਇ, ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ, ਆਪੇ ਨਾਇ ਲਾਈਐ ॥੨॥ ਪ੍ਰਭੂ ਆਪੇ ਹੀ ਮੱਤ ਦੇਂਦਾ ਹੈ, (ਜਿਸ ਨਾਲ) ਹਰੀ ਦਾ ਨਾਮ ਧਿਆਈਦਾ ਹੈ। ਵੱਡੇ ਭਾਗਾਂ ਨਾਲ ਜੇ ਸਤਿਗੁਰੂ ਮਿਲ ਪਵੇ ਤਾਂ ਮੂੰਹ ਵਿਚ ਨਾਮ ਅੰਮ੍ਰਿਤ ਪਾਈਦਾ ਹੈ। (ਨਾਮ ਸਿਮਰ ਕੇ ਜਦ) ਹਉਮੈ ਤੇ ਦੁਬਿਧਾ ਨਾਸ਼ ਹੋ ਜਾਂਦੇ ਹਨ ਤਾਂ ਸੁਤੇ ਸਿੱਧ ਹੀ ਆਤਮਕ ਸੁਖ ਵਿਚ ਸਮਾ ਜਾਈਦਾ ਹੈ । (ਫਿਰ ਦਿਸ ਪੈਂਦਾ ਹੈ ਕਿ ਪ੍ਰਭੂ) ਸਭ ਥਾਵਾਂ ਤੇ ਆਪੇ ਹੀ ਆਪ ਵਰਤ ਰਿਹਾ ਹੈ, (ਉਹ ਮਨੁੱਖ ਨੂੰ) ਆਪੇ ਹੀ ਨਾਮ ਸਿਮਰਨ ਵਿਚ ਲਾਉਂਦਾ ਹੈ।੨।

ਮਨਮੁਖਿ ਗਰਬਿ ਨ ਪਾਇਓ, ਅਗਿਆਨ ਇਆਣੇ ॥ ਸਤਿਗੁਰ ਸੇਵਾ ਨ ਕਰਹਿ, ਫਿਰਿ ਫਿਰਿ ਪਛੁਤਾਣੇ ॥ ਗਰਭ ਜੋਨੀ ਵਾਸੁ ਪਾਇਦੇ, ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ, ਮਨਮੁਖ ਭਰਮਾਣੇ ॥੩॥ ਮਨਮੁਖ ਹੰਕਾਰ ਦੇ ਕਾਰਣ ਰੱਬ ਨੂੰ ਨਹੀਂ ਪਾ ਸਕਦੇ, (ਕਿਉਂ ਕਿ ਉਹ) ਅਗਿਆਨੀ ਤੇ ਬੇ ਸਮਝ ਹਨ। (ਉਹ) ਸਤਿਗੁਰੂ ਦੀ ਸੇਵਾ ਨਹੀਂ ਕਰਦੇ, (ਤੇ ਫਿਰ) ਮੁੜ ਮੁੜ ਪਛਤਾਉਂਦੇ ਹਨ। (ਕਿਉਂਕਿ ਉਹ) ਗਰਭ ਜੋਨੀਆਂ ਵਿਚ ਵਾਸਾ ਪਾਉਂਦੇ ਰਹਿੰਦੇ ਹਨ ਅਤੇ (ਕਈ ਵਾਰੀ) ਗਰਭ ਵਿਚ ਹੀ ਗਲ ਸੜ ਜਾਂਦੇ ਹਨ। ਮੇਰੇ ਸਿਰਜਨਹਾਰ ਪ੍ਰਭੂ ਨੂੰ ਇਸੇ ਤਰ੍ਹਾਂ ਚੰਗਾ ਲਗਦਾ ਹੈ ਕਿ ਮਨਮੁਖ ਲੋਕ (ਜੂਨਾਂ ਵਿਚ) ਭਟਕਦੇ ਰਹਿਣ।੩।

ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ, ਧੁਰਿ ਮਸਤਕਿ ਪੂਰਾ ॥ ਹਰਿ ਹਰਿ ਨਾਮੁ ਧਿਆਇਆ, ਭੇਟਿਆ ਗੁਰੁ ਸੂਰਾ ॥ ਮੇਰਾ ਪਿਤਾ ਮਾਤਾ ਹਰਿ ਨਾਮੁ ਹੈ, ਹਰਿ ਬੰਧਪੁ ਬੀਰਾ ॥ ਹਰਿ ਹਰਿ ਬਖਸਿ ਮਿਲਾਇ ਪ੍ਰਭ, ਜਨੁ ਨਾਨਕੁ ਕੀਰਾ ॥੪॥੩॥੧੭॥੩੭॥ ਮੇਰੇ ਮਾਲਕ ਵਾਹਿਗੁਰੂ ਨੇ ਮੇਰੇ ਮੱਥੇ ਤੇ ਧੁਰੋਂ ਹੀ ਪੂਰੇ ਭਾਗਾਂ ਦਾ ਲੇਖ ਲਿਖਿਆ ਹੈ। ਜਿਸ ਕਰਕੇ ਮੈਨੂੰ ਪੂਰਨ ਸੂਰਮਾ ਗੁਰੂ ਮਿਲਿਆ ਹੈ, (ਗੁਰੂ ਤੋਂ ਪ੍ਰਾਪਤ ਕੀਤਾ) ਹਰਿ ਹਰਿ ਨਾਮ ਧਿਆਇਆ ਹੈ। ਹਰੀ ਦਾ ਨਾਮ ਹੀ ਮੇਰਾ ਪਿਤਾ ਤੇ ਮਾਤਾ ਹੈ ਅਤੇ ਹਰੀ ਹੀ ਸਬੰਧੀ ਤੇ ਭਾਈ ਹੈ। ਦਾਸ ਨਾਨਕ ਅਰਦਾਸ ਕਰਦਾ ਹੈ ਕਿ ਹੇ ਹਰੀ ਪ੍ਰਭੂ! ਮੇਰੇ ਤੇ ਬਖਸ਼ਿਸ਼ ਕਰਕੇ ਅਪਣੇ ਨਾਲ ਮਿਲਾ ਲੈ, ਮੈਂ ਤੇਰਾ ਨਿਮਾਣਾ ਸੇਵਕ ਹਾਂ ।੪।੩ ।੧੭।੩੭।

ਪਦਾਰਥ = ਪੈਈਅੜੈ–ਪੇਕੇ ਘਰ (ਸੰਸਾਰ) ਵਿਚ। ਦਿਨ ਚਾਰਿ–ਚਾਰ ਦਿਨ ਭਾਵ ਬਹੁਤ ਥੋੜੇ ਦਿਨ। ਸੋਭਾਵੰਤੀ–ਸੋਭਾ ਵਾਲੀ। ਨਾਰਿ–ਇਸਤ੍ਰੀ। ਪਵਕੜੈ–ਪੇਕੇ ਘਰ (ਮਾਤ ਲੋਕ) ਵਿਚ। ਸੰਮਲੈ–ਸੰਭਾਲੇ ਹਨ। ਸਾਹੁਰੈ–ਸਹੁਰੇ ਘਰ (ਪ੍ਰਲੋਕ) ਵਿਚ। ਸਹਜਿ–ਸਹਿਜ ਅਵਸਥਾ । ਸਮਾਣੀਆ–ਸਮਾ ਗਈ ਹੈ। ਭਾਇਆ–ਚੰਗਾ (ਪਿਆਰਾ) ਲੱਗਾ ਹੈ।੧। ਕਹੁ–ਦੱਸੋ। ਕਿਤੁ ਬਿਧਿ–ਕਿਸ ਤਰੀਕੇ ਨਾਲ। ਨਿਰੰਜਨ–ਮਾਇਆ ਤੋਂ ਨਿਰਲੇਪ। ਅਲਖੁ–ਅਦ੍ਰਿਸਟ; ਜੋ ਜਾਣਿਆ ਨਾ ਜਾਵੇ।੧। ਰਹਾਉ। ਮਤਿ–ਅਕਲ। ਦੁਬਿਧਾ–ਦੁੱਚਿਤਾ; ਮਨ ਦੀ ਡਾਵਾਂ ਡੋਲ ਹਾਲਤ। ਸਹਜੇ–ਸੁਤੇ ਸਿੱਧ। ਨਾਇ–ਨਾਮ ਵਿਚ।੨। ਗਰਬਿ–ਹੰਕਾਰ ਦੇ ਕਾਰਣ। ਇਆਣੇ–ਬੇ ਸਮਝ; ਅਣਜਾਣ। ਵਾਸੁ–ਟਿਕਾਣਾ।

ਗਰਭੇ–ਗਰਭ ਮਾਂ ਦੇ ਪੇਟ) ਵਿਚ ਹੀ।ਕਰਤੇ–ਕਰਤਾ ਪੁਰਖ ਨੂੰ।ਏਵੈ–ਇਸੇ ਤਰ੍ਹਾਂ।ਭਾਵਦਾ–ਚੰਗਾ ਲਗਦਾ ਹੈ।੩।ਧੁਰਿ–ਧੁਰ ਦਰਗਾਹ ਤੋਂ।ਮਸਤਕਿ–ਮੱਥੇ ਤੇ।ਭੇਟਿਆ–ਮਿਲਿਆ ਹੈ।ਸੂਰਾ–ਸੂਰਮਾ।ਬੰਧਪੁ–ਰਿਸ਼ਤੇਦਾਰ।ਬੀਰਾ–ਭਾਈ।ਕੀਰਾ–ਕੀੜਾ; ਨਿਮਾਣਾ। ੪।੩।੧੭।੩੭।

ਗਉੜੀ ਬੈਰਾਗਣਿ ਮਹਲਾ ੩ ॥ ਸਤਿਗੁਰ ਤੇ ਗਿਆਨੁ ਪਾਇਆ, ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ, ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ, ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ, ਤਿਨ ਹਰਿ ਨਾਮੁ ਪਿਆਰਾ ॥੧॥ ਸਤਿਗੁਰੂ ਤੋਂ (ਅਸੀਂ) ਗਿਆਨ ਪ੍ਰਾਪਤ ਕੀਤਾ ਅਤੇ ਹਰੀ ਦੀ ਅਸਲੀਅਤ ਨੂੰ ਵਿਚਾਰਿਆ ਹੈ।(ਗਿਆਨ ਤੇ ਵਿਚਾਰ ਦਾ ਫਲ ਇਹ ਮਿਲਿਆ ਕਿ) ਹਰੀ ਦਾ ਨਾਮ ਜਪਣ ਨਾਲ ਮੈਲੀ ਬੁੱਧੀ (ਨਾਸ਼ ਹੋ ਗਈ ਅਤੇ ਉਤਮ ਬੁੱਧੀ) ਪਰਗਟ ਹੋ ਗਈ।(ਨਾਮ ਜਪਣ ਕਰਕੇ) ਕਲਿਆਣ ਸਰੂਪ ਹਰੀ ਨੇ ਮਾਇਆ ਦਾ ਅਸਰ ਮਿਟਾ ਦਿਤਾ, (ਜਿਸ ਦਾ ਸਦਕਾ ਅਗਿਆਨਤਾ ਦਾ) ਹਨ੍ਹੇਰਾ ਵੀ ਦੂਰ ਹੋ ਗਿਆ। (ਅਸਲ ਵਿਚ) ਜਿਨਾਂ ਦੇ ਮੱਥੇ ਤੇ ਧੁਰ ਤੋਂ (ਚੰਗੇ ਭਾਗਾਂ ਦਾ ਲੇਖ) ਲਿਖਿਆ ਹੋਇਆ ਹੈ, ਉਨ੍ਹਾਂ (ਪੁਰਖਾਂ) ਨੂੰ ਹਰੀ ਦਾ ਨਾਮ ਪਿਆਰਾ ਲਗਦਾ ਹੈ।੧।

ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ,ਜਿਸੁ ਦੇਖਿ ਹਉ ਜੀਵਾ ॥ ਹਰਿ ਬਿਨੁ ਚਸਾ ਨ ਜੀਵਤੀ, ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ ਰਹਾਉ॥ ਹੇ ਸੰਤ ਜਨੋਂ! ਜਿਸ ਨੂੰ ਦੇਖ ਕੇ ਮੈਂ ਜਿਉਂਦੀ ਰਹਾਂ, (ਉਹ) ਹਰੀ ਕਿਸ ਤਰੀਕੇ ਨਾਲ ਪਾਈਦਾ ਹੈ।(ਕਿਉਂਕਿ) ਹਰੀ ਤੋਂ ਬਿਨਾ ਮੈਂ ਛਿਨ ਮਾਤ੍ਰ ਵੀ ਜਿਉਂਦੀ ਨਹੀਂ ਰਹਿ ਸਕਦੀ, (ਹੇ ਸੰਤ ਜਨੋਂ ਮੈਨੂੰ) ਗੁਰੂ ਨਾਲ ਮਿਲਾ ਦੇਵੋ, (ਜਿਸ ਨੂੰ ਮਿਲ ਕੇ ਮੈਂ) ਹਰੀ ਦਾ ਨਾਮ ਰਸ ਪੀਂਦੀ ਰਹਾਂ।੧।ਰਹਾਉ।

ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ, ਹਰਿ ਹਰਿ ਗਤਿ ਕੀਨੀ ॥ ਹਰਿ ਰਸੁ ਗੁਰ ਤੇ ਪਾਇਆ, ਮੇਰਾ ਮਨੁ ਤਨੁ ਲੀਨੀ ॥ ਧਨੁ ਧਨੁ ਗੁਰੁ ਸਤਿ ਪੁਰਖੁ ਹੈ, ਜਿਨਿ ਭਗਤਿ ਹਰਿ ਦੀਨੀ ॥ ਜਿਸੁ ਗੁਰ ਤੇ ਹਰਿ ਪਾਇਆ, ਸੋ ਗੁਰੁ ਹਮ ਕੀਨੀ ॥੨॥ ਮੈਂ (ਹੁਣ ਸਦਾ) ਹਰੀ ਦੇ ਗੁਣ ਗਾਉਂਦੀ ਹਾਂ, ਸਦਾ ਹਰੀ ਦਾ (ਜਸ) ਸੁਣਦੀ ਹਾਂ, (ਜਿਸ ਦਾ ਸਦਕਾ) ਹਰੀ ਨੇ (ਮੇਰੀ) ਗਤੀ ਕਰ ਦਿਤੀ (ਉਚੀ ਆਤਮਕ ਅਵਸਥਾ ਤੇ ਪਹੁੰਚਾ ਦਿਤਾ)।ਗੁਰੂ ਤੋਂ ਮੈਂ ਆਤਮਕ ਰਸ ਪ੍ਰਾਪਤ ਕੀਤਾ ਹੈ, ਜਿਸ ਵਿਚ ਮੇਰਾ ਮਨ ਤੇ ਤਨ ਲੀਨ ਰਹਿੰਦਾ ਹੈ। ਸਤਪੁਰਖ ਦਾ ਰੂਪ ਗੁਰੂ ਧੰਨ ਧੰਨ ਹੈ, ਜਿਸ ਨੇ ਹਰੀ ਦੀ ਭਗਤੀ ਮੈਨੂੰ ਦਿਤੀ।ਜਿਸ ਗੁਰੂ ਤੋਂ ਹਰੀ ਪ੍ਰਾਪਤ ਹੋਇਆ ਹੈ ਉਹ ਗੁਰੂ (ਅਸੀਂ) ਕੀਤਾ ਹੈ।੨।

ਗੁਣ ਦਾਤਾ ਹਰਿ ਰਾਇ ਹੈ, ਹਮ ਅਵਗਣਿਆਰੇ ॥ ਪਾਪੀ ਪਾਥਰ ਡੂਬਦੇ, ਗੁਰਮਤਿ ਹਰਿ ਤਾਰੇ ॥ ਤੂੰ ਗੁਣ ਦਾਤਾ ਨਿਰਮਲਾ, ਹਮ ਅਵਗਣਿਆਰੇ ॥ ਹਰਿ ਸਰਣਾਗਤਿ ਰਾਖਿ ਲੇਹੁ ,ਮੂੜ ਮੁਗਧ ਨਿਸਤਾਰੇ ॥੩॥ ਅਸੀਂ ਅਵਗੁਣਾਂ ਵਾਲੇ ਹਾਂ ਤੇ (ਉਹ) ਹਰੀ ਰਾਜਾ ਗੁਣਾਂ ਦਾ ਦਾਤਾ ਹੈ।(ਅਸੀਂ) ਪਾਪੀ ਪੱਥਰਾਂ ਵਾਂਗ ਭਾਰੇ ਹੋਣ ਕਰਕੇ ਡੁਬ ਰਹੇ ਸਾਂ, ਹਰੀ ਨੇ ਗੁਰ ਦੀ ਮੱਤ ਦੇ ਕੇ (ਸੰਸਾਰ ਸਮੁੰਦਰ ਵਿਚ ਡੁਬਦਿਆਂ ਨੂੰ ਸਾਨੂੰ) ਤਾਰ ਦਿਤਾ ਹੈ।(ਹੇ ਹਰੀ!) ਤੂੰ ਗੁਣਾਂ ਦਾ ਦਾਤਾ ਹੈਂ ਤੇ ਨਿਰਮਲ ਹੈਂ ਅਤੇ ਅਸੀਂ ਗੁਨਾਹਗਾਰ ਹਾਂ।ਹੇ ਹਰੀ! (ਅਸੀਂ ਤੇਰੀ) ਸ਼ਰਣ ਵਿਚ ਆਏ ਹਾਂ, (ਸਾਨੂੰ) ਰੱਖ ਲਵੋ, (ਕਿਉਂਕਿ ਆਪ ਜੀ ਨੇ ਸਾਡੇ ਵਰਗੇ ਬੇਅੰਤ) ਮੂਰਖ ਤੇ ਬੇ ਸਮਝ ਤਾਰ ਦਿਤੇ ਹਨ।੩।

ਸਹਜੁ ਅਨੰਦੁ ਸਦਾ ਗੁਰਮਤੀ, ਹਰਿ ਹਰਿ ਮਨਿ ਧਿਆਇਆ ॥ ਸਜਣੁ ਹਰਿ ਪ੍ਰਭੁ ਪਾਇਆ, ਘਰਿ ਸੋਹਿਲਾ ਗਾਇਆ ॥ ਹਰਿ ਦਇਆ ਧਾਰਿ ਪ੍ਰਭ ਬੇਨਤੀ, ਹਰਿ ਹਰਿ ਚੇਤਾਇਆ ॥ ਜਨ ਨਾਨਕੁ ਮੰਗੈ ਧੂੜਿ ਤਿਨ, ਜਿਨ ਸਤਿਗੁਰੁ ਪਾਇਆ ॥੪॥੪॥੧੮॥੩੮॥ ਗੁਰਮਤਿ ਦੁਆਰਾ ਹਰਿ ਹਰਿ ਨਾਮ (ਜਿਨ੍ਹਾਂ ਪੁਰਖਾਂ ਨੇ) ਮਨ ਵਿਚ ਧਿਆਇਆ ਹੈ, (ਉਹ) ਸਦਾ ਸਹਿਜ ਅਨੰਦ ਨੂੰ ਮਾਣਦੇ ਹਨ। (ਉਨ੍ਹਾਂ ਨੇ) ਹਰੀ ਪ੍ਰਭੂ ਸੱਜਣ ਨੂੰ ਪਾ ਲਿਆ ਹੈ ਅਤੇ ਹਿਰਦੇ ਘਰ ਵਿਚ ਹਰੀ ਜਸ ਗਾਇਆ ਹੈ; (ਜਿਸ ਪੁਰਖ ਨੇ) ਸਤ ਸੰਗਤ ਰੂਪ ਘਰ ਵਿਚ ਬੈਠ ਕੇ ਪ੍ਰਭੂ ਦਾ ਜਸ ਗਾਇਆ ਹੈ, (ਉਸ ਨੇ) ਹਰੀ ਪ੍ਰਭੂ ਸੱਜਣ ਨੂੰ ਪਾ ਲਿਆ ਹੈ (ਸੰ.ਸ.)।ਹੇ ਪ੍ਰਭੂ! (ਤੇਰੇ ਚਰਣਾਂ ਵਿਚ ਮੇਰੀ) ਬੇਨਤੀ ਹੈ ਕਿ ਦਇਆ ਕਰਕੇ (ਮੈਥੋਂ) ਹਰੀ ਚੇਤੇ ਕਰਾਓ।(ਹੇ ਵਾਹਿਗੁਰੂ! ਤੇਰੇ ਦਰ ਤੋਂ ਤੇਰਾ) ਦਾਸ ਨਾਨਕ ਉਨ੍ਹਾਂ (ਪੁਰਖਾਂ) ਦੀ ਚਰਨ ਧੂੜ ਮੰਗਦਾ ਹੈ, ਜਿਨ੍ਹਾਂ ਨੇ (ਤੇਰੀ ਮੇਹਰ ਨਾਲ) ਸਤਿਗੁਰੂ ਨੂੰ ਪਾਇਆ ਹੈ।੪।੪।੧੮।੩੮।

ਪਦਾਰਥ = ਤੇ–ਤੋਂ; ਪਾਸੋਂ।ਤਤੁ–ਅਸਲੀਅਤ।ਮੁਰਾਰਾ–(ਮੁਰ ਰਾਖਸ਼ ਦਾ ਵੈਰੀ) ਪ੍ਰਭੂ।ਸਿਵਿ–ਕਲਿਆਣ ਸਰੂਪ ਪ੍ਰਭੂ ਨੇ।ਸਕਤਿ–ਸ਼ਕਤੀ; ਮਾਇਆ।ਧੁਰਿ–ਧੁਰ ਤੋਂ।੧।ਕਿਤੁ ਬਿਧਿ–ਕਿਸ ਤਰੀਕੇ ਨਾਲ।ਚਸਾ–ਛਿਨ ਮਾਤ੍ਰ।ਗੁਰ ਮੇਲਿਹੁ–ਗੁਰੂ ਨਾਲ ਮਿਲਾ ਦਿਓ।੧।ਰਹਾਉ।ਹਉ–ਮੈਂ।ਗਤਿ–ਉਚੀ ਆਤਮਕ ਅਵਸਥਾ।ਲੀਨੀ–ਲੀਨ ਰਹਿੰਦਾ ਹੈ।ਸਤਿ ਪੁਰਖੁ–ਪ੍ਰਭੂ।ਕੀਨੀ–ਕੀਤਾ ਹੈ।੨।ਨਿਰਮਲਾ–ਮੈਲ ਰਹਿਤ; ਪਵਿਤ੍ਰ।ਸਰਣਾਗਤਿ–ਸ਼ਰਣ ਵਿਚ ਆਏ ਹਾਂ।ਮੂੜ–ਮੂਰਖ।ਮੁਗਧ–ਬੇ ਸਮਝ।ਨਿਸਤਾਰੇ–ਤਾਰ ਦਿਤੇ।੩।ਸਹਜੁ ਅਨੰਦੁ–ਆਤਮ ਅਨੰਦ; ਗਿਆਨ ਅਨੰਦ; ਕੁਦਰਤੀ ਅਨੰਦ।ਘਰਿ–ਹਿਰਦੇ ਘਰ ਵਿਚ; ਸਤਸੰਗਤ ਵਿਚ।ਸੋਹਿਲਾ–ਹਰੀ ਜਸ।ਧਾਰਿ–ਕਰ ਕੇ।੪।੪।੧੮।੩੮।

ਗਉੜੀ ਬੈਰਾਗਣਿ ਮਹਲਾ ੩ = ੪ ਸਬਦ। ਗਉੜੀ ਗੁਆਰੇਰੀ ਮਹਲਾ ੩ = ੧੪ ਸਬਦ। ਕੁਲ ੧੮ ਸ਼ਬਦ ਮਹੱਲਾ ੩ ਦੇ।

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥ ਗਉੜੀ ਗੁਆਰੇਰੀ ਵਿਚ ਮਹੱਲਾ ੪ (ਸ਼੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ ਸ਼ੁਰੂ ਹੋ ਰਹੇ ਹਨ। ਅੰਕ ੪ ਨੂੰ ਚਾਰ ਨਹੀਂ, ਚਉਥਾ ਪੜ੍ਹਨ ਵਾਸਤੇ ਅੱਖਰਾਂ ਵਿਚ ਲਿਖਿਆ ਹੈ। ਸਰਬ ਸ਼ਕਤੀ ਮਾਨ ਪ੍ਰਮਾਤਮਾ ਇਕ ਹੈ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ। ਪੰਡਤ ਸਿਮ੍ਰਿਤ ਸ਼ਾਸਤ੍ਰ ਆਦਿਕ ਧਰਮ ਗ੍ਰੰਥ ਪੜ੍ਹਦਾ ਹੈ। ਜੋਗੀ ਗੋਰਖ ਗੋਰਖ ਕਰਦਾ ਹੈ (ਅਪਣੇ ਗੁਰੂ ਗੋਰਖ ਦਾ ਜਾਪ ਕਰਦਾ ਹੈ। ਪਰ) ਮੈਂ ਮੂਰਖ (ਇਕ) ਹਰਿ ਹਰਿ ਦਾ ਹੀ ਜਪ ਪੜ੍ਹਦਾ (ਉਚਾਰਦਾ) ਹਾਂ।੧।

ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ ਹਰਿ ਭਜੁ ਮਨ ਮੇਰੇ, ਤਰੁ ਭਉਜਲੁ ਤੂੰ ਤਾਰੀ ॥੧॥ਰਹਾਉ॥ ਹੇ ਰਾਮ! (ਮੈਂ) ਨਹੀਂ ਜਾਣਦਾ ਮੇਰਾ ਕੀ ਹਾਲ ਹੋਵੇਗਾ। ਹੇ ਮੇਰੇ ਮਨ! ਹਰੀ ਦਾ ਭਜਨ ਕਰ, (ਇਉਂ) ਸੰਸਾਰ ਸਮੁੰਦਰ ਨੂੰ ਤਾਰੀ ਲਾ ਕੇ ਤਰ (ਪਾਰ ਲੰਘ) ਜਾ।੧। ਰਹਾਉ।

ਅੰਗ ੧੬੪ = ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥ ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ ਮੈ ਮੂਰਖ ਹਰਿ ਆਸ ਤੁਮਾਰੀ ॥੨॥ ਸੰਨਿਆਸੀਆਂ ਨੇ ਸੁਆਹ ਲਾ (ਮਲ) ਕੇ ਦੇਹ ਸਵਾਰੀ ਹੋਈ ਹੈ। ਬ੍ਰਹਮਚਾਰੀ ਨੇ ਇਸਤ੍ਰੀ ਨੂੰ ਪਰਾਈ ਜਾਣ ਕੇ (ਉਸਦਾ) ਤਿਆਗ ਕੀਤਾ ਹੋਇਆ ਹੈ। (ਪਰ) ਹੇ ਹਰੀ! ਮੈਂ ਮੂਰਖ ਨੂੰ (ਕੇਵਲ) ਤੇਰੀ ਹੀ ਆਸ ਹੈ।੨।

ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥ ਸੂਦੁ ਵੈਸੁ ਪਰ ਕਿਰਤਿ ਕਮਾਵੈ ॥ ਮੈ ਮੂਰਖ ਹਰਿ ਨਾਮ ਛਡਾਵੈ ॥੩॥ ਖਤ੍ਰੀ ਬਹਾਦਰੀ ਦਾ ਕਰਮ ਕਰਦਾ ਹੈ ਅਤੇ ਸੂਰਮਗਤੀ ਨੂੰ ਪਾਉਂਦਾ ਹੈ (ਇਸੇ ਨੂੰ ਜੀਵਨ ਦਾ ਮਨੋਰਥ ਸਮਝਦਾ ਹੈ)। ਸ਼ੂਦਰ ਪਰਾਇਆਂ ਦੇ ਸੇਵਾ ਕਰਦਾ ਹੈ ਅਤੇ ਵੈਸ਼ (ਵਪਾਰ ਆਦਿ ਦੀ) ਕਿਰਤ ਕਮਾਉਂਦਾ ਹੈ (ਇਹ ਇਸੇ ਨੂੰ ਧਰਮ ਸਮਝਦੇ ਹਨ। ਇਨ੍ਹਾਂ ਵਰਣ ਆਸ਼੍ਰਮ ਵਾਲਿਆਂ ਲਈ) ਮੈਂ ਮੂਰਖ ਹਾਂ, (ਪਰ ਮੈਨੂੰ ਨਿਸਚਾ ਹੈ ਕਿ) ਪ੍ਰਮਾਤਮਾ ਦਾ ਨਾਮ (ਜੀਵ ਨੂੰ ਜਨਮ ਮਰਣ ਦੇ ਗੇੜ ਤੋਂ) ਛਡਾਉਂਦਾ ਹੈ।੩।

ਸਭ ਤੇਰੀ ਸ੍ਰਿਸਟਿ, ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥ ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥ ਹੇ ਪ੍ਰਭੂ! ਸਾਰੀ ਸ੍ਰਿਸਟੀ ਤੇਰੀ ਰਚੀ ਹੋਈ ਹੈ (ਪੰਡਤ, ਸੰਨਿਆਸੀ, ਬ੍ਰਹਮਚਾਰੀ, ਖੱਤ੍ਰੀ, ਵੈਸ਼ ਤੇ ਸੂਦ੍ਰ ਆਦਿਕ ਵਰਣ ਆਸ਼੍ਰਮ ਦੇ ਲੋਕ ਸਭ ਤੇਰੀ ਰਚਨਾ ਹਨ) ਅਤੇ ਤੂੰ ਆਪ (ਇਨ੍ਹਾਂ ਸਭਨਾਂ ਵਿਚ) ਸਮਾ ਰਿਹਾ ਹੈਂ (ਪਰ ਇਹ ਕਰਮ ਕਾਂਡ ਵਿਚ ਫਸੇ ਤੈਨੂੰ ਜਣਦੇ ਨਹੀਂ) । ਗੁਰੂ ਜੀ ਆਖਦੇ ਹਨ (ਕਿ ਤੇਰੀ ਪੈਦਾ ਕੀਤੀ ਸ੍ਰਿਸਟੀ ਵਿਚੋਂ ਤੂੰ ਨਾਮ ਜਪਣ ਵਾਲੇ) ਗੁਰਮੁਖਾਂ ਨੂੰ ਵਡਿਆਈ ਦੇਂਦਾ ਹੈਂ। (ਇਨ੍ਹਾਂ ਅਖੌਤੀ ਧਰਮ ਵਾਲਿਆਂ ਲਈ ਮੈਂ ਅੰਨ੍ਹਾ ਹਾਂ, ਪਰ) ਮੈਂ ਅੰਨ੍ਹੇ ਨੇ ਹਰੀ ਦੀ ਟੇਕ ਟਿਕਾਈ ਹੋਈ ਹੈ ਭਾਵ ਓਟ ਲਈ ਹੋਈ ਹੈ (ਇਹੋ ਉਤਮ ਪਦਾਰਥ ਹੈ)।੪।੧।੩੯।

ਪਦਾਰਥ = ਗੋਰਖੁ-ਜੋਗੀਆਂ ਦਾ ਗੁਰੂ ਗੋਰਖ। ਮੂਰਖ-ਵੇਦ ਸ਼ਾਸਤ੍ਰ ਨਾ ਪੜ੍ਹਨ ਵਾਲਿਆਂ ਨੂੰ ਪੰਡਤ ਮੂਰਖ ਆਖਦੇ ਸਨ। ਪੜਿਆ-ਜਪਿਆ।੧। ਨਾ ਜਾਨਾ-ਨਹੀਂ ਜਾਣਦਾ; ਪਤਾ ਨਹੀਂ। ਗਤਿ-ਹਾਲ; ਹਾਲਤ। ਤਰੁ-ਤਰ (ਪਾਰ ਲੰਘ) ਜਾ। ਭਉਜਲੁ-ਸੰਸਾਰ ਸਮੁੰਦਰ ਨੂੰ । ਤਾਰੀ-ਪਾਣੀ ਤੋਂ ਤਰਨਾ; ਨਦੀ; ਬੇੜੀ।੧। ਰਹਾਉ। ਬਿਭੂਤ-ਸੁਆਹ।੨। ਸੂਰਤਣੁ-ਸੂਰਮਗਤੀ। ਪਰ ਕਿਰਤਿ-ਪਰਾਇਆਂ (ਦੂਜਿਆਂ) ਲਈ ਕਰਨ ਵਾਲਾ ਕੰਮ।੩। ਸਮਾਈ-ਸਮਾ ਰਿਹਾ (ਵਿਆਪਕ) ਹੈਂ। ਦੇ-ਦੇਂਦਾ ਹੈਂ। ਅੰਧੁਲੇ-ਅੰਨ੍ਹੇ ਨੇ। ਟੇਕ-ਓਟ। ਟਿਕਾਈ-ਲਈ ਹੈ। ੪।੧।੩੯।

ਪਰ ਤ੍ਰਿਅ = ਪਰਾਈ ਇਸਤ੍ਰੀ (ਬ੍ਰਹਮਚਾਰੀ ਇਸਤ੍ਰੀ ਦਾ ਮੂਲੋਂ ਹੀ ਤਿਆਗ ਕਰਦਾ ਹੈ। ਉਸ ਦੇ ਲਈ ਵਿਆਹ ਮਨ੍ਹਾ ਹੈ, ਇਸ ਲਈ ਬ੍ਰਹਮਚਾਰੀ ਲਈ ਹਰ ਇਸਤ੍ਰੀ ਪਰਾਈ ਹੈ, ਕੋਈ ਵੀ ਅਪਣੀ ਨਹੀਂ)। ਬ੍ਰਹਮਚਾਰੀ ਨੇ ਵਿਸ਼ੇਸ ਕਰਕੇ ਇਸਤ੍ਰੀ ਦਾ ਤਿਆਗ ਕੀਤਾ ਹੋਇਆ ਹੈ (ਪਰ-ਵਿਸ਼ੇਸ਼ ਕਰਕੇ) ਟਕਸਾਲ; ਭਾ. ਵੀਰ ਸਿੰਘ।

ਗਉੜੀ ਗੁਆਰੇਰੀ ਮਹਲਾ ੪ ॥ ਨਿਰਗੁਣ ਕਥਾ, ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ ਤਰੁ ਭਉਜਲੁ ,ਅਕਥ ਕਥਾ ਸੁਨਿ ਹਰਿ ਕੀ ॥੧॥ ਹਰੀ ਦੀ ਜੋ ਕਥਾ ਹੈ, ਉਹ (ਮਾਇਆ ਦੇ ਤਿੰਨ ਗੁਣ ਰਜ, ਤਮ ਤੇ ਸਤ) ਗੁਣਾਂ ਤੋਂ ਰਹਿਤ ਵਾਹਿਗੁਰੂ ਸਰੂਪ ਦੀ ਕਥਾ ਹੈ (ਅਵਤਾਰਾਂ, ਦੇਵੀ ਦੇਵਤਿਆਂ, ਰਮਾਇਣ, ਮਹਾਂ ਭਾਰਤ, ਸ਼ਾਸ਼ਤ੍ਰਾਂ ਵੇਦਾਂ ਤੇ ਪੁਰਾਣਾਂ ਦੀ ਕਥਾ ਨਾਲੋਂ ਨਿਰੰਕਾਰ ਦੀ ਕਥਾ ਸ੍ਰੇਸਟ ਹੈ, ਨਿਰੰਕਾਰ ਨਾਲ ਮਿਲਾ ਦੇਣ ਵਾਲੀ ਕਥਾ ਹੈ)। ਸਾਧੂ ਜਨਾਂ ਦੀ ਸੰਗਤ ਵਿਚ ਮਿਲ ਕੇ (ਵਾਹਿਗੁਰੂ ਦਾ) ਭਜਨ ਕਰੋ (ਤਾਂ ਇਹ ਕਥਾ ਪ੍ਰਾਪਤ ਹੁੰਦੀ ਹੈ)। ਹਰੀ ਦੀ ਅਕੱਥ ਕਥਾ ਸੁਣ ਕੇ ਤੂੰ ਸੰਸਾਰ ਸਮੁੰਦਰ ਤੋਂ ਤਰ ਜਾ।੧।

ਗੋਬਿੰਦ, ਸਤ ਸੰਗਤਿ ਮੇਲਾਇ ॥ ਹਰਿ ਰਸੁ ,ਰਸਨਾ ਰਾਮ ਗੁਨ ਗਾਇ ॥੧॥ਰਹਾਉ॥ (ਅਰਦਾਸ) ਹੇ ਗੋਬਿੰਦ! (ਮੈਨੂੰ) ਸਤ ਸੰਗਤ ਵਿਚ ਮਿਲਾ ਦੇਹ। (ਤਾਂ ਕਿ ਸਤ ਸੰਗਤ ਵਿਚ) ਮੇਰੀ ਰਸਨਾ ਹਰੀ ਦੇ ਗੁਣ ਗਾ ਕੇ ਹਰਿ ਰਸ ਨੂੰ ਮਾਣੇ।੧। ਰਹਾਉ।

ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ ਜਨ ਕੀ ਸੇਵਾ ਊਤਮ ਕਾਮਾ ॥੨॥ ਜਿਹੜੇ ਪੁਰਖ ਹਰਿ ਹਰਿ ਨਾਮ ਧਿਆਉਂਦੇ ਹਨ। ਹੇ ਰਾਮ! ਮੈਨੂੰ ਉਨ੍ਹਾਂ ਦੇ ਦਾਸਾਂ ਦਾ ਦਾਸ ਬਣਾ ਦਿਓ। (ਕਿਉਂਕਿ) ਦਾਸਾਂ ਦੀ ਸੇਵਾ ਉਤਮ ਕਰਮ ਹੈ ।੨।

ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ ਜਨ ਪਗ ਰੇਣੁ ਵਡਭਾਗੀ ਪਾਵੈ ॥੩॥ ਜਿਹੜਾ ਪੁਰਖ ਹਰੀ ਦੀ (ਪਾਪਾਂ ਨੂੰ) ਹਰਨ ਵਾਲੀ ਕਥਾ ਸੁਣਾਉਂਦਾ ਹੈ। ਉਹ ਪੁਰਖ ਮੇਰੇ ਮਨ ਤੇ ਚਿਤ ਵਿਚ ਚੰਗਾ ਲਗਦਾ ਹੈ। (ਅਜੇਹੇ ਮਹਾਂ) ਪੁਰਖਾਂ ਦੇ ਚਰਨਾਂ ਦੀ ਧੂੜ ਕੋਈ ਵੱਡੇ ਭਾਗਾਂ ਵਾਲਾ ਹੀ ਪਾਉਂਦਾ ਹੈ।੩।

ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥ ਸੰਤ ਜਨਾਂ ਨਾਲ ਪ੍ਰੀਤ (ਉਨ੍ਹਾਂ ਪੁਰਖਾਂ ਦੀ) ਬਣ ਆਈ ਹੈ। ਜਿਨ੍ਹਾਂ ਨੂੰ ਧੁਰ (ਦਰਗਾਹ) ਤੋਂ ਲਿਖਿਆ ਲੇਖ ਪ੍ਰਾਪਤ ਹੈ। ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਨਾਮ ਵਿਚ ਸਮਾ ਜਾਂਦੇ ਹਨ।੪।੨।੪੦।

ਪਦਾਰਥ = ਨਿਰਗੁਣ–ਸਤੋ, ਰਜੋ ਤੇ ਤਮੋ ਗੁਣਾਂ ਤੋਂ ਰਹਿਤ ਨਿਰੰਕਾਰ। ਭਜੁ–ਭਜੋ; ਜਪੋ। ਸਾਧੂ ਜਨ ਕੀ–ਸਾਧੂ ਜਨਾਂ ਦੀ। ਅਕਥ ਕਥਾ –ਉਹ ਕਥਾ ਜੋ ਬਿਆਨ ਨਾ ਕੀਤੀ ਜਾ ਸਕੇ; ਅਕੱਥ ਵਾਹਿਗੁਰੂ ਦੀ ਕਥਾ।੧। ਰਸੁ–ਸੁਆਦ; ਅਨੰਦ। ਰਸਨਾ–ਜੀਭ।੧। ਰਹਾਉ। ਜੋ ਜਨ–ਜਿਹੜੇ ਪੁਰਖ। ਦਾਸਨਿ ਦਾਸ–ਦਾਸਾਂ ਦਾ ਦਾਸ। ਕਰਹੁ–ਕਰ (ਬਣਾ) ਦਿਓ। ਰਾਮਾ–ਹੇ ਰਾਮ!। ਜਨ ਕੀ–ਦਾਸਾਂ ਦੀ। ਕਾਮਾ–ਕਰਮ।੨। ਹਰਿ–ਵਾਹਿਗੁਰੂ। ਹਰਿ ਕਥਾ–ਪਾਪਾਂ ਨੂੰ ਹਰਨ (ਨਾਸ਼ ਕਰਨ) ਵਾਲੀ ਕਥਾ; (ਸੁੱਕੇ ਮਨਾਂ ਨੂੰ) ਹਰੇ ਭਰੇ ਕਰਨ ਵਾਲੀ ਕਥਾ। ਸੋ–ਉਹ। ਭਾਵੈ–ਚੰਗਾ ਲਗਦਾ ਹੈ। ਪਗ ਰੇਣੁ–ਚਰਨਾਂ ਦੀ ਧੂੜ।੩। ਸਿਉ–ਨਾਲ। ਲਿਖਤੁ–ਲੇਖ। ਤੇ–ਉਹ। ਸਮਾਈ–ਲੀਨ ਹੁੰਦੇ ਹਨ।੪।੨।੪੦।

ਗਉੜੀ ਗੁਆਰੇਰੀ ਮਹਲਾ ੪ ॥ ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥ (ਜਿਵੇਂ) ਮਾਤਾ (ਪੁੱਤ੍ਰ ਨਾਲ) ਪਿਆਰ ਕਰਦੀ ਹੈ, (ਤੇ ਚਾਹੁੰਦੀ ਹੈ ਕਿ ਚੰਗੇ ਪਦਾਰਥ ਮੇਰਾ) ਪੁੱਤ੍ਰ ਖਾਵੇ (ਮਾਂ ਆਪ ਭੁੱਖੀ ਰਹਿ ਕੇ ਪੁੱਤ ਨੂੰ ਖੁਆ ਕੇ ਖੁਸ਼ ਰਹਿੰਦੀ ਹੈ)। ਮੱਛੀ ਨੂੰ (ਜਲ ਨਾਲ) ਪਿਆਰ ਹੈ ਤੇ ਜਲ ਵਿਚ ਨਹਾਉਂਦੀ ਹੈ (ਪਾਣੀ ਵਿਚ ਰਹਿ ਕੇ ਖੁਸ਼ ਰਹਿੰਦੀ ਹੈ। ਤਿਵੇਂ) ਸਤਿਗੁਰੂ ਦੀ ਪ੍ਰੀਤ (ਸਿੱਖਾਂ ਨਾਲ) ਹੈ (ਸਤਿਗੁਰੂ ਚਾਹੁੰਦਾ ਹੈ ਕਿ) ਗੁਰੂ ਦਾ ਸਿੱਖ (ਚੰਗਾ ਪਦਾਰਥ ਗੁਰੂ ਦਾ ਉਪਦੇਸ਼ ਜਾਂ ਨਾਮ) ਮੂੰਹ ਵਿਚ ਪਾਵੇ।੧।

ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥ ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ਰਹਾਉ॥ ਹੇ ਹਰੀ! ਸਾਨੂੰ ਹਰੀ ਦੇ ਉਹ ਪਿਆਰੇ ਸੇਵਕ ਮੇਲੋ। ਜਿਨ੍ਹਾਂ ਦੇ ਮਿਲਣ ਨਾਲ ਸਾਡੇ ਦੁੱਖ ਦੂਰ ਹੋ ਜਾਣ (ਤੇ ਆਤਮਕ ਅਨੰਦ ਮਿਲੇ)।੧। ਰਹਾਉ।

ਜਿਉ ਮਿਲਿ ਬਛਰੇ, ਗਊ ਪ੍ਰੀਤਿ ਲਗਾਵੈ ॥ ਕਾਮਨਿ ਪ੍ਰੀਤਿ, ਜਾ ਪਿਰੁ ਘਰਿ ਆਵੈ ॥ ਹਰਿ ਜਨ ਪ੍ਰੀਤਿ, ਜਾ ਹਰਿ ਜਸੁ ਗਾਵੈ ॥੨॥ ਜਿਵੇਂ ਵੱਛੇ ਨੂੰ ਮਿਲ ਕੇ ਗਾਂ ਪਿਆਰ ਲਗਾਉਂਦੀ (ਕਰਦੀ) ਹੈ। ਜਦ (ਬਾਹਰ ਗਿਆ) ਪਤੀ ਘਰ ਵਿਚ ਆਉਂਦਾ ਹੈ, (ਤਾਂ ਉਸਦੀ) ਇਸਤ੍ਰੀ ਪਿਆਰ ਕਰਦੀ ਹੈ। ਹਰੀ ਦੇ ਸੇਵਕ ਦਾ ਪਿਆਰ (ਹਰੀ ਨਾਲ) ਹੈ, (ਉਹ ਖੁਸ਼ ਹੁੰਦਾ ਹੈ) ਜਦ ਹਰੀ ਦਾ ਜਸ ਗਾਉਂਦਾ ਹੈ।੨।

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥ ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥ ਪਪੀਹੇ ਦੀ ਪ੍ਰੀਤ ਹੈ (ਸ੍ਵਾਂਤੀ ਬੂੰਦ ਨਾਲ, ਉਹ ਖੁਸ਼ ਹੁੰਦਾ ਹੈ ਜਦ) ਮੋਹਲੇ ਧਾਰ ਮੀਂਹ ਵਰਸਦਾ ਹੈ। ਰਾਜੇ ਦਾ ਪਿਆਰ ਮਾਇਆ ਦਾ ਪਸਾਰਾ ਦੇਖਣ ਵਿਚ ਹੈ। ਹਰੀ ਦੇ ਸੇਵਕ ਦਾ ਪਿਆਰ (ਹਰੀ ਨਾਲ) ਹੈ, (ਇਸੇ ਲਈ) ਨਿਰੰਕਾਰ ਦਾ ਨਾਮ ਜਪਦਾ ਹੈ।੩।

ਨਰ ਪ੍ਰਾਣੀ ਪ੍ਰੀਤਿ, ਮਾਇਆ ਧਨੁ ਖਾਟੇ ॥ ਗੁਰ ਸਿਖ ਪ੍ਰੀਤਿ, ਗੁਰੁ ਮਿਲੈ ਗਲਾਟੇ ॥ ਜਨ ਨਾਨਕ ਪ੍ਰੀਤਿ, ਸਾਧ ਪਗ ਚਾਟੇ ॥੪॥੩॥੪੧॥ ਪ੍ਰਾਣ ਧਾਰੀ ਪੁਰਖਾਂ ਦੀ ਪ੍ਰੀਤ ਧਨ ਦੌਲਤ ਕਮਾਉਣ ਵਿਚ ਹੈ। ਗੁਰ ਸਿੱਖਾਂ ਦਾ ਪਿਆਰ (ਇਸ ਗੱਲ ਵਿਚ ਹੈ, ਕਿ) ਗੁਰੂ (ਉਨ੍ਹਾਂ ਨੂੰ) ਗਲੇ ਲਗ ਕੇ ਮਿਲੇ (ਜੱਫੀ ਵਿਚ ਲੈ ਕੇ ਪ੍ਰੇਮ ਕੇ)। ਨਿਰੰਕਾਰ ਦੇ ਸੇਵਕ ਨਾਨਕ ਨੂੰ ਸਾਧੂਆਂ ਦੇ ਚਰਨ ਚੁੰਮਣ ਨਾਲ ਪਿਆਰ ਹੈ।੪।੩।੪੧।

ਪਦਾਰਥ = ਪ੍ਰੀਤਿ ਕਰੇ–ਪਿਆਰ ਕਰਦੀ ਹੈ; ਖੁਸ਼ੀ ਮਨਾਉਂਦੀ ਹੈ; ਖੁਸ਼ ਹੁੰਦੀ ਹੈ (ਮ.ਕੋ.)। ਮੀਨੇ–ਮੱਛੀ ਨੂੰ। ਜਲਿ ਨਾਇ–ਪਾਣੀ ਵਿਚ ਨ੍ਹਾ (ਰਹਿ) ਕੇ।੧। ਤੇ–ਉਹ। ਹਰਿ ਜਨ–ਹਰੀ ਦੇ ਸੇਵਕ। ਹਮ–ਸਾਨੂੰ। ਹਮਾਰੇ–ਸਾਡੇ।੧। ਰਹਾਉ। ਬਛਰੇ–ਵੱਛੇ ਨੂੰ। ਕਾਮਨਿ–ਇਸਤ੍ਰੀ। ਜਾਜਦ। ਪਿਰੁ–ਪਤੀ।੨। ਜਲ ਧਾਰਾ–ਪਾਣੀ ਦੀ ਧਾਰਾ; ਮੂਸਲਾ ਧਾਰ ਮੀਂਹ। ਨਰ ਪਤਿ–ਰਾਜਾ। ਸਾਰਿੰਗ–ਪਪੀਹੇ ਨੂੰ।੩। ਨਰ ਪ੍ਰਾਣੀ–ਪ੍ਰਾਣ ਧਾਰੀ ਮਨੁੱਖ; ਹਿੰਮਤੀ ਪੁਰਖ (ਮ. ਕੋ.)। ਖਾਟੇ–ਕਮਾਉਂਦਾ ਹੈ। ਗਲਾਟੇ–ਗਲ ਨਾਲ ਲਾ ਕੇ; ਗਲਵੱਕੜੀ ਵਿਚ। ਸਾਧ ਪਗ–ਸਾਧੂਆਂ ਦੇ ਚਰਨ। ਚਾਟੇ–ਚੱਟਣ (ਚੁੰਮਣ) ਨਾਲ।੪।੩।੪੧।

ਗੁਰਸਿਖ ਮੁਖਿ ਪਾਇ = ਸਤਿਗੁਰੂ ਖੁਸ਼ੀ ਮਨਾਉਂਦਾ ਹੈ (ਕਿ ਕੋਈ ਮਨੁੱਖ) ਗੁਰਸਿੱਖ ਦੇ ਮੂੰਹ ਵਿਚ ਭੋਜਨ ਪਾਵੇ (ਲੰਗਰ ਛਕਾਵੇ)।

ਗਉੜੀ ਗੁਆਰੇਰੀ ਮਹਲਾ ੪ ॥ ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥ ਗੁਰਸਿਖ ਪ੍ਰੀਤਿ ਗੁਰ ਮਿਲਿ

ਆਘਾਇ ॥੧॥ ਭਿਖਾਰੀ ਦੀ ਪ੍ਰੀਤ ਹੁੰਦੀ ਹੈ ਕਿ ਕੋਈ ਵੱਡਾ ਦਾਨੀ (ਉਸ ਨੂੰ) ਭਿੱਖਿਆ ਪਾਵੇ (ਮੰਗਤੇ ਨੂੰ ਮਾਲਕ ਤੋਂ ਭਿੱਖਿਆ ਪ੍ਰਾਪਤ ਕਰ ਕੇ ਖੁਸ਼ੀ ਹੁੰਦੀ ਹੈ)।ਭੁੱਖੇ (ਬੰਦੇ) ਦੀ ਅੰਨ ਖਾਣ ਵਿਚ ਪ੍ਰੀਤ ਹੁੰਦੀ ਹੈ (ਭੁੱਖਾ ਬੰਦਾ ਅੰਨ ਖਾ ਕੇ ਖੁਸ਼ ਹੁੰਦਾ ਹੈ।ਤਿਵੇਂ) ਗੁਰਸਿੱਖ ਦੀ ਪ੍ਰੀਤ ਗੁਰੂ ਨੂੰ ਮਿਲ ਕੇ ਤ੍ਰਿਪਤ ਹੋਣ ਵਿਚ ਹੈ (ਗੁਰੂ ਨੂੰ ਮਿਲ ਕੇ ਸਾਰੀ ਭੁੱਖ ਮਿਟ ਜਾਂਦੀ ਹੈ)।੧।

ਹਰਿ ਦਰਸਨੁ ਦੇਹੁ ,ਹਰਿ ਆਸ ਤੁਮਾਰੀ ॥ ਕਰਿ ਕਿਰਪਾ, ਲੋਚ ਪੂਰਿ ਹਮਾਰੀ ॥੧॥ਰਹਾਉ॥ (ਮੇਰੀ ਅਰਦਾਸ ਹੈ) ਹੇ ਹਰੀ! (ਅਪਣਾ) ਦਰਸ਼ਨ ਦੇਵੋਂ, ਹੇ ਹਰੀ (ਸਾਨੂੰ ਇਕ) ਤੇਰੀ ਹੀ ਆਸ ਹੈ।ਕ੍ਰਿਪਾ ਕਰਕੇ (ਆਪ) ਸਾਡੀ ਇੱਛਾ ਪੂਰੀ ਕਰੋ ਜੀ।੧।ਰਹਾਉ।

ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥ ਮਿਲੈ ਪਿਆਰੇ ਸਭ ਦੁਖ ਤਿਆਗੈ ॥ ਗੁਰ ਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥੨॥ ਚਕਵੀ ਦਾ ਪ੍ਰੇਮ ਸੂਰਜ ਨਾਲ ਹੈ, (ਉਹ ਖੁਸ਼ ਹੁੰਦੀ ਹੈ, ਜਦ ਸੂਰਜ) ਮੂੰਹ ਲਗਦਾ (ਚੜ੍ਹਦਾ) ਹੈ।(ਸੂਰਜ ਚੜ੍ਹਨ ਤੇ ਅਪਣੇ ਚਕਵੇ) ਪਿਆਰੇ ਨੂੰ ਮਿਲਦੀ ਹੈ ਤਾਂ (ਵਿਛੋੜੇ ਦੇ) ਸਾਰੇ ਦੁੱਖ ਭੁੱਲ ਜਾਂਦੀ ਹੈ।(ਇਸੇ ਤਰ੍ਹਾਂ) ਗੁਰ ਸਿੱਖ ਦੀ ਪ੍ਰੀਤ (ਗੁਰੂ ਨਾਲ) ਹੈ ਤੇ (ਉਹ) ਗੁਰੂ ਦੇ ਸਨਮੁਖ ਲਗਦਾ ਹੈ ਭਾਵ ਗੁਰੂ ਦੀ ਹਜੂਰੀ ਵਿਚ ਰਹਿਣ ਨੂੰ ਪਿਆਰ ਕਰਦਾ ਹੈ।੨।

ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥ ਹਿਰਦੈ ਬਿਗਸੈ ਦੇਖੈ ਮਾਇ ॥ਗੁਰ ਸਿਖ ਪ੍ਰੀਤਿ ਗੁਰੂ ਮੁਖਿ ਲਾਇ ॥੩॥ ਵੱਛੇ ਦੀ ਪ੍ਰੀਤ ਮੂੰਹ ਨਾਲ (ਅਪਣੀ) ਮਾਂ ਦਾ ਦੁੱਧ ਪੀਣ ਵਿਚ ਹੈ।(ਵੱਛੇ ਦਾ) ਦਿਲ ਵਿਚ ਖਿੜ ਜਾਂਦਾ ਹੈ (ਜਦ ਉਹ ਅਪਣੀ) ਮਾਂ ਗਊ ਨੂੰ ਦੇਖਦਾ ਹੈ।(ਇਸੇ ਤਰ੍ਹਾਂ) ਗੁਰ ਸਿੱਖ ਨੂੰ ਪ੍ਰੀਤ (ਇਸ ਗੱਲ ਦੀ ਹੈ ਕਿ ਮੈਨੂੰ) ਗੁਰੂ ਮੂੰਹ ਲਾਵੇ ਭਾਵ ਪ੍ਰਸੰਨ ਹੋ ਕੇ ਦਰਸ਼ਨ ਦੇਵੇ (ਸ਼ਬਦਾਰਥ)।੩।

ਹੋਰੁ ਸਭ ਪ੍ਰੀਤਿ, ਮਾਇਆ ਮੋਹੁ ਕਾਚਾ ॥ ਬਿਨਸਿ ਜਾਇ ਕੂਰਾ ਕਚੁ ਪਾਚਾ ॥ ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥ ਹੋਰ ਸਭ ਤਰ੍ਹਾਂ ਦੀ (ਉਪਰ ਦੱਸੀ) ਪ੍ਰੀਤ ਮਾਇਆ ਦਾ ਕੱਚਾ ਮੋਹ ਹੈ।(ਇਹ ਮੋਹ) ਝੂਠਾ ਤੇ ਕੱਚਾ ਪਿੱਲਾ ਹੋਣ ਕਰਕੇ ਨਾਸ਼ ਹੋ ਜਾਂਦਾ ਹੈ।ਪ੍ਰਮਾਤਮਾ ਦੇ ਸੇਵਕ ਨਾਨਕ ਦੀ ਪ੍ਰੀਤ ਸੱਚੇ ਗੁਰੂ ਨਾਲ ਹੈ (ਸੱਚੇ ਗੁਰੂ ਨਾਲ ਮਿਲ ਕੇ) ਤ੍ਰਿਪਤ ਹੋ ਜਾਈਦਾ ਹੈ।(ਸੱਚੇ ਗੁਰੂ ਦੀ ਪ੍ਰੀਤ ਪੱਕੀ ਤੇ ਸੱਚੀ ਹੈ ਜੋ ਸੰਤੋਖ ਤੇ ਅਨੰਦ ਦੇਣ ਵਾਲੀ ਹੈ)।੪।੪।੪੨।

ਪਦਾਰਥ = ਭੀਖਕ–ਮੰਗਤੇ ਦੀ।ਭੀਖ–ਭਿੱਖਿਆ।ਪ੍ਰਭ–ਪ੍ਰਭਤਾ ਵਾਲਾ (ਵੱਡਾ ਬੰਦਾ); ਮਾਲਕ।ਆਘਾਇ–ਰੱਜ ਜਾਂਦਾ ਹੈ।੧।ਲੋਚ–ਇੱਛਾ।ਪੂਰਿ–ਪੂਰੀ ਕਰ।੧।ਰਹਾਉ।ਮੁਖਿ ਲਾਗੈ–ਮੂੰਹ (ਮੱਥੇ) ਲਗਦਾ ਹੈ ਭਾਵ ਦਰਸ਼ਨ ਹੁੰਦੇ ਹਨ (ਚਕਵਾ ਤੇ ਚਕਵੀ ਰਾਤ ਨੂੰ ਆਪਣ ਵਿਚ ਵਿਛੜ ਜਾਂਦੇ ਹਨ ਤੇ ਸੂਰਜ ਚੜ੍ਹੇ ਆਪਸ ਵਿਚ ਮਿਲਦੇ ਹਨ)।੨।ਬਛਰੇ–ਵੱਛੇ ਨੂੰ।ਖੀਰੁ–ਦੁੱਧ।ਹਿਰਦੈ–ਦਿਲ ਵਿਚ। ਬਿਗਸੈ–ਖੁਸ਼ ਹੁੰਦਾ ਹੈ।ਮਾਇ–ਮਾਂ।ਮੁਖਿ ਲਾਇ–ਮੂੰਹ ਲਾਵੇ (ਦਰਸ਼ਨ ਦੇਵੇ)।੩।ਕਾਚਾ–ਕੱਚਾ (ਛੇਤੀ ਨਾਸ਼ ਹੋਣ ਵਾਲਾ)।ਕੂਰਾ–ਕੂੜਾ (ਝੂਠਾ)।ਕਚੁ ਪਾਚਾ–ਕੱਚਾ ਪਿੱਲਾ; ਝੂਠਾ ਦਿਖਾਵਾ (ਦੁਨਿਆਂ ਦਾ ਪ੍ਰੇਮ ਲੋੜ ਪੂਰੀ ਹੋਣ ਤਕ ਰਹਿੰਦਾ ਹੈ)।ਤ੍ਰਿਪਤਿ–ਰੱਜ ਜਾਣਾ; ਖੁਸ਼ੀ; ਸੰਤੋਖ।੪।੪।੪੨।

ਅੰਗ ੧੬੫ = ਗਉੜੀ ਗੁਆਰੇਰੀ ਮਹਲਾ ੪ ॥ ਸਤਿਗੁਰ ਸੇਵਾ ਸਫਲ ਹੈ ਬਣੀ ॥ ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ ॥ ਜਿਨ ਹਰਿ ਜਪਿਆ, ਤਿਨ ਪੀਛੈ ਛੂਟੀ ਘਣੀ ॥੧॥ (ਕਿਸੇ ਹੋਰ ਦੀ ਸੇਵਾ ਨਾਲੋਂ) ਸਤਿਗੁਰੂ ਦੀ ਸੇਵਾ ਸਫਲ ਬਣੀ ਹੈ (ਜੋ ਫਲ ਦਿਤੇ ਬਿਨਾ ਖਾਲੀ ਨਹੀਂ ਜਾਂਦੀ)।ਜਿਸ (ਸਤਿਗੁਰੂ) ਨੂੰ ਮਿਲ ਕੇ ਹਰੀ ਮਾਲਕ ਦਾ ਹਰਿ ਨਾਮ ਧਿਆਇਆ ਹੈ।ਜਿਨ੍ਹਾਂ (ਪੁਰਖਾਂ) ਨੇ ਹਰੀ ਦਾ ਨਾਮ ਜਪਿਆ ਹੈ, ਉਨ੍ਹਾਂ ਦੇ ਪਿੱਛੇ ਲਗ ਕੇ ਬਹੁਤ (ਦੁਨੀਆਂ ਜਨਮ ਮਰਣ ਦੇ ਚੱਕਰ ਤੋਂ) ਛੁਟ ਗਈ ਹੈ।੧।

ਗੁਰਸਿਖ, ਹਰਿ ਬੋਲਹੁ ਮੇਰੇ ਭਾਈ ॥ ਹਰਿ ਬੋਲਤ, ਸਭ ਪਾਪ ਲਹਿ ਜਾਈ ॥੧॥ਰਹਾਉ॥ (ਇਸ ਕਰਕੇ) ਹੇ ਗੁਰ ਸਿੱਖੋ! ਹੇ ਮੇਰੇ ਭਰਾਵੋ! ਹਰੀ ਦਾ ਨਾਮ ਬੋਲੋ (ਜਪੋ)।ਹਰੀ ਦਾ ਨਾਮ ਬੋਲਣ ਨਾਲ ਸਾਰੇ ਪਾਪ ਲਹਿ ਜਾਂਦੇ ਹਨ।੧।ਰਹਾਉ॥

ਜਬ ਗੁਰੁ ਮਿਲਿਆ, ਤਬ ਮਨੁ ਵਸਿ ਆਇਆ ॥ ਧਾਵਤ ਪੰਚ ਰਹੇ, ਹਰਿ ਧਿਆਇਆ ॥ ਅਨਦਿਨੁ ,ਨਗਰੀ ਹਰਿ ਗੁਣ ਗਾਇਆ ॥੨॥ ਜਦ ਗੁਰੂ ਮਿਲ ਪਿਆ, (ਗੁਰੂ ਤੋਂ ਪ੍ਰਾਪਤ ਕੀਤਾ) ਹਰੀ ਦਾ ਨਾਮ ਧਿਆਇਆ, ਤਦ ਮਨ ਵਸਿ ਵਿਚ ਆ ਗਿਆ ਅਤੇ ਪੰਜੇ ਇੰਦ੍ਰੇ (ਇਧਰ ਉਧਰ) ਦੌੜਨੋਂ ਰੁਕ ਗਏ।(ਫਿਰ ਸਰੀਰ ਹਰੀ ਦਾ) ਨਗਰ ਬਣ ਗਿਆ, (ਜਿਸ ਵਿਚ) ਹਰ ਰੋਜ ਹਰੀ ਦੇ ਗੁਣਾਂ ਨੂੰ ਗਾਇਆ।੨।

ਸਤਿਗੁਰ ਪਗ ਧੂਰਿ, ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ, ਹਰਿ ਲਿਵ ਲਾਈ ॥ ਤੇ, ਹਰਿ ਦਰਗਹ ਮੁਖ ਊਜਲ ਭਾਈ ॥੩॥ ਜਿਨ੍ਹਾਂ (ਗੁਰਸਿੱਖਾਂ) ਨੇ ਸਤਿਗੁਰੂ ਦੇ ਚਰਨਾਂ ਦੀ ਧੂੜ ਅਪਣੇ ਮੱਥੇ ਤੇ ਲਾਈ ਹੈ।ਉਨ੍ਹਾਂ ਨੇ ਝੂਠੇ (ਮੋਹ) ਛੱਡ ਦਿਤੇ ਹਨ ਤੇ ਹਰੀ ਨਾਲ ਲਿਵ ਲਗਾ ਲਈ ਹੈ।ਹੇ ਭਾਈ! ਹਰੀ ਦੀ ਦਰਗਾਹ ਵਿਚ ਉਹ (ਗੁਰਮੁਖ) ਉਜਲ ਮੂੰਹ ਵਾਲੇ ਹੁੰਦੇ ਹਨ।੩।

ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲਭਦ੍ਰੁ ,ਗੁਰ ਪਗ ਲਗਿ ਧਿਆਵੈ ॥ ਨਾਨਕ, ਗੁਰਮੁਖਿ ਹਰਿ ਆਪਿ ਤਰਾਵੈ ॥੪॥੫॥੪੩॥ ਗੁਰੂ ਦੀ ਸੇਵਾ ਕਰਨੀ ਹਰੀ ਨੂੰ ਆਪ ਚੰਗੀ ਲਗਦੀ ਹੈ।ਕ੍ਰਿਸ਼ਨ ਤੇ ਬਲਭੱਦ੍ਰ ਵੀ (ਅਪਣੇ ਦੁਰਬਾਸਾ) ਗੁਰੂ ਦੇ ਚਰਨੀ ਲਗ ਕੇ ਹਰੀ ਨਾਮ ਨੂੰ ਧਿਆਉਂਦੇ ਰਹੇ ਹਨ।ਗੁਰੂ ਜੀ ਆਖਦੇ ਹਨ ਕਿ ਹਰੀ ਆਪ ਗੁਰੂ ਦੁਆਰਾ (ਸਿੱਖਾਂ ਨੂੰ ਭਵਜਲ ਤੋਂ) ਤਾਰਦਾ ਹੈ।੪। ੫।੪੩।

ਪਦਾਰਥ = ਜਿਤੁ–ਜਿਸ ਨੂੰ।ਧਣੀ–ਮਾਲਕ।ਛੂਟੀ–ਮੁਕਤ ਹੋ ਗਈ; ਬੰਧਨ ਰਹਿਤ ਹੋ ਗਈ।ਘਣੀ–ਬਹੁਤ।੧।ਬੋਲਹੁ–ਉਚਾਰੋ; ਜਪੋ

।ਬੋਲਤ-ਬੋਲਣ ਨਾਲ।ਲਹਿ ਜਾਈ-ਦੂਰ ਹੋ ਜਾਂਦੇ ਹਨ।੧।ਰਹਾਉ।ਵਸਿ-ਕਾਬੂ ਵਿਚ।ਧਾਵਤ-ਦੌੜਦੇ ਹੋਏ।ਪੰਚ-ਪੰਜ ਕਰਮ ਇੰਦ੍ਰੇ (ਮੂੰਹ ਹੱਥ ਪੈਰ ਗੁਦਾ ਤੇ ਲਿੰਗ); ਪੰਜ ਗਿਆਨ ਇੰਦ੍ਰੇ (ਕੰਨ ਚਮੜੀ ਅੱਖ ਜੀਭ ਤੇ ਨੱਕ) ਜਿਨ੍ਹਾਂ ਰਾਹੀਂ ਸ਼ਬਦ ਸਪੱਰਸ ਰਸ ਰੂਪ ਗੰਧ ਦਾ ਗਿਆਨ ਹੁੰਦਾ ਹੈ।ਰਹੇ-ਰੁਕ ਗਏ।ਨਗਰੀ-ਸਰੀਰ ਨਗਰ ਵਿਚ; ਸਰੀਰ ਨਗਰ ਦੇ ਮਾਲਕ ਜੀਵਾਤਮਾ ਨੇ।੨।ਪਗ ਧੂਰਿ-ਚਰਨਾਂ ਦੀ ਧੂੜ।ਮੁਖਿ-ਮੱਥੇ ਉਤੇ।ਤਿਨ-ਉਨ੍ਹਾਂ ਨੇ।ਤੇ-ਉਹ।ਭਾਈ-ਹੇ ਭਾਈ!।੩।ਬਲਭਦ੍ਰ-ਬਲਰਾਮ (ਕ੍ਰਿਸ਼ਨ ਦਾ ਵੱਡਾ ਭਰਾ)।੪।੫।੪੩।

ਗਉੜੀ ਗੁਆਰੇਰੀ ਮਹਲਾ ੪ ॥ ਹਰਿ ਆਪੇ ਜੋਗੀ ਡੰਡਾਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥ ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥ ਹਰੀ ਆਪੇ ਸੰਨਿਆਸੀ ਰੂਪ ਹੈ ਤੇ ਹਰੀ ਆਪੇ ਹੀ ਜੋਗੀ ਰੂਪ ਹੈ।ਸੰਸਾਰ ਰੂਪ ਬਨ ਦਾ ਮਾਲਕ ਹੋ ਕੇ ਹਰੀ ਆਪੇ ਹਰ ਥਾਂ ਸਮਾ ਰਿਹਾ ਹੈ।ਹਰੀ ਆਪੇ ਤਾੜੀ ਲਾ ਕੇ ਤਪ ਤਾਪ (ਕਰ) ਰਿਹਾ ਹੈ।(ਗੁਰਮੁਖ ਨੂੰ ਹਰੇਕ ਵਿਚ ਵਾਹਿਗੁਰੂ ਅਨੁਭਵ ਹੁੰਦਾ ਹੈ)।੧

ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ਰਹਾਉ॥ ਇਹੋ ਜਿਹਾ ਮੇਰਾ ਵਾਹਿਗੁਰੂ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ।ਹਰੀ (ਸਭ ਦੇ) ਨੇੜੇ ਵਸਦਾ ਹੈ, (ਕਿਸੇ ਤੋਂ ਵੀ) ਦੂਰ ਨਹੀਂ।੧।ਰਹਾਉ।

ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ ਹਰਿ ਆਪੇ ਵੇਖੈ, ਵਿਗਸੈ ਆਪੇ ॥ ਹਰਿ ਆਪਿ ਜਪਾਇ, ਆਪੇ ਹਰਿ ਜਾਪੇ ॥੨॥ ਹਰੀ ਆਪੇ ਸ਼ਬਦ ਰੂਪ ਹੈ, ਆਪ ਹੀ (ਜਗਿਆਸੂ ਦੀ) ਸੁਰਤ ਰੂਪ ਹੈ ਤੇ ਧੁਨੀ (ਸ਼ਬਦ ਦਾ ਉਚਾਰਨ) ਰੂਪ ਹੈ।ਹਰੀ ਆਪੇ ਦੇਖਦਾ ਹੈ ਤੇ ਆਪ ਹੀ ਖੁਸ਼ ਹੁੰਦਾ ਹੈ (ਹਰੀ ਆਪ ਸਭ ਦੇ ਅੰਦਰ ਵਸ ਰਿਹਾ ਦੇਖਦਾ ਤੇ ਖੁਸ਼ ਹੁੰਦਾ ਹੈ)।ਹਰੀ ਆਪ (ਹੀ ਗੁਰੂ ਰੂਪ ਹੋ ਕੇ) ਨਾਮ ਜਪਾਉਂਦਾ ਹੈ ਅਤੇ ਹਰੀ ਆਪ ਹੀ (ਜਗਿਆਸੂ ਰੂਪ ਹੋ ਕੇ ਨਾਮ) ਜਪਦਾ ਹੈ।੨।

ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥ ਹਰੀ ਆਪ ਹੀ ਪਪੀਹਾ ਰੂਪ ਹੈ ਤੇ ਆਪ ਹੀ ਅੰਮ੍ਰਿਤ ਦੀ ਧਾਰ (ਸ੍ਵਾਂਤੀ ਬੂੰਦ ਰੂਪ) ਹੈ।ਹਰੀ ਆਪ ਹੀ (ਪਪੀਹੇ ਨੂੰ) ਅੰਮ੍ਰਿਤ ਰੂਪ ਸ੍ਵਾਂਤੀ ਬੂੰਦ ਪਿਆਉਣ ਵਾਲਾ ਹੈ (ਹਰੀ ਆਪ ਹੀ ਜਗਿਆਸੂ ਰੂਪ ਪਪੀਹਾ ਹੈ ਤੇ ਆਪ ਹੀ ਨਾਮ ਰੂਪ ਅੰਮ੍ਰਿਤ ਦੀ ਧਾਰ ਹੈ।ਹਰੀ ਆਪ ਹੀ ਗੁਰੂ ਰੂਪ ਹੋ ਕੇ ਨਾਮ ਅੰਮ੍ਰਿਤ ਪਿਆਉਣ ਵਾਲਾ ਹੈ)।ਹਰੀ ਆਪ ਹੀ (ਜੀਵਾਂ ਨੂੰ) ਪੈਦਾ ਕਰਦਾ ਹੈ ਤੇ ਆਪ ਹੀ (ਉਨ੍ਹਾਂ ਦਾ) ਪਾਰ ਉਤਾਰਾ ਕਰਦਾ ਹੈ।੩।

ਹਰਿ ਆਪੇ ਬੇੜੀ ਤੁਲਹਾ ਤਾਰਾ ॥ ਹਰਿ ਆਪੇ ਗੁਰਮਤੀ ਨਿਸਤਾਰਾ ॥ ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥ ਹਰੀ ਆਪ ਹੀ ਬੇੜੀ ਰੂਪ ਹੈ, ਆਪ ਹੀ ਤੁਲਹਾ ਰੂਪ ਹੈ ਤੇ ਆਪ ਹੀ ਤਾਰਨ ਵਾਲਾ (ਮਲਾਹ) ਰੂਪ ਹੈ (ਆਸਾ ਰੂਪ ਨਦੀ ਤੋ ਪਾਰ ਕਰਨ ਲਈ ਭਗਤੀ ਰੂਪ ਬੇੜੀ, ਸੰਕਲਪ ਵਿਕਲਪ ਰੂਪ ਨਾਲਿਆਂ ਤੋਂ ਪਾਰ ਲੰਘਾਉਣ ਲਈ ਪ੍ਰੇਮ ਰੂਪ ਤੁਲਹਾ ਤੇ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਗੁਰੂ ਰੂਪ ਮਲਾਹ; ਗਿਆਨ ਰੂਪ ਜਹਾਜ ਹਰੀ ਆਪ ਹੀ ਹੈ)।ਹਰੀ ਆਪੇ ਗੁਰੂ ਦੀ ਸਿੱਖਿਆ ਦੁਆਰਾ ਪਾਰ ਉਤਾਰਾ ਕਰਦਾ ਹੈ। ਗੁਰੂ ਜੀ ਆਖਦੇ ਹਨ, ਹਰੀ ਆਪ ਹੀ (ਜਗਿਆਸੂ ਰੂਪ ਹੋ ਕੇ ਸੰਸਾਰ ਸਮੁੰਦਰ ਦਾ) ਪਾਰਲਾ ਕਿਨਾਰਾ ਪ੍ਰਾਪਤ ਕਰਦਾ ਹੈ।੪।੬। ੪੪।

ਪਦਾਰਥ = ਡੰਡਾਧਾਰੀ-ਸੰਨਿਆਸੀ ਜੋ ਹੱਥ ਵਿਚ ਡੰਡਾ ਤੇ ਕਮੰਡਲ ਰਖਦਾ ਹੈ।ਬਨਵਾਰੀ-ਜੰਗਲ ਦੇ ਫੁੱਲਾਂ ਦੀ ਮਾਲਾ ਪਹਿਨਣ ਵਾਲਾ ਵਿਸ਼ਨੂ ਜਾਂ ਕ੍ਰਿਸ਼ਨ ਭਾਵ ਕਰਤਾਰ ਤੋਂ ਹੈ, ਜੋ ਸਾਰੇ ਜੰਗਲਾਂ ਨੂੰ ਮਾਲਾ ਵਤ ਧਾਰਣ ਕਰਦਾ ਹੈ; ਸੰਸਾਰ ਬਨ ਦਾ ਮਾਲਕ ਵਾਹਿਗੁਰੂ ।ਤਪੁ ਤਾਪੈ-ਤਪ ਤਾਪਦਾ (ਕਰਦਾ) ਹੈ।ਤਾਰੀ-ਤਾੜੀ (ਸਮਾਧੀ)।੧।ਭਰਪੂਰਿ-ਪੂਰਨ; ਵਿਆਪਕ (ਹਰ ਥਾਂ ਮੌਜੂਦ)।ਨਿਕਟਿ-ਨੇੜੇ ।੧।ਰਹਾਉ।ਵਿਗਸੈ-ਖਿੜਦਾ (ਖੁਸ਼ ਹੁੰਦਾ) ਹੈ।ਜਾਪੇ-ਜਪਦਾ ਹੈ।੨।ਸਾਰਿੰਗ-ਪਪੀਹਾ।ਅੰਮ੍ਰਿਤਧਾਰਾ-ਸੁਆਂਤੀ ਬੂੰਦ; ਅੰਮ੍ਰਿਤ ਦਾ ਪ੍ਰਵਾਹ; ਨਾਮ ਬਾਣੀ ਦੀ ਵਰਖਾ।ਕਰੇ-ਪੈਦਾ ਕਰਦਾ ਹੈ।ਨਿਸਤਾਰਾ-ਪਾਰ ਉਤਾਰਾ।੩।ਬੇੜੀ-ਕਿਸ਼ਤੀ।ਤੁਲਹਾ-ਨਦੀ ਪਾਰ ਕਰਨ ਲਈ ਲਕੜੀਆਂ ਬੰਨ੍ਹ ਕੇ ਬਣਾਇਆ ਬੇੜਾ।ਤਾਰਾ-ਤਾਰਨ ਵਾਲਾ; ਮਲਾਹ; ਜਹਾਜ।ਪਾਵੈ ਪਾਰਾ-ਪਾਰਲਾ ਕਿਨਾਰਾ ਪ੍ਰਾਪਤ ਕਰਦਾ ਹੈ।੪।੬।੪੪।

ਗਉੜੀ ਬੈਰਾਗਣਿ ਮਹਲਾ ੪ ॥ ਸਾਹੁ ਹਮਾਰਾ ਤੂੰ ਧਣੀ, ਜੈਸੀ ਤੂੰ ਰਾਸਿ ਦੇਹਿ, ਤੈਸੀ ਹਮ ਲੇਹਿ ॥ ਹਰਿ ਨਾਮੁ ਵਣੰਜਹਿ ਰੰਗ ਸਿਉ ,ਜੇ ਆਪਿ ਦਇਆਲੁ ਹੋਇ ਦੇਹਿ ॥੧॥ ਹੇ ਮਾਲਕ ਵਾਹਿਗੁਰੂ! ਤੂੰ ਸਾਡਾ ਸ਼ਾਹ ਹੈਂ, ਜਿਹੋ ਜਿਹੀ ਪੂੰਜੀ ਤੂੰ ਸਾਨੂੰ ਦੇਂਦਾ ਹੈਂ, ਉਹੋ ਜਿਹੀ ਪੂੰਜੀ ਅਸੀਂ ਲੈਂਦੇ ਹਾਂ।ਜੇ (ਤੂੰ) ਆਪ ਦਿਆਲ ਹੋ ਕੇ ਦੇਵੇਂ ਤਾਂ ਅਸੀਂ ਪ੍ਰੇਮ (ਦੀ ਕੀਮਤ) ਨਾਲ ਹਰਿ ਨਾਮ ਰੂਪ ਵਸਤੂ ਨੂੰ ਖ੍ਰੀਦੀਏ।੧।

ਹਮ ਵਣਜਾਰੇ ਰਾਮ ਕੇ ॥ ਹਰਿ ਵਣਜ ਕਰਾਵੈ ਦੇ ਰਾਸਿ ਰੇ ॥੧॥ਰਹਾਉ॥ ਅਸੀਂ ਰਾਮ (ਨਾਮ) ਦੇ ਵਪਾਰੀ ਹਾਂ।ਹੇ ਭਾਈ! ਹਰੀ ਆਪ ਸਾਨੂੰ (ਨਾਮ ਦੀ) ਪੂੰਜੀ ਦੇ ਕੇ ਵਪਾਰ ਕਰਾ ਰਿਹਾ ਹੈ।੧।ਰਹਾਉ।

ਲਾਹਾ ਹਰਿ ਭਗਤਿ ਧਨੁ ਖਟਿਆ, ਹਰਿ ਸਚੇ ਸਾਹ ਮਨਿ ਭਾਇਆ ॥ ਹਰਿ ਜਪਿ ਹਰਿ ਵਖਰੁ ਲਦਿਆ, ਜਮੁ ਜਾਗਾਤੀ ਨੇੜਿ ਨ ਆਇਆ ॥੨॥ (ਜਿਸ ਵਪਾਰੀ ਨੇ) ਹਰੀ ਦੀ ਭਗਤੀ ਦਾ ਧਨ ਤੇ ਲਾਭ ਕਮਾਇਆ ਹੈ, ਉਹ ਸੱਚੇ ਸ਼ਾਹ (ਵਾਹਿਗੁਰੂ) ਦੇ ਮਨ ਨੂੰ ਚੰਗਾ ਲੱਗਾ ਹੈ।(ਜਿਸ ਨੇ) ਹਰੀ ਨੂੰ ਜਪ ਕੇ ਹਰੀ ਦੇ ਨਾਮ ਦਾ ਸੌਦਾ ਲੱਦਿਆ ਹੈ, ਜਮ ਮਸੂਲੀਆ (ਉਸ ਦੇ) ਨੇੜੇ ਨਹੀਂ ਆਇਆ ।੨।

ਹੋਰੁ ਵਣਜੁ ਕਰਹਿ ਵਾਪਾਰੀਏ, ਅਨੰਤ ਤਰੰਗੀ ਦੁਖੁ ਮਾਇਆ ॥ ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥੩॥ ਹੋਰ (ਜਿਹੜੇ) ਵਪਾਰੀ (ਨਾਮ ਧਨ ਨੂੰ ਛੱਡ ਕੇ) ਅਨੇਕਾਂ ਲਹਿਰਾਂ ਵਾਲੀ ਮਾਇਆ ਦਾ ਸੌਦਾ ਕਰਦੇ ਹਨ, ਉਨ੍ਹਾਂ ਨੂੰ ਦੁਖ ਹੁੰਦਾ ਹੈ। (ਕਿਉਂਕਿ) ਹਰੀ ਨੇ ਉਹ (ਵਪਾਰੀ ਪੂਰਬਲੇ ਕਰਮਾਂ ਅਨੁਸਾਰ) ਜਿਹੋ ਜਿਹੇ ਵਪਾਰ ਵਿਚ ਲਾਏ ਹਨ, ਉਹੋ ਜਿਹਾ ਉਨ੍ਹਾਂ ਨੇ ਫਲ ਪਾਇਆ ਹੈ।੩।

ਹਰਿ ਹਰਿ ਵਣਜੁ ਸੋ ਜਨੁ ਕਰੇ, ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ ਜਨ ਨਾਨਕ ਸਾਹੁ ਹਰਿ ਸੇਵਿਆ, ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥ ਹਰਿ ਹਰਿ (ਸਿਮਰਨ) ਦਾ ਵਪਾਰ ਉਹ ਸੇਵਕ ਕਰਦਾ ਹੈ, ਜਿਸ ਨੂੰ ਪ੍ਰਭੂ ਕਿਰਪਾਲ ਹੋ ਕੇ (ਨਾਮ ਸਿਮਰਨ ਦਾ ਵਪਾਰ) ਦੇਂਦਾ ਹੈ।(ਪ੍ਰਭੂ ਦਾ) ਸੇਵਕ ਨਾਨਕ ਆਖਦਾ ਹੈ, (ਜਿਸ ਪੁਰਖ ਨੇ) ਹਰੀ ਸ਼ਾਹ ਨੂੰ ਸੇਵਿਆ (ਸਿਮਰਿਆ) ਹੈ, (ਉਸ ਪਾਸੋਂ ਹਰੀ) ਮੁੜ ਲੇਖਾ ਉਕਾ ਹੀ ਨਹੀਂ ਲੈਂਦਾ (ਮੰਗਦਾ)।੪।੧।੭।੪੫।

ਪਦਾਰਥ = ਸਾਹ–ਸ਼ਾਹ (ਪੈਸੇ ਉਧਾਰ ਦੇਣ ਵਾਲਾ)।ਧਣੀ–ਮਾਲਕ (ਵਾਹਿਗੁਰੂ)।ਰਾਸਿ–ਪੂੰਜੀ।ਵਣੰਜਹਿ–ਖ਼੍ਰੀਦਦੇ ਹਾਂ।ਰੰਗ ਸਿਉ–ਪ੍ਰੇਮ ਨਾਲ।੧।ਵਣਜਾਰੇ–ਵਪਾਰੀ।ਦੇ–ਦੇ ਕੇ।ਰੇ–ਹੇ ਭਾਈ।੧।ਰਹਾਉ।ਲਾਹਾ–ਲਾਭ।ਖਟਿਆ–ਕਮਾਇਆ।ਭਾਇਆ–ਚੰਗਾ ਲੱਗਾ; ਪਿਆਰਾ ਲੱਗਾ।ਵਖਰੁ–ਸੌਦਾ।ਜਾਗਾਤੀ–ਟੈਕਸ ਲੈਣ ਵਾਲਾ।੨।ਅਨਤ ਤਰੰਗੀ–ਅਨੇਕਾਂ ਲਹਿਰਾਂ ਵਾਲੀ; ਚੰਚਲ ਮਾਇਆ, ਜੋ ਟਿਕ ਕੇ ਨਾ ਰਹੇ।ਓਇ–ਉਹ।ਜੇਹੈ–ਜਿਹੋ ਜਿਹਾ।ਤੇਹਾ–ਉਹੋ ਜਿਹਾ।੩।ਸੋ–ਉਹ।ਜਨ–ਦਾਸ।ਦੇਈ–ਦੇਂਦਾ ਹੈ।ਫਿਰਿ–ਮੁੜ ਦਬਾਰਾ।ਲੇਖਾ –ਹਿਸਾਬ।ਮੂਲਿ–ਉਕਾ ਹੀ।ਨ ਲੇਈ–ਨਹੀਂ ਲੈਂਦਾ।੪।੧।੭।੪੫।

ਅਨੰਤ ਤਰੰਗੀ ਦੁਖੁ ਮਾਇਆ = ਅਨੇਕਾਂ ਤਰੰਗਾਂ ਵਾਲੀ ਮਾਇਆ ਦਾ ਤਿੰਨ ਤਰ੍ਹਾਂ ਦੁਖ ਹੁੰਦਾ ਹੈ (ਅਸਹਿਤਾ, ਖਇਤਾ ਤੇ ਖੀਣਤਾ) ।ਦੂਜੇ ਕੋਲ ਜਿਆਦਾ ਮਾਇਆ ਦੇਖ ਕੇ ਸਹਿ ਨਾ ਸਕਣਾ, ਇਹ ਸੋਚਣਾ ਕਿ ਇਤਨੀ ਹੀ ਮਾਇਆ ਮੇਰੇ ਕੋਲ ਹੋਵੇ।ਮਾਲ ਧਨ ਨਾਸ਼ ਹੋਣ ਤੇ ਮਾਲ ਧਨ ਦਾ ਘਟਦੇ ਜਾਣ ਦਾ ਦੁਖ (ਟਕਸਾਲ ਦੀ ਸੀ. ਡੀ)।

ਗਉੜੀ ਬੈਰਾਗਣਿ ਮਹਲਾ ੪ ॥ ਜਿਉ ਜਨਨੀ ਗਰਭੁ ਪਾਲਤੀ, ਸੁਤ ਕੀ ਕਰਿ ਆਸਾ ॥ ਵਡਾ ਹੋਇ ਧਨੁ ਖਾਟਿ ਦੇਇ, ਕਰਿ ਭੋਗ ਬਿਲਾਸਾ ॥ ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ, ਦੇ ਆਪਿ ਹਥਾਸਾ ॥੧॥ ਜਿਵੇਂ ਮਾਂ ਪੁਤ੍ਰ ਦੀ ਆਸ ਕਰਕੇ ਅਪਣੇ ਗਰਭ ਨੂੰ ਪਾਲਦੀ (ਕੁੱਖ ਨੂੰ ਸੰਭਾਲ ਕੇ ਰਖਦੀ ਹੈ) ਹੈ।(ਕਿ ਪੁਤ੍ਰ) ਵੱਡਾ ਹੋ ਕੇ ਧਨ ਕਮਾ ਕੇ ਦੇਵੇਗਾ, (ਜਿਸ ਧਨ ਨਾਲ ਅਸੀਂ ਬੁਢੇਪੇ ਵਿਚ) ਮੌਜਾਂ ਮਾਣਾਂਗੇ।ਇਸੇ ਤਰ੍ਹਾਂ ਹਰੀ ਦੇ ਸੇਵਕ ਦੀ ਪ੍ਰੀਤ ਹੈ ਕਿ ਹਰੀ ਆਪ ਹੱਥ ਦੇ ਕੇ ਰੱਖਿਆ ਕਰਦਾ ਹੈ (ਸ਼ਬਦਾਰਥ); ਅਪਣੇ ਸੇਵਕਾਂ ਦੀ ਪ੍ਰੀਤ ਨੂੰ ਹਰੀ ਆਪ ਅਪਣੇ ਹੱਥ ਦਾ ਆਸਰਾ ਦੇ ਕੇ (ਕਾਇਮ) ਰਖਦਾ ਹੈ।੧।

ਅੰਗ ੧੬੬ = ਮੇਰੇ ਰਾਮ ਮੈ ਮੂਰਖ, ਹਰਿ ਰਾਖੁ ਮੇਰੇ ਗੁਸਈਆ ॥ ਜਨ ਕੀ ਉਪਮਾ, ਤੁਝਹਿ ਵਡਈਆ ॥੧॥ਰਹਾਉ॥ ਹੇ ਮੇਰੇ ਰਾਮ! ਮੈਂ ਮੂਰਖ ਹਾਂ, ਹੇ ਹਰੀ! ਹੇ ਮੇਰੇ ਮਾਲਕ! (ਮੈਨੂੰ) ਰੱਖ ਲੈ।ਸੇਵਕ ਦੀ ਵਡਿਆਈ ਤੇਰੀ ਹੀ ਵਡਿਆਈ ਹੈ।੧।ਰਹਾਉ।

ਜੋ ਹਰਿ ਦਾਸਨ ਕੀ ਉਸਤਤਿ ਹੈ, ਸਾ ਹਰਿ ਕੀ ਵਡਿਆਈ।ਹਰਿ ਆਪਨੀ ਵਡਿਆਈ ਭਾਵਦੀ, ਜਨ ਕਾ ਜੈਕਾਰ ਕਰਾਈ।(੬੫੨)

ਮੰਦਰਿ ਘਰਿ ਆਨੰਦੁ ਹਰਿ, ਹਰਿ ਜਸੁ ਮਨਿ ਭਾਵੈ ॥ ਸਭ ਰਸ ਮੀਠੇ ਮੁਖਿ ਲਗਹਿ, ਜਾ ਹਰਿ ਗੁਣ ਗਾਵੈ ॥ ਹਰਿ ਜਨੁ ਪਰਵਾਰੁ ਸਧਾਰੁ ਹੈ, ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥ (ਜਿਸ) ਮਨ ਵਿਚ ਹਰੀ ਦਾ ਜਸ ਚੰਗਾ ਲਗਦਾ ਹੈ, ਉਸ ਦੇ ਘਰ ਮੰਦਰ ਵਿਚ ਹਰੀ ਨਾਮ ਕਰਕੇ ਅਨੰਦ ਬਣਿਆ ਰਹਿੰਦਾ ਹੈ।ਜਦ ਉਹ ਹਰੀ ਦੇ ਗੁਣ ਗਾਉਂਦਾ ਹੈ, ਤਾਂ ਸਾਰੇ ਮਿੱਠੇ ਰਸ ਮੂੰਹ ਨੂੰ ਲਗਦੇ (ਪ੍ਰਾਪਤ ਹੋ ਜਾਂਦੇ) ਹਨ।ਹਰੀ ਦਾ ਸੇਵਕ ਅਪਣੇ ਪਰਵਾਰ ਨੂੰ ਸੁਧਾਰ ਦੇਂਦਾ ਹੈ, ਅਪਣੀਆਂ ਇੱਕੀ ਕੁਲਾਂ, ਬਲਕਿ ਸਾਰੇ ਜਗਤ ਨੂੰ ਛੁਡਾ (ਮੁਕਤ ਕਰਾ) ਲੈਂਦਾ ਹੈ (ਜਿਹੜਾ ਵੀ ਮਨੁੱਖ ਹਰੀ ਦੇ ਭਗਤ ਦੀ ਸੰਗਤ ਦੇ ਅਸਰ ਵਿਚ ਆਉਂਦਾ ਹੈ, ਉਹ ਭਗਤੀ ਵਿਚ ਲਗ ਕੇ ਬਚ ਜਾਂਦਾ ਹੈ)।੨।

ਜੋ ਕਿਛੁ ਕੀਆ ਸੋ ਹਰਿ ਕੀਆ, ਹਰਿ ਕੀ ਵਡਿਆਈ ॥ ਹਰਿ ਜੀਅ ਤੇਰੇ ਤੂੰ ਵਰਤਦਾ, ਹਰਿ ਪੂਜ ਕਰਾਈ ॥ ਹਰਿ ਭਗਤਿ ਭੰਡਾਰ ਲਹਾਇਦਾ, ਆਪੇ ਵਰਤਾਈ ॥੩॥ ਜੋ ਕੁਝ (ਜਗਤ ਵਿਚ) ਪੈਦਾ ਕੀਤਾ ਹੈ, ਉਹ ਹਰੀ ਨੇ ਹੀ ਪੈਦਾ ਕੀਤਾ ਹੈ, ਇਹ ਹਰੀ ਦੀ ਵਡਿਆਈ ਹੈ।ਹੇ ਹਰੀ! ਸਾਰੇ ਜੀਵ ਤੇਰੇ ਹਨ, ਤੂੰ (ਇਨ੍ਹਾਂ ਸਭਨਾਂ ਵਿਚ) ਵਰਤ ਰਿਹਾ ਹੈਂ, ਹੇ ਹਰੀ (ਤੂੰ ਆਪ ਹੀ ਜੀਵਾਂ ਨੂੰ ਪ੍ਰੇਰ ਕੇ ਅਪਣੀ) ਪੂਜਾ ਕਰਵਾਉਂਦਾ ਹੈਂ।ਹੇ ਹਰੀ! (ਜੀਵਾਂ ਨੂੰ ਤੂੰ) ਭਗਤੀ ਦਾ ਭੰਡਾਰ ਦਿਵਾਉਂਦਾ ਹੈ ਤੇ ਆਪ ਹੀ (ਗੁਰੂ ਰੂਪ ਹੋ ਕੇ) ਵਰਤਾਉਂਦਾ ਹੈਂ।੩।

ਲਾਲਾ ਹਾਟਿ ਵਿਹਾਝਿਆ, ਕਿਆ ਤਿਸੁ ਚਤੁਰਾਈ ॥ ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ,ਘਾਸੀ ਕਉ ਹਰਿ ਨਾਮੁ ਕਢਾਈ ॥ ਜਨੁ ਨਾਨਕ ਹਰਿ ਕਾ ਦਾਸੁ ਹੈ, ਹਰਿ ਕੀ ਵਡਿਆਈ ॥੪॥੨॥੮॥੪੬॥ (ਜਿਵੇਂ ਕੋਈ) ਗੁਲਾਮ ਹੱਟੀ (ਮੰਡੀ) ਤੋਂ ਖ਼੍ਰੀਦਿਆ ਹੋਇਆ ਹੋਵੇ, ਉਸ ਦੀ (ਅਪਣੇ ਮਾਲਕ ਅੱਗੇ) ਕੀ ਚਤਰਾਈ ਹੋ ਸਕਦੀ ਹੈ? (ਹਰੀ ਦਾ ਸੇਵਕ ਸਤਸੰਗਤ ਰੂਪ ਹੱਟੀ ਵਿਚੋਂ ਹਰੀ ਦਾ ਅਪਣਾ ਬਣਾਇਆ ਹੁੰਦਾ ਹੈ।ਉਸ ਸੇਵਕ ਨੂੰ) ਜੇ ਹਰੀ ਰਾਜ ਤਖਤ ਤੇ ਬਿਠਾ ਦੇਵੇ, (ਤਾਂ ਵੀ ਉਹ) ਹਰੀ ਦਾ ਗੁਲਾਮ ਹੀ ਰਹਿੰਦਾ ਹੈ, (ਜੇ ਘਾਹੀ ਬਣਾ ਦੇਵੇ, ਤਾਂ) ਘਾਹੀ (ਦੇ ਮੂੰਹ) ਤੋਂ ਵੀ ਹਰੀ ਨਾਮ ਹੀ ਕਢਾਉਂਦਾ ਹੈ (ਸੇਵਕ ਹਰ ਹਾਲਤ ਵਿਚ ਹਰੀ ਦਾ ਨਾਮ ਜਪਦਾ

ਰਹਿੰਦਾ ਹੈ।ਮੈਂ) ਨਾਨਕ ਹਰੀ ਦਾ ਸੇਵਕ ਹਾਂ, ਦਾਸ ਹਾਂ, ਹਰੀ ਦੀ ਵਡਿਆਈ ਕਰਦਾ ਹਾਂ; (ਇਹ) ਹਰੀ ਦੀ ਵਡਿਆਈ ਹੈ (ਜੋ ਮੈਨੂੰ ਦਾਸ ਕੀਤਾ ਹੈ)।੪।੨।੮।੪੬।

ਪਦਾਰਥ = ਜਨਨੀ–ਮਾਂ।ਗਰਭੁ–ਕੁੱਖ।ਪਾਲਤੀ–ਪਾਲਣ ਤੋਂ ਭਾਵ ਗਰਭ ਪਾਤ ਨ ਹੋਵੇ, ਉਠਣ ਬੈਠਣ ਦਾ ਸੰਜਮ ਤੇ ਖਾਣ ਪੀਣ ਦਾ ਪਥ ਪ੍ਰਹੇਜ ਆਦਿ।ਸੁਤ ਕੀ–ਪੁਤ੍ਰ ਦੀ।ਖਾਟਿ–ਕਮਾ ਕੇ।ਦੇਇ–ਦੇਂਦਾ ਹੈ (ਦੇਵੇਗਾ)।ਕਰਿ ਭੋਗ ਬਿਲਾਸਾ–ਰੰਗ ਰਲੀਆਂ (ਮੌਜਾਂ) ਕਰਾਂਗੇ (ਮਾਣਾਂਗੇ); ਸੁਖ ਸ਼ਾਂਤੀ ਨਾਲ ਜੀਵਨ ਬਸਰ ਕਰਾਂਗੇ।ਦੇ ਹਥਾਸਾ–ਹੱਥ ਦਾ ਆਸਰਾ ਦੇ ਕੇ।੧।ਮੈ–ਮੈਨੂੰ।ਰਾਖੁ–ਰੱਖ ਲੈ; ਰੱਖਿਆ ਕਰ। ਗੁਸਈਆ–ਹੇ ਮਾਲਕ।ਉਪਮਾ–ਵਡਿਆਈ।੧।ਰਹਾਉ।ਘਰਿ ਮੰਦਰਿ–ਮੰਦਰ ਬਣੇ ਘਰ ਵਿਚ; ਸਰੀਰ ਤੇ ਮਨ ਵਿਚ। ਭਾਵੈ–ਚੰਗਾ (ਪਿਆਰਾ) ਲਗਦਾ ਹੈ।ਜਾ–ਜਦ।ਸਧਾਰੁ–ਸੁਧਾਰ ਦੇਂਦਾ ਹੈ; ਆਧਾਰ (ਆਸਰੇ) ਸਹਿਤ ਕਰ ਦੇਂਦਾ ਹੈ।ਇਕੀਹ ਕੁਲੀ –ਅਪਣੇ ਸਬੰਧੀਆਂ ਦੀਆਂ ਇੱਕੀ ਕੁਲਾਂ ਨੂੰ।ਛਡਾਵੈ–ਛੁਡਾ (ਮੁਕਤ ਕਰਾ) ਲੈਂਦਾ ਹੈ।੨।ਕੀਆ–ਪੈਦਾ ਕੀਤਾ।ਜੀਅ–ਜੀਵ।ਲਹਾਇਦਾ – ਲਭਾਉਂਦਾ; ਪ੍ਰਾਪਤ ਕਰਾਉਂਦਾ; ਦਿਵਾਉਂਦਾ ਹੈ।ਵਰਤਾਈ–ਵਰਤਾਉਂਦਾ (ਵੰਡਦਾ) ਹੈ।੩।ਲਾਲਾ–ਗੁਲਾਮ।ਹਾਟਿ–ਦੁਕਾਨ (ਮੰਡੀ) ਤੋਂ।ਵਿਹਾਝਿਆ–ਖ੍ਰੀਦਿਆ।ਰਾਜਿ–ਰਾਜ ਤਖਤ ਉਤੇ।ਘਾਸੀ–ਘਾਹ ਖੋਤਣ ਵਾਲਾ।ਕਢਾਈ–ਕਢਾਉਂਦਾ (ਜਪਾਉਂਦਾ) ਹੈ।੪।੨।੮। ੪੬।

ਗਉੜੀ ਗੁਆਰੇਰੀ ਮਹਲਾ ੪ ॥ ਕਿਰਸਾਣੀ ਕਿਰਸਾਣੁ ਕਰੇ, ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ, ਮੇਰਾ ਪੁਤੁ ਧੀ ਖਾਇ ॥ ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ, ਹਰਿ ਅੰਤਿ ਛਡਾਇ ॥੧॥ ਜਿਵੇਂ ਕਿਰਸਾਨ ਖੇਤੀ ਦਾ ਕੰਮ ਕਰਦਾ ਹੈ ਤੇ ਦਿਲ ਲਾ ਕੇ (ਇਸ ਕੰਮ ਨੂੰ ਕਰਨਾ) ਚਾਹੁੰਦਾ ਹੈ।(ਉਹ) ਹਲ ਜੋੜਦਾ ਹੈ, ਉਦਮ ਕਰਦਾ ਹੈ ਕਿ (ਪੈਦਾ ਹੋਇਆ ਅਨਾਜ ਰੱਜ ਕੇ) ਮੇਰਾ ਧੀ ਪੁੱਤ ਖਾਵੇ। ਤਿਵੇਂ ਹਰੀ ਦਾ ਸੇਵਕ ਹਰਿ ਹਰਿ ਦਾ ਜਪ ਕਰਦਾ ਹੈ, (ਤਾਂ ਕਿ ਜਮਾਂ ਤੋਂ) ਹਰੀ ਅੰਤ ਸਮੇਂ ਛੁਡਾ ਲਵੇ।੧।

ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥੧॥ਰਹਾਉ॥ ਹੇ ਮੇਰੇ ਰਾਮ! (ਅਰਦਾਸ ਹੈ ਕਿ) ਮੈਂ ਮੂਰਖ ਦੀ ਕਲਿਆਣ ਕਰੋ।ਹੇ ਹਰੀ! (ਖੇਤੀ ਦੇ ਕੰਮ ਵਾਂਙ) ਸਾਨੂੰ ਪੂਜਨੀਕ ਸਤਿਗੁਰੂ ਦੀ ਸੇਵਾ ਦੇ ਕੰਮ ਵਿਚ ਲਾ ਦਿਓ।੧। ਰਹਾਉ।

ਲੈ ਤੁਰੇ ਸਉਦਾਗਰੀ, ਸਉਦਾਗਰੁ ਧਾਵੈ ॥ ਧਨੁ ਖਟੈ ਆਸਾ ਕਰੈ, ਮਾਇਆ ਮੋਹੁ ਵਧਾਵੈ ॥ ਤਿਉ ਹਰਿ ਜਨੁ ਹਰਿ ਹਰਿ ਬੋਲਤਾ, ਹਰਿ ਬੋਲਿ ਸੁਖੁ ਪਾਵੈ ॥੨॥ ਜਿਵੇਂ ਸੌਦਾਗਰ ਘੋੜੇ ਲੈ ਕੇ ਸੌਦਾਗਰੀ ਕਰਨ (ਪਰਦੇਸਾਂ ਨੂੰ) ਤੁਰ ਜਾਂਦਾ ਹੈ।(ਉਹ) ਧਨ ਕਮਾਉਂਦਾ ਹੈ (ਅਤੇ ਧਨ ਦੀ) ਹੋਰ ਆਸ ਕਰਦਾ ਹੈ, (ਇਉਂ ਕਮਾਈ ਕਰਦਾ) ਮਾਇਆ ਦਾ ਮੋਹ ਵਧਾਉਂਦਾ ਹੈ।ਤਿਵੇਂ ਹਰੀ ਦਾ ਸੇਵਕ ਹਰਿ ਹਰਿ ਉਚਾਰਦਾ ਹੈ ਅਤੇ ਹਰੀ ਨਾਮ ਉਚਾਰ ਕੇ (ਆਤਮਕ) ਸੁਖ ਪਾਉਂਦਾ ਹੈ।੨।

ਬਿਖੁ ਸੰਚੈ ਹਟਵਾਣੀਆ, ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ, ਝੂਠੇ ਲਪਟਾਇ ॥ ਤਿਉ ਹਰਿ ਜਨਿ ਹਰਿ ਧਨੁ ਸੰਚਿਆ, ਹਰਿ ਖਰਚੁ ਲੈ ਜਾਇ ॥੩॥ ਜਿਵੇਂ ਦੁਕਾਨਦਾਨ ਹੱਟੀ ਤੇ ਬੈਠ ਕੇ ਕਮਾਈ ਕਰਦਾ ਹੈ ਤੇ ਬਿਖ ਰੂਪ ਮਾਇਆ ਕੱਠੀ ਕਰਦਾ ਹੈ।(ਜਿਸ ਕਰਕੇ ਉਹ) ਝੂਠੇ ਪਸਾਰੇ ਦਾ ਝੂਠਾ ਮੋਹ ਕਰਕੇ ਝੂਠੇ ਧੰਧਿਆਂ ਵਿਚ ਫਸਿਆ ਰਹਿੰਦਾ ਹੈ।ਤਿਵੇਂ ਹਰੀ ਦੇ ਸੇਵਕ ਨੇ ਹਰੀ ਦਾ ਨਾਮ ਧਨ ਇਕੱਠਾ ਕੀਤਾ ਹੈ ਅਤੇ ਹਰੀ ਦੇ ਨਾਮ ਧਨ ਦਾ ਖਰਚ (ਹਿਰਦੇ ਰੂਪ ਪੱਲੇ ਬੰਨ੍ਹ ਕੇ ਪ੍ਰਲੋਕ ਨੂੰ ਨਾਲ) ਲੈ ਜਾਂਦਾ ਹੈ।੩।

ਇਹੁ ਮਾਇਆ ਮੋਹ ਕੁਟੰਬੁ ਹੈ, ਭਾਇ ਦੂਜੈ ਫਾਸ ॥ ਗੁਰਮਤੀ ਸੋ ਜਨੁ ਤਰੈ, ਜੋ ਦਾਸਨਿ ਦਾਸ ॥ ਜਨਿ ਨਾਨਕਿ ਨਾਮੁ ਧਿਆਇਆ, ਗੁਰ ਮੁਖਿ ਪਰਗਾਸ ॥੪॥੩॥੯॥੪੭॥ ਮਾਇਆ ਦਾ ਮੋਹ ਇਹ ਕੁਟੰਬ ਦੂਜੇ ਭਾਵ ਵਿਚ ਫਸਾਉਣ ਵਾਲੀ ਫਾਹੀ ਹੈ।ਗੁਰੂ ਦੀ ਸਿੱਖਿਆ ਰਾਹੀਂ ਉਹ ਸੇਵਕ (ਮੋਹ ਦੇ ਸਮੁੰਦਰ ਤੋਂ) ਤਰਦਾ ਹੈ, ਜੋ (ਹਰੀ ਦੇ) ਦਾਸਾਂ ਦਾ ਦਾਸ ਬਣਦਾ ਹੈ।ਹਰੀ ਦੇ ਸੇਵਕ ਨਾਨਕ ਨੇ ਹਰੀ ਦਾ ਨਾਮ ਧਿਆਇਆ ਹੈ, (ਜੋ) ਗੁਰੂ ਦੁਆਰਾ ਪ੍ਰਗਟ ਹੁੰਦਾ ਹੈ; (ਹਿਰਦੇ ਵਿਚ ਨਾਮ ਦਾ) ਪ੍ਰਕਾਸ਼ ਗੁਰੂ ਦੁਆਰਾ ਹੁੰਦਾ ਹੈ।੪।੩ ।੯।੪੭।

ਪਦਾਰਥ = ਕਿਰਸਾਣੀ–ਖੇਤੀ ਦਾ ਕੰਮ।ਕਿਰਸਾਣੁ–ਖੇਤੀ ਦਾ ਕੰਮ ਕਰਨ ਵਾਲਾ।ਲੋਚੈ–ਚਾਹੁੰਦਾ ਹੈ।ਜੀਉ ਲਾਇ–ਦਿਲ ਲਾ ਕੇ।ਜੋਤੈ –ਜੋੜਦਾ (ਚਲਾਉਂਦਾ) ਹੈ।ਅੰਤਿ–ਜੀਵਨ ਦਾ ਅੰਤ ਹੋਣ ਸਮੇਂ।੧।ਗਤਿ–ਮੁਕਤੀ।ਕਾਮ–ਕੰਮ।੧।ਰਹਾਉ।ਤੁਰੇ–ਘੋੜੇ।ਸਓਦਾਗਰੀ–ਘੋੜਿਆਂ ਦਾ ਵਪਾਰ।ਸਉਦਾਗਰੁ–ਘੋੜਿਆਂ ਦਾ ਵਪਾਰੀ।ਧਾਵੈ–ਦੌੜਦਾ (ਤੁਰ ਜਾਂਦਾ) ਹੈ।ਖਟੈ–ਕਮਾਉਂਦਾ ਹੈ।੨।ਬਿਖੁ–ਜਹਿਰ ਰੂਪ ਮਾਇਆ।ਸੰਚੈ–ਇਕੱਠੀ ਕਰਦਾ ਹੈ।ਹਟਵਾਣੀਆ–ਦੁਕਾਨਦਾਰ।ਹਾਟਿ–ਦੁਕਾਨ ਵਿਚ।ਲਪਟਾਇ–ਫਸਦਾ ਹੈ।੩।ਕੁਟੰਬੁ–ਪ੍ਰਵਾਰ।ਦੂਜੈ ਭਾਇ–(ਹਰੀ ਪ੍ਰੇਮ ਨੂੰ ਛਡ ਕੇ ਕਿਸੇ) ਦੂਜੇ ਦੇ ਪ੍ਰੇਮ ਵਿਚ।ਫਾਸ–ਫਾਹੀ; ਫਸਦਾ ਹੈ।ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ।ਗੁਰਮੁਖਿ –ਗੁਰੂ ਦੁਆਰਾ।ਪਰਗਾਸ–ਪ੍ਰਗਟ।੪।੩।੯।੪੭।

ਗਉੜੀ ਬੈਰਾਗਣਿ ਮਹਲਾ ੪ ॥ ਨਿਤ ਦਿਨਸੁ ਰਾਤਿ ਲਾਲਚੁ ਕਰੇ, ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ, ਸਿਰਿ ਭਾਰੁ ਉਠਾਇਆ ॥ ਜੋ ਗੁਰ ਕੀ ਜਨੁ ਸੇਵਾ ਕਰੇ, ਸੋ ਘਰ ਕੈ ਕੰਮਿ ਹਰਿ ਲਾਇਆ ॥੧॥ (ਜੀਵ) ਦਿਨ ਰਾਤ ਨਿੱਤ (ਖਾਣ ਪੀਣ, ਪਦਾਰਥ ਤੇ ਮਾਇਆ ਦਾ) ਲਾਲਚ ਕਰਦਾ ਹੈ ਤੇ (ਮਾਇਆ ਦਾ) ਭਰਮਾਇਆ ਭਰਮਦਾ ਫਿਰਦਾ ਹੈ।(ਅਜੇਹਾ ਮਨੁੱਖ) ਵਿਗਾਰੀ ਵਾਂਗ ਵਿਗਾਰ

ਵਾਲੇ ਕੰਮ ਕਰਦਾ ਫਿਰਦਾ ਹੈ ਤੇ ਸਿਰ ਉਤੇ (ਮੁਫਤ ਦਾ ਬਿਗਾਨਾ) ਬੋਝ ਉਠਾਇਆ ਹੋਇਆ ਹੈ; ਵਿਗਾਰੀ ਮਨੁੱਖ ਪ੍ਰਵਾਰ ਨੂੰ ਪਾਲਣ ਪੋਸਣ ਦੀ ਵਿਗਾਰ ਕਰਦਾ ਫਿਰਦਾ ਹੈ ਅਤੇ ਪਾਲਣ ਦਾ ਬੋਝ ਸਿਰ ਤੇ ਉਠਾਇਆ ਹੋਇਆ ਹੈ (ਟਕਸਾਲ)। ਜਿਹੜਾ ਸੇਵਕ ਗੁਰੂ ਦੀ ਸੇਵਾ ਕਰਦਾ ਹੈ, ਉਹ ਹਰੀ ਨੇ (ਅਪਣੇ) ਘਰ ਦੇ ਕੰਮ ਵਿਚ ਲਾਇਆ ਹੈ (ਵਿਗਾਰੀ ਵਾਂਗ ਵਿਗਾਰ ਦਾ ਕੰਮ ਨਹੀਂ, ਹਰੀ ਦਾ ਕੰਮ ਕਰ ਰਿਹਾ)।੧।

ਮੇਰੇ ਰਾਮ, ਤੋੜਿ ਬੰਧਨ ਮਾਇਆ, ਘਰ ਕੈ ਕੰਮਿ ਲਾਇ ॥ ਨਿਤ ਹਰਿ ਗੁਣ ਗਾਵਹ, ਹਰਿ ਨਾਮਿ ਸਮਾਇ ॥੧॥ਰਹਾਉ॥ ਹੇ ਮੇਰੇ ਰਾਮ! (ਅਰਦਾਸ ਹੈ ਕਿ ਮੇਰੇ) ਮਾਇਆ ਦੇ ਬੰਧਨ ਤੋੜ ਕੇ (ਅਪਣੇ) ਘਰ ਦੇ ਕੰਮ (ਸੇਵਾ) ਵਿਚ ਲਗਾ ਲੈ।(ਜਿਹੜੀ ਸੇਵਾ ਕਰਦੇ ਹੋਏ ਅਸੀਂ) ਨਿਤ ਹਰੀ ਦੇ ਗੁਣ ਗਾਉਂਦੇ ਰਹੀਏ ਅਤੇ ਹਰੀ ਦੇ ਨਾਮ ਵਿਚ ਸਮਾਏ ਰਹੀਏ।੧।ਰਹਾਉ।

ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ, ਅਰਥਿ ਸਭ ਮਾਇਆ ॥ ਕੈ ਬੰਧੈ ਕੈ ਡਾਨਿ ਲੇਇ, ਕੈ ਨਰਪਤਿ ਮਰਿ ਜਾਇਆ ॥ ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ, ਜਿਤੁ ਹਰਿ ਹਰਿ ਨਾਮੁ ਜਪਿ, ਹਰਿ ਸੁਖੁ ਪਾਇਆ ॥੨॥ ਮਨੁੱਖ ਮਾਇਆ ਲਈ ਰਾਜਿਆਂ ਮਹਾਂ ਰਾਜਿਆਂ ਦੀ ਨੌਕਰੀ ਕਰਦਾ ਹੈ।(ਕਿਸੇ ਗੁਨਾਹ ਦੇ ਕਾਰਣ ਬਾਦਸ਼ਾਹ ਉਸ ਨੂੰ) ਜਾਂ ਕੈਦ ਕਰਦਾ ਹੈ ਜਾਂ ਜੁਰਮਾਨਾ ਲੈਂਦਾ ਹੈ, ਜਾਂ ਆਪ ਬਾਦਸ਼ਾਹ ਮਰ ਜਾਂਦਾ ਹੈ (ਜਿਸ ਕਰਕੇ ਉਸਦੀ ਨੌਕਰੀ ਛੁਟ ਜਾਂਦੀ ਹੈ। ਇਸ ਦੇ ਮੁਕਾਬਲੇ ਤੇ) ਸਤਿਗੁਰੂ ਦੀ ਸੇਵਾ ਸਫਲ ਤੇ ਧੰਨਤਾ ਯੋਗ ਹੈ, ਜਿਸ ਸੇਵਾ ਰਾਹੀਂ ਹਰਿ ਹਰਿ ਨਾਮ ਜਪ ਕੇ ਹਰ ਤਰ੍ਹਾਂ ਦਾ ਸੁਖ ਪ੍ਰਾਪਤ ਹੁੰਦਾ ਹੈ।੨।

ਨਿਤ ਸਉਦਾ ਸੂਦੁ ਕੀਚੈ ਬਹੁ ਭਾਂਤਿ ਕਰਿ, ਮਾਇਆ ਕੈ ਤਾਈ ॥ ਜਾ ਲਾਹਾ ਦੇਇ ਤਾ ਸੁਖੁ ਮਨੇ, ਤੋਟੈ ਮਰਿ ਜਾਈ ॥ ਜੋ ਗੁਣ ਸਾਝੀ ਗੁਰ ਸਿਉ ਕਰੇ, ਨਿਤ ਨਿਤ ਸੁਖੁ ਪਾਈ ॥੩॥ ਮਾਇਆ ਦੀ ਪ੍ਰਾਪਤੀ ਲਈ (ਮਨੁੱਖ) ਬਹੁਤ ਤਰ੍ਹਾਂ ਦਾ ਸੌਦਾ ਕਰਦਾ ਹੈ ਤੇ ਸੂਦ ਕਮਾਉਂਦਾ ਹੈ। ਜੇ (ਉਹ ਸੌਦਾ ਤੇ ਸੂਦ ਦਾ ਵਪਾਰ) ਲਾਭ ਦੇਵੇ ਤਾਂ ਸੁਖ ਮੰਨਦਾ ਹੈ, ਜੇ ਘਾਟਾ ਪੈ ਜਾਵੇ ਤਾਂ (ਹਉਕੇ ਵਿਚ ਹੀ) ਮਰ ਜਾਂਦਾ ਹੈ। ਜਿਹੜਾ ਮਨੁੱਖ ਗੁਰੂ ਨਾਲ ਗੁਣਾਂ ਦੀ ਸਾਂਝ ਕਰਦਾ ਹੈ, ਉਹ ਹਰ ਰੋਜ ਸੁਖ ਪਾਉਂਦਾ ਹੈ।੩।

ਅੰਗ ੧੬੭ = ਜਿਤਨੀ ਭੂਖ ਅਨ ਰਸ ਸਾਦ ਹੈ, ਤਿਤਨੀ ਭੂਖ ਫਿਰਿ ਲਾਗੈ ॥ ਜਿਸੁ ਹਰਿ ਆਪਿ ਕ੍ਰਿਪਾ ਕਰੇ, ਸੋ ਵੇਚੇ ਸਿਰੁ ਗੁਰ ਆਗੈ ॥ ਜਨ ਨਾਨਕ ਹਰਿ ਰਸਿ ਤ੍ਰਿਪਤਿਆ, ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥ (ਜੀਵ ਨੂੰ) ਜਿਤਨੀ ਵੀ ਹੋਰ ਰਸਾਂ ਦੇ ਸੁਆਦ ਲੈਣ ਦੀ ਭੁੱਖ ਹੈ, (ਉਨ੍ਹਾਂ ਰਸਾਂ ਦਾ ਸੁਆਦ ਲੈਣ ਪਿੱਛੋਂ ਵੀ) ਉਤਨੀ ਹੀ ਭੁੱਖ ਮੁੜ ਲਗਦੀ ਹੈ। ਜਿਸ ਮਨੁੱਖ ਉਤੇ ਹਰੀ ਆਪ ਕ੍ਰਿਪਾ ਕਰਦਾ ਹੈ, ਉਹ ਗੁਰੂ ਅੱਗੇ (ਅਪਣਾ) ਸਿਰ ਵੇਚਦਾ ਹੈ (ਆਪਾ ਸਮੱਰਪਣ ਕਰਦਾ ਹੈ)। ਗੁਰੂ ਜੀ ਆਖਦੇ ਹਨ, (ਕਿ ਜਿਹੜਾ) ਸੇਵਕ ਹਰੀ ਦੇ ਰਸ ਨਾਲ ਰੱਜ ਗਿਆ ਹੈ, (ਉਸ ਨੂੰ ਪਦਾਰਥਾਂ ਦੀ) ਮੁੜ ਭੁੱਖ ਨਹੀਂ ਲਗਦੀ।੪।੪।੧੦।੪੮।

ਘਰਿ ਕੈ ਕੰਮਿ = ਹੇ ਹਰੀ! ਤੂੰ ਮੈਨੂੰ ਅਪਣੇ ਘਰ ਦੀ ਸੇਵਾ ਵਿਚ ਲਾ। ਹਰੀ ਦੀ ਸੇਵਾ ਅਪਣੇ ਘਰ ਦਾ ਕੰਮ ਹੈ, ਇਸ ਨਾਲ ਆਪਾ ਸੰਵਰਦਾ ਹੈ {ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ੭੨੭}। ਗੁਰੂ ਤੇ ਹਰੀ ਦੀ ਸੇਵਾ ਤੋਂ ਬਿਨਾ ਦੂਜੇ ਬਿਗਾਰ ਦੇ (ਪਰਾਏ) ਕੰਮ ਹਨ, ਜੋ ਬੱਧੇ ਵੱਸ ਕੀਤੇ ਜਾਂਦੇ ਹਨ ਭਾਵ ਜਬਰਦਸਤੀ ਹੁਕਮਨ ਕਰਾਏ ਜਾਂਦੇ ਹਨ {ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ। ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ} ਬਿਗਾਰ ਕਰਨ ਵਾਲੇ ਦੇ ਸਿਰ ਤੇ ਰੁਪੈ ਚੁਕਾਏ ਜਾਣ, ਤਾਂ ਉਸ ਨੂੰ ਕੀ ਲਾਭ? ਉਹ ਰੁਪੈ ਤਾਂ ਮਾਲਕ ਦੇ ਘਰ ਚਲੇ ਜਾਣੇ ਹਨ, ਬਿਗਾਰੀ ਨੂੰ ਤਾਂ ਮੁਫਤ ਦੀ ਖੇਚਲ ਹੀ ਉਠਾਣੀ ਪਈ।

ਪਦਾਰਥ = ਨਿਤ-ਹਰ ਰੋਜ; ਸਦਾ। ਭਰਮੈ-ਭਰਮਦਾ (ਭਟਕਦਾ) ਹੈ। ਵੇਗਾਰਿ-ਬਿਨਾ ਮਜਦੂਰੀ ਦਾ ਕੰਮ (ਅਫਸਰਾਂ ਵਲੋਂ ਲੋਕਾਂ ਤੋਂ ਹੁਕਮ ਦੇ ਕੇ ਕਰਾਇਆ ਮੁਫਤ ਦਾ ਕੰਮ)। ਵੇਗਾਰੀਆ-ਬਿਗਾਰ ਵਿਚ ਕੰਮ ਕਰਨ ਵਾਲਾ ਮਨੁੱਖ। ਸਿਰਿ-ਸਿਰ ਉਤੇ। ਘਰ ਕੈ ਕੰਮਿ-ਅਪਣੇ ਘਰ ਦੇ ਕੰਮ ਵਿਚ।੧। ਗਾਵਹ-ਅਸੀਂ ਗਾਈਏ। ਸਮਾਇ-ਲੀਨ ਹੋਈਏ।੧। ਰਹਾਉ। ਅਰਥਿ-ਲਈ। ਕੈ-ਜਾਂ। ਬੰਧੈ-ਕੈਦ ਕਰਦਾ ਹੈ। ਡਾਨਿ ਲੇਇ-ਜੁਰਮਾਨਾ ਲੈਂਦਾ ਹੈ। ਜਿਤੁ-ਜਿਸ ਦੀ ਰਾਹੀਂ। ਹਰਿ ਸੁਖੁ-ਹਰ ਤਰ੍ਹਾਂ ਦਾ ਸੁਖ।੨। ਸਉਦਾ-ਵਪਾਰ। ਸੂਦੁ-ਵਿਆਜ ਕਮਾਉਣ ਦਾ ਵਪਾਰ। ਕੀਚੈ-ਕਰਦਾ ਹੈ। ਬਹੁ ਭਾਤ ਕਰਿ-ਕਈ ਕਿਸਮ ਦਾ। ਕੈ ਤਾਈ-ਦੇ ਲਈ। ਜਾ-ਜੇ। ਲਾਹਾ-ਲਾਭ। ਮਨੇ-ਮੰਨਦਾ ਹੈ। ਤੋਟੈ-ਘਾਟੇ ਕਾਰਣ। ਸਾਝੀ-ਭਾਈਵਾਲੀ। ਸਿਉ-ਨਾਲ।੩। ਅਨ ਰਸ-ਹੋਰ ਰਸਾਂ ਦੀ। ਸਾਦ-ਸੁਆਦ। ਫਿਰਿ-ਮੁੜ।੪ ।੪।੧੦ ।੪੮।

ਨਰਪਤਿ ਰਾਜੇ ਤੇ ਨਰੁ ਪ੍ਰਾਣੀ ਮੁਹਾਵਰਿਆਂ ਦੇ ਪਦ ਹਨ, ਜਿਵੇਂ ਪਾਣੀ ਧਾਣੀ ਕਹਿ ਦੇਈਦਾ ਹੈ। ਨਰਪਤਿ ਰਾਜੇ ਦਾ ਅਰਥ ਰਾਜੇ ਮਹਾਂ ਰਾਜੇ ਤੇ ਨਰੁ ਪ੍ਰਾਣੀ ਦਾ ਅਰਥ ਪ੍ਰਾਣ ਧਾਰੀ ਮਨੁੱਖ ਵੀ ਕੀਤਾ ਜਾਂਦਾ ਹੈ।

ਉਥਾਨਕਾ = ਇਸ ਸ਼ਬਦ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਗੁਰ ਗੱਦੀ ਦੀ ਪ੍ਰਾਪਤੀ ਤੋਂ ਪਹਿਲਾਂ ਦੀ ਅਵਸਥਾ ਵਰਨਣ ਕਰਦੇ ਹਨ। ਸਾਰੇ ਸ਼ਬਦ ਵਿਚ ਅੱਤ ਦੀ ਨਿਮ੍ਰਤਾ ਹੈ, ਗੁਰੂ ਅਮਰਦਾਸ ਜੀ ਨੇ ਮੇਰੀ ਸੇਵਾ ਤੋਂ ਪ੍ਰਸੰਨ ਹੋ ਕੇ ਤੇ ਬਖਸ਼ਿਸ਼ ਕਰਕੇ ਗੁਰ ਗੱਦੀ ਤੇ ਬਿਰਾਜਮਾਨ ਕਰ ਦਿਤਾ। ਸ਼ਬਦ ਵਿਚ ਗੁਰੂ ਅਮਰਦਾਸ ਜੀ ਦਾ ਧੰਨਵਾਦ ਅਤੇ ਉਨ੍ਹਾਂ ਦੇ ਉਪਕਾਰਾਂ ਦਾ ਵਰਨਣ ਹੈ।

ਗਉੜੀ ਬੈਰਾਗਣਿ ਮਹਲਾ ੪ ॥ ਹਮਰੈ ਮਨਿ ਚਿਤਿ ਹਰਿ ਆਸ ਨਿਤ, ਕਿਉ ਦੇਖਾ ਹਰਿ ਦਰਸੁ ਤੁਮਾਰਾ ॥ ਜਿਨਿ ਪ੍ਰੀਤਿ ਲਾਈ ਸੋ

ਜਾਣਤਾ, ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥ ਹਉ ਕੁਰਬਾਨੀ ਗੁਰ ਆਪਣੇ, ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥੧ ॥ ਹੇ ਹਰੀ! ਸਾਡੇ ਮਨ ਤੇ ਚਿਤ ਵਿਚ ਸਦਾ (ਇਹ) ਆਸ ਲੱਗੀ ਰਹਿੰਦੀ ਹੈ ਕਿ ਹੇ ਹਰੀ! ਮੈਂ ਆਪ ਜੀ ਦਾ ਦਰਸ਼ਨ ਕਿਵੇਂ ਦੇਖਾਂ ? ਜਿਸ ਹਰੀ ਨੇ (ਸਾਡੇ ਅੰਦਰ) ਪ੍ਰੀਤੀ ਲਗਾਈ ਹੈ; ਜਿਸ (ਪੁਰਖ) ਨੇ ਪ੍ਰੀਤ ਲਾਈ ਹੈ, ਉਹ ਹੀ ਜਾਣਦਾ ਹੈ, ਸਾਡੇ ਮਨ ਤੇ ਚਿਤ ਵਿਚ ਹਰੀ ਬਹੁਤ ਪਿਆਰਾ ਹੈ।ਮੈਂ ਅਪਣੇ ਗੁਰੂ ਤੋਂ ਕੁਰਬਾਨ ਹਾਂ, ਜਿਸ ਨੇ (ਮੈਨੂੰ) ਮੇਰਾ ਵਿਛੜਿਆ ਹੋਇਆ ਕਰਤਾਰ ਮਿਲਾ ਦਿਤਾ ਹੈ।੧।

ਮੇਰੇ ਰਾਮ, ਹਮ ਪਾਪੀ, ਸਰਣਿ ਪਰੇ ਹਰਿ ਦੁਆਰਿ ॥ ਮਤੁ ਨਿਰਗੁਣ ਹਮ ਮੇਲੈ ਕਬਹੂੰ ,ਅਪਨੀ ਕਿਰਪਾ ਧਾਰਿ ॥੧॥ਰਹਾਉ॥ ਹੇ ਮੇਰੇ ਰਾਮ! ਅਸੀਂ ਪਾਪੀ ਹਾਂ, ਹੇ ਹਰੀ! (ਅਸੀਂ) ਤੇਰੀ ਸ਼ਰਣ ਵਿਚ ਤੇਰੇ ਦਰ ਤੇ ਆ ਪਏ ਹਾਂ।ਮੱਤਾਂ ਅਪਣੀ ਕ੍ਰਿਪਾ ਧਾਰ ਕੇ ਸਾਨੂੰ ਗੁਣਾਂ ਤੋਂ ਹੀਣਿਆਂ ਨੂੰ (ਤੂੰ ਅਪਣੇ ਨਾਲ) ਮਿਲਾ ਲਵੇਂ।੧।ਰਹਾਉ।

ਹਮਰੇ ਅਵਗੁਣ ਬਹੁਤੁ ਬਹੁਤੁ ਹੈ, ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ, ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥ ਹੇ ਹਰੀ! ਸਾਡੇ ਔਗੁਣ ਬਹੁਤ ਤੋਂ ਬਹੁਤ ਹਨ, ਬਹੁਤ ਬਾਰ ਬਾਰ (ਜਨਮ ਲੈ ਕੇ ਕੀਤੇ ਹੋਏ ਔਗਣਾਂ ਦੀ) ਗਿਣਤੀ ਨਹੀਂ ਆ ਸਕਦੀ।ਹੇ ਹਰੀ! ਤੂੰ ਗੁਣਾਂ ਵਾਲਾ ਹੈਂ, ਹੇ ਹਰੀ ਤੂੰ ਦਇਆ ਕਰਨ ਵਾਲਾ ਹੈਂ, ਹੇ ਹਰੀ! (ਜੇ ਤੈਨੂੰ) ਭਾਵੇ, (ਤਾਂ ਤੂੰ) ਆਪੇ ਬਖਸ਼ ਲੈਂਦਾ ਹੈਂ।ਅਸੀਂ ਅਪਰਾਧੀ ਸਾਂ, (ਸਾਨੂੰ ਹਰੀ ਨੇ) ਗੁਰੂ ਦੀ ਸੰਗਤ ਵਿਚ ਰੱਖਿਆ, (ਗੁਰੂ ਨੇ ਸਾਨੂੰ ਇਹ) ਉਪਦੇਸ਼ ਦਿਤਾ ਕਿ ਹਰੀ ਦਾ ਨਾਮ (ਪਾਪਾਂ ਦੇ ਬੰਧਨਾਂ ਤੋਂ) ਛੁਡਾਉਂਦਾ ਹੈ।੨।

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ, ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ, ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ, ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥ ਹੇ ਮੇਰੇ ਸਤਿਗੁਰੂ! ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣ ਆਖਾਂ? ਜਦ (ਅਸੀਂ) ਗੁਰੂ ਗੁਰੂ ਜਪਦੇ ਹਾਂ; ਜਦ ਗੁਰੂ ਜੀ ਬੋਲਦੇ (ਉਪਦੇਸ਼ ਕਰਦੇ) ਹਨ, ਤਦ ਬਿਸਮਾਦ ਅਵਸਥਾ ਵਿਚ ਲੀਨ ਹੋ ਜਾਈਦਾ ਹੈ।ਸਾਡੇ ਵਰਗੇ ਅਪਰਾਧੀਆਂ ਨੂੰ ਕੋਈ ਹੋਰ ਵੀ ਰੱਖ (ਬਚਾ) ਸਕਦਾ ਹੈ? ਜਿਵੇਂ ਸਤਿਗੁਰੂ ਨੇ ਸਾਨੂੰ (ਸਾਰੇ ਬੰਧਨਾਂ ਤੋਂ) ਛਡਾ ਕੇ (ਅਪਣੀ ਸ਼ਰਣ ਵਿਚ) ਰੱਖ ਲਿਆ ਹੈ।ਹੇ ਗੁਰੂ! ਤੂੰ ਹੀ ਮੇਰਾ ਪਿਤਾ ਹੈਂ, ਹੇ ਗੁਰੂ! ਤੂੰ ਹੀ ਮੇਰੀ ਮਾਤਾ ਹੈਂ, ਹੇ ਗੁਰੂ! ਤੂੰ ਹੀ ਮੇਰਾ ਰਿਸ਼ਤੇਦਾਰ ਤੇ ਸਹਾਇਤਾ ਕਰਨ ਵਾਲਾ ਮਿਤ੍ਰ ਹੈਂ।੩।

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ, ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ, ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥ ਜੋ ਸਾਡੀ ਹਾਲਤ ਹੁੰਦੀ ਸੀ, ਹੇ ਮੇਰੇ ਸਤਿਗੁਰੂ! ਹੇ ਹਰੀ! ਉਹ ਹਾਲਤ ਤੁਸੀਂ ਆਪ ਹੀ ਜਾਣਦੇ ਹੋ।ਅਸੀਂ ਰੁਲਦੇ ਫਿਰਦੇ ਸਾਂ, ਕੋਈ ਬਾਤ ਵੀ ਨਹੀਂ ਸੀ ਪੁਛਦਾ (ਪ੍ਰਵਾਹ ਨਹੀਂ ਸੀ ਕਰਦਾ, ਪਰ) ਪੂਜਨੀਕ ਸਤਿਗੁਰੂ ਦੀ ਸੰਗਤ ਕਰਕੇ ਅਸੀਂ ਕੀੜੇ (ਨਿਮਾਣੇ ਜਿਹੇ) ਉਚੀ ਪਦਵੀ (ਗੁਰ ਗੱਦੀ) ਤੇ ਸਥਾਪਨ ਕੀਤੇ ਗਏ ਹਾਂ।ਦਾਸ ਨਾਨਕ ਦਾ ਗੁਰੂ ਧੰਨ ਹੈ ਧੰਨ ਹੈ (ਗੁਰੂ ਰਾਮਦਾਸ ਜੀ ਆਖ ਰਹੇ ਹਨ ਕਿ ਮੈਂ ਦਾਸ ਦਾ ਗੁਰੂ ਨਾਨਕ ਦੇਵ ਧੰਨ ਹੈ ਧੰਨ ਹੈ), ਜਿਸ (ਗੁਰੂ) ਨੂੰ ਮਿਲਣ ਨਾਲ ਸਾਰੇ ਦੁੱਖ ਕਲੇਸ਼ ਦੂਰ ਹੋ ਗਏ ਹਨ।੪। ੫।੧੧।੪੯।

ਪਦਾਰਥ = ਦੇਖਾਂ–ਮੈਂ ਦੇਖਾਂ।ਜਿਨਿ–ਜਿਸ ਹਰੀ ਨੇ।ਸੋ–ਉਹ।੧।ਦੁਆਰਿ–ਦਰ ਤੇ।ਮਤੁ–ਮੱਤਾਂ; ਸ਼ਾਇਦ।ਮੇਲੈ–ਮਿਲਾ ਲਵੇਂ। ਧਾਰਿ–ਕਰ (ਧਾਰ) ਕੇ।੧।ਰਹਾਉ।ਗਣਤ ਨ ਆਵੈ–ਗਿਣਤੀ ਨਹੀਂ ਹੋ ਆਉਂਦੀ।ਭਾਵੈ–ਚੰਗਾ ਲਗਦਾ ਹੈ।ਅਪਰਾਧੀ–ਪਾਪੀ।੨। ਕਹਾ–ਮੈਂ ਆਖਾਂ।ਗੁਰੁ ਬੋਲਹ–ਅਸੀਂ ਗੁਰੂ ਗੁਰੂ ਬੋਲਦੇ (ਜਪਦੇ) ਹਾਂ; ਗੁਰੂ ਬੋਲਦਾ (ਪ੍ਰਬਚਨ ਕਰਦਾ) ਹੈ।ਬਿਸਮ–ਅਨੰਦ ਦੇਣ ਵਾਲੀ ਅਸਚਰਜ ਅਵਸਥਾ।ਹਮ ਜੈਸੇ–ਸਾਡੇ ਵਰਗੇ।ਅਵਰੁ–ਹੋਰ।ਬੰਧਪੁ–ਰਿਸ਼ਤੇਦਾਰ।ਸਖਾ–ਮਿੱਤ੍ਰ।ਸਖਾਇ–ਸਹਾਈ।੩।ਬਿਧਿ–ਹਾਲਤ। ਹੋਤੀ–ਹੁੰਦੀ ਸੀ।ਸਾ–ਉਹ।ਕੀਰੇ–ਕੀੜੇ; ਨਿਮਾਣੇ; ਨਾਚੀਜ ਜਿਹੇ।ਥਾਪੇ–ਸਥਾਪਨ ਕੀਤੇ।ਜਨ ਕੇਰਾ–ਸੇਵਕਾਂ ਦਾ।ਜਿਤੁ–ਜਿਸ (ਗੁਰੂ) ਨੂੰ।ਚੂਕੇ–ਦੂਰ ਹੋ ਗਏ।ਸੋਗ–ਗਮ; ਚਿੰਤਾ।ਸੰਤਾਪੇ–ਮਾਨਸਕ ਦੁੱਖ; ਕਲੇਸ਼।੪।੫।੧੧।੪੯।

ਨੋਟ = ਹਮਰੈ, ਹਮਾਰੇ ਤੇ ਹਮ ਦੇ ਅਰਥ ਬੇਸ਼ਕ 'ਸਾਡੇ' ਹਨ, ਪਰ ਇਹ ਮੈਂ ਤੇ ਮੇਰੇ ਦੇ ਅਰਥ ਬੋਧਕ ਹਨ।ਇਸ ਦੀ ਪੁਸ਼ਟੀ ਸ਼ਬਦ ਵਿਚ ਵਰਤੇ 'ਹਉ' ਤੇ 'ਮੇਰੇ' ਤੋਂ ਹੁੰਦੀ ਹੈ।

ਹਰਿ ਭਾਵੈ = ੧. ਹੇ ਹਰੀ! (ਜਿਹੜਾ ਪੁਰਖ ਤੈਨੂੰ) ਚੰਗਾ ਲਗਦਾ ਹੈ, (ਉਸ ਨੂੰ ਤੂੰ) ਆਪੇ ਬਖਸ਼ ਲੈਂਦਾ ਹੈਂ।੨. (ਜਿਸ ਨੂੰ) ਹਰੀ ਦਾ ਭਜਨ ਕਰਨਾ ਚੰਗਾ ਲਗਦਾ ਹੈ, ਹੇ ਹਰੀ! (ਉਸ ਨੂੰ ਤੂੰ) ਆਪੇ ਬਖਸ਼ ਲੈਂਦਾ ਹੈਂ (ਸੰ. ਸ.; ਫ. ਸ.)।

ਗਉੜੀ ਬੈਰਾਗਣਿ ਮਹਲਾ ੪ ॥ਕੰਚਨ ਨਾਰੀ ਮਹਿ ਜੀਉ ਲੁਭਤੁ ਹੈ, ਮੋਹੁ ਮੀਠਾ ਮਾਇਆ ॥ ਘਰ ਮੰਦਰ ਘੋੜੇ ਖੁਸੀ, ਮਨੁ ਅਨ ਰਸਿ ਲਾਇਆ ॥ ਹਰਿ ਪ੍ਰਭੁ ਚਿਤਿ ਨ ਆਵਈ, ਕਿਉ ਛੂਟਾ ਮੇਰੇ ਹਰਿ ਰਾਇਆ ॥੧॥ (ਸਾਡਾ) ਮਨ ਸੋਨੇ ਤੇ ਇਸਤ੍ਰੀ ਵਿਚ ਲੁਭਾਇਮਾਨ ਹੈ, ਅਤੇ ਮਾਇਆ ਦਾ ਮੋਹ ਵੀ ਮਿੱਠਾ ਲਗਦਾ ਹੈ।ਘਰਾਂ ਮੰਦਰਾਂ ਤੇ ਘੋੜਿਆਂ ਦੀ ਖੁਸ਼ੀ ਤੇ ਹੋਰ ਰਸਾਂ ਵਿਚ ਮਨ ਨੂੰ ਲਾਇਆ ਹੋਇਆ

ਹੈ।(ਜਿਸ ਦੇ ਕਾਰਣ) ਹਰੀ ਪ੍ਰਭੂ ਚਿਤ ਵਿਚ ਨਹੀਂ ਆ ਰਿਹਾ, ਹੇ ਮੇਰੇ ਹਰੀ ਰਾਜਾ! (ਮੈਂ ਇਨ੍ਹਾਂ ਚੀਜਾਂ ਤੋਂ) ਕਿਵੇਂ ਮੁਕਤ ਹੋਵਾਂ? ।੧।

ਮੇਰੇ ਰਾਮ, ਇਹ ਨੀਚ ਕਰਮ ਹਰਿ ਮੇਰੇ ॥ ਗੁਣਵੰਤਾ ਹਰਿ ਹਰਿ ਦਇਆਲੁ ,ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ॥ ਹੇ ਮੇਰੇ ਰਾਮ! ਹੇ ਹਰੀ! ਮੇਰੇ ਇਹ ਨੀਚ ਕਰਮ ਹਨ। ਹੇ ਹਰੀ! ਤੂੰ ਗੁਣਾਂ ਵਾਲਾ ਹੈਂ ਤੇ ਦਇਆ ਕਰਨ ਵਾਲਾ ਹੈਂ, ਕਿਰਪਾ ਕਰਕੇ ਮੇਰੇ ਸਾਰੇ ਔਗਣ ਬਖਸ਼ (ਮੁਆਫ ਕਰ) ਦੇ।੧।ਰਹਾਉ।

ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ, ਕਿਛੁ ਢੰਗੁ ਨ ਮੇਰਾ ॥ ਕਿਆ ਮੁਹੁ ਲੈ ਬੋਲਹ ਗੁਣ ਬਿਹੂਨ, ਨਾਮੁ ਜਪਿਆ ਨ ਤੇਰਾ ॥ ਹਮ ਪਾਪੀ ਸੰਗਿ ਗੁਰ ਉਬਰੇ, ਪੁੰਨੁ ਸਤਿਗੁਰ ਕੇਰਾ ॥੨॥ ਮੇਰਾ ਨਾ ਕੋਈ ਸੁੰਦਰ ਰੂਪ ਹੈ, ਨਾ (ਉਚੀ) ਜਾਤ ਹੈ ਅਤੇ ਨਾ ਕੋਈ (ਚੰਗਾ) ਆਚਰਣ ਹੈ।(ਮੈਂ) ਗੁਣਾਂ ਤੋਂ ਵਿਹੂਣਾ ਕੀ ਮੂੰਹ ਲੈ ਕੇ (ਆਪ ਜੀ ਦੇ ਸਾਹਮਣੇ) ਬੋਲਾਂ (ਗੱਲ ਕਰਾਂ) ਅਤੇ ਨਾ ਹੀ ਤੇਰਾ ਨਾਮ ਜਪਿਆ ਹੈ।ਅਸੀਂ ਪਾਪੀ ਗੁਰੂ ਨਾਲ ਲੱਗ ਕੇ (ਪਾਪਾਂ ਤੋਂ) ਬਚ ਗਏ ਹਾਂ, ਇਹ ਪੁੰਨ (ਉਪਕਾਰ) ਸਤਿਗੁਰੂ ਦਾ ਹੈ।੨।

ਸਭੁ ਜੀਉ ਪਿੰਡੁ ਮੁਖੁ ਨਕੁ ਦੀਆ, ਵਰਤਣ ਕਉ ਪਾਣੀ ॥ ਅੰਨੁ ਖਾਣਾ ਕਪੜੁ ਪੈਨਣੁ ਦੀਆ, ਰਸ ਅਨਿ ਭੋਗਾਣੀ ॥ ਜਿਨਿ ਦੀਏ ਸੁ ਚਿਤਿ ਨ ਆਵਈ, ਪਸੂ ਹਉ ਕਰਿ ਜਾਣੀ ॥੩॥ (ਵਾਹਿਗੁਰੂ ਨੇ ਸਭ ਜੀਵਾਂ ਨੂੰ) ਜਿੰਦ, ਸਰੀਰ, ਮੂੰਹ ਤੇ ਨੱਕ ਆਦਿ ਸਭ (ਅੰਗ) ਦਿਤੇ ਹਨ ਅਤੇ ਵਰਤਣ ਲਈ ਪਾਣੀ ਵੀ ਦਿਤਾ ਹੈ।ਅਤੇ ਖਾਣ ਲਈ ਅੰਨ ਤੇ ਪਹਿਨਣ ਲਈ ਕੱਪੜਾ ਦਿਤਾ ਅਤੇ ਅਨੇਕਾਂ ਰਸ ਭੋਗਣ ਲਈ ਦਿਤੇ।ਜਿਸ ਵਾਹਿਗੁਰੂ ਨੇ (ਜੀਵਾਂ ਨੂੰ ਇਹ ਸਭ ਕੁਛ) ਦਿਤਾ ਹੈ, ਉਹ ਚੇਤੇ ਹੀ ਨਹੀਂ ਆਉਂਦਾ, (ਇਨ੍ਹਾਂ ਸਭ ਪਦਾਰਥਾਂ ਨੂੰ ਇਹ) ਪਸ਼ੂ ਮੈਂ ਪੈਦਾ ਕੀਤੇ ਕਰਕੇ ਜਾਣਦਾ ਹਾਂ; ਹਉਮੈ ਕਰਕੇ ਅਪਣੇ (ਬਣਾਏ) ਸਮਝਦਾ ਹੈ।੩।

ਸਭੁ ਕੀਤਾ ਤੇਰਾ ਵਰਤਦਾ, ਤੂੰ ਅੰਤਰਜਾਮੀ ॥ ਹਮ ਜੰਤ ਵਿਚਾਰੇ ਕਿਆ ਕਰਹ, ਸਭੁ ਖੇਲੁ ਤੁਮ ਸੁਆਮੀ ॥ ਜਨ ਨਾਨਕੁ ਹਾਟਿ ਵਿਹਾਝਿਆ, ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥ (ਹੁਣ ਜੀਵਾਂ ਦੇ ਬੇ ਬਸੀ ਪ੍ਰਗਟ ਕਰਦੇ ਹਨ, ਹੇ ਵਾਹਿਗੁਰੂ!) ਸਭ ਤੇਰਾ ਕੀਤਾ ਵਰਤ ਰਿਹਾ ਹੈ ਅਤੇ ਤੂੰ ਸਭ ਦੇ ਦਿਲ ਦੀ ਜਾਨਣ ਵਾਲਾ ਹੈਂ।ਅਸੀਂ ਜੰਤ ਵਿਚਾਰੇ ਕੀ ਕਰ ਸਕਦੇ ਹਾਂ, ਹੇ ਮਾਲਕ! (ਇਹ) ਸਾਰਾ ਖੇਲ ਤੇਰਾ ਹੀ ਹੈ।ਦਾਸ ਨਾਨਕ (ਸਤ ਸੰਗਤ ਦੀ) ਦੁਕਾਨ ਤੋਂ ਮੁੱਲ ਖ੍ਰੀਦਿਆ ਹੋਇਆ (ਤੇਰੇ) ਗੁਲਾਮਾਂ ਦਾ ਗੁਲਾਮ ਹੈ।੪।੬। ੧੨।੫੦।

ਪਦਾਰਥ = ਕੰਚਨ–ਸੋਨਾ।ਨਾਰੀ–ਇਸਤ੍ਰੀ।ਜੀਉ–ਮਨ।ਲੁਭਤੁ–ਲੁਭਾਇਮਾਨ।ਘਰ–ਕੱਚੇ ਮਕਾਨ।ਮੰਦਰ–ਪੱਕੇ ਮਕਾਨ।ਅਨਰਸ–ਹੋਰ ਸੁਆਦਾਂ ਵਿਚ।ਚਿਤਿ–ਚਿਤ ਵਿਚ।ਛੂਟਾ–ਕਿਵੇਂ ਛੁੱਟਾਂ (ਮੁਕਤ ਹੋਵਾਂ)।ਹਰਿ ਰਾਇਆ–ਹਰੀ ਰਾਜਾ।੧।ਬਖਸਿ–ਬਖਸ਼ (ਮੁਆਫ ਕਰ) ਦੇ ।੧।ਰਹਾਉ।ਢੰਗੁ–ਆਚਰਣ; ਜਿਉਣ ਦਾ ਢੰਗ।ਬਿਹੂਨ–ਖਾਲੀ; ਬਿਨਾ।ਉਬਰੇ–ਤਰ ਗਏ; (ਪਾਪਾਂ ਤੋਂ) ਬਚ ਗਏ ਹਾਂ।ਪੁੰਨੁ –ਭਲਾਈ; ਨੇਕੀ।ਕੇਰਾ–ਦਾ।੨।ਜੀਉ–ਜਿੰਦ; ਜੀਵਾਂ ਨੂੰ।ਪਿੰਡੁ–ਸਰੀਰ।ਮੁਖੁ–ਮੂੰਹ।ਕਉ–ਨੂੰ; ਵਾਸਤੇ।ਰਸ ਅਨਿ–ਅਨੇਕਾਂ ਰਸ। ਭੋਗਾਣੀ–ਭੋਗਣ ਲਈ।ਜਿਨਿ–ਜਿਸ ਨੇ।ਸੁ–ਉਹ।ਪਸੂ–ਮਹਾਂ ਮੂਰਖ।ਹਉ ਕਰਿ–ਮੈਂ (ਕੀਤਾ) ਕਰਕੇ।੩।ਜੰਤ–ਜੀਵ।ਵਿਚਾਰੇ–ਨਿਮਾਣੇ।ਤੁਮ–ਤੇਰਾ।ਹਾਟਿ–ਦੁਕਾਨ (ਮੰਡੀ) ਤੋਂ।ਵਿਹਾਝਿਆ–ਖ੍ਰੀਦਿਆ ਹੋਇਆ।ਗੁਲਮ ਗੁਲਾਮੀ–ਗੁਲਾਮਾਂ ਦਾ ਗੁਲਾਮ।੪।੬। ੧੨।੫੦।

ਅੰਗ ੧੬੮ = ਗਉੜੀ ਬੈਰਾਗਣਿ ਮਹਲਾ ੪ ॥ ਜਿਉ ਜਨਨੀ ਸੁਤੁ ਜਣਿ ਪਾਲਤੀ, ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ,ਖਿਨੁ ਖਿਨੁ ਪੋਚਾਰਿ ॥ਤਿਉ ਸਤਿਗੁਰੁ ਗੁਰਸਿਖ ਰਾਖਤਾ, ਹਰਿ ਪ੍ਰੀਤਿ ਪਿਆਰਿ ॥੧॥ ਜਿਵੇਂ ਮਾਂ ਪੁਤ੍ਰ ਨੂੰ ਜਨਮ ਦੇ ਕੇ ਪਾਲਦੀ ਹੈ ਅਤੇ ਅਪਣੀ ਨਿਗ੍ਹਾ ਵਿਚ ਰੱਖਦੀ ਹੈ।(ਘਰ ਵਿਚ) ਅੰਦਰ ਬਾਹਰ ਜਾਂਦੀ (ਪੁਤ੍ਰ ਨੂੰ) ਮੂੰਹ ਵਿਚ ਭੋਜਨ ਦੇਂਦੀ ਹੈ ਅਤੇ ਘੜੀ ਮੁੜੀ ਪੁਚਕਾਰਦੀ ਰਹਿੰਦੀ ਹੈ {ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ ੯੭੨}।ਤਿਵੇਂ ਸਤਿਗੁਰੂ ਗੁਰਸਿੱਖ ਨੂੰ (ਅਪਣੀ ਸੰਭਾਲ ਵਿਚ) ਰੱਖਦਾ ਹੈ ਅਤੇ ਪਿਆਰ ਨਾਲ ਹਰੀ ਦੀ ਪ੍ਰੀਤ (ਰੂਪ ਆਤਮਕ ਖੁਰਾਕ) ਦੇਂਦਾ ਹੈ।੧।

ਮੇਰੇ ਰਾਮ, ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥ ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥ ਹੇ ਮੇਰੇ ਰਾਮ! ਅਸੀਂ ਹਰੀ ਪ੍ਰਭੂ ਦੇ ਇਆਣੇ ਬੱਚੇ ਹਾਂ।ਗੁਰੂ ਧੰਨਤਾ ਦੇ ਯੋਗ ਹੈ, ਉਪਦੇਸ਼ ਦੇਣ ਵਾਲਾ ਪੂਜਨੀਕ ਸਤਿਗੁਰੂ ਧੰਨ ਹੈ, ਜਿਸ ਨੇ (ਸਾਨੂੰ) ਹਰੀ ਨਾਮ ਦਾ ਉਪਦੇਸ਼ ਦੇ ਕੇ ਸਿਆਣੇ ਕਰ (ਗਿਆਨ ਵਾਨ ਬਣਾ) ਦਿਤਾ।੧।ਰਹਾਉ।

ਜੈਸੀ ਗਗਨਿ ਫਿਰੰਤੀ ਊਡਤੀ, ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ, ਨਿਤ ਹਿਰਦੈ ਸਾਰਿ ਸਮਾਲੀ ॥ ਤਿਉ ਸਤਿ ਗੁਰ ਸਿਖ ਪ੍ਰੀਤਿ ਹਰਿ ਹਰਿ ਕੀ, ਗੁਰੁ ਸਿਖ ਰਖੈ ਜੀਅ ਨਾਲੀ ॥੨॥ ਜਿਸ ਤਰ੍ਹਾਂ ਅਕਾਸ਼ ਵਿਚ ਚਿੱਟੇ ਕਪੜਿਆਂ (ਖੰਭਾਂ) ਵਾਲੀ ਕੂੰਜ ਉਡਦੀ ਫਿਰਦੀ ਹੈ।ਉਹ ਅਪਣਾ ਚਿੱਤ (ਧਿਆਨ) ਪਿੱਛੇ ਛੱਡੇ ਬੱਚਿਆਂ ਵਿਚ ਰੱਖਦੀ ਹੈ ਅਤੇ ਦਿਲ ਵਿਚ ਨਿੱਤ ਯਾਦ ਰਖਦੀ ਹੈ ।ਤਿਵੇਂ ਸਤਿਗੁਰੂ ਦੇ ਸਿੱਖਾਂ ਨੂੰ ਹਰਿ ਹਰਿ ਨਾਮ ਦੀ ਪ੍ਰੀਤ ਹੈ, ਸਿੱਖ ਨੂੰ (ਕੂੰਜ ਵਾਂਗ) ਗੁਰੂ ਅਪਣੇ ਦਿਲ ਨਾਲ (ਯਾਦ) ਰੱਖਦਾ ਹੈ।੨

ਜੈਸੇ ਕਾਤੀ ਤੀਸ ਬਤੀਸ ਹੈ, ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ ॥ ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ, ਸਭ ਵਸਗਤਿ ਹੈ ਹਰਿ ਕੇਰੀ ॥ ਤਿਉ ਸੰਤ ਜਨਾ ਨਰ ਨਿੰਦਾ ਕਰਹਿ, ਹਰਿ ਰਾਖੈ ਪੈਜ ਜਨ ਕੇਰੀ ॥੩॥ ਜਿਵੇਂ ਤੀਹ ਬੱਤੀ ਦੰਦਾਂ ਦੀ (ਮਾਨੋ ਇਕ) ਕੈਂਚੀ

ਹੈ ,(ਹਰੀ ਨੇ ਉਸ ਕੈਂਚੀ) ਵਿਚ ਮਾਸ ਤੇ ਲਹੂ ਦੀ ਬਣੀ ਰਸਨਾ ਨੂੰ ਰੱਖਿਆ ਹੋਇਆ ਹੈ; (ਹਰੀ ਦੰਦਾਂ) ਵਿਚ ਮਾਸ ਤੇ ਲਹੂ ਦੀ ਬਣੀ ਜੀਭ ਦੀ ਰੱਖਿਆ ਕਰਦਾ ਹੈ।ਕੋਈ (ਵਿਚਾਰ ਕੇ) ਜਾਣੋ ਕਿ ਮਾਸ ਦੀ ਜੀਭ ਤੇ ਦੰਦਾਂ ਦੀ ਕੈਂਚੀ ਦੇ ਹੱਥ ਵਿਚ ਕੁਛ ਹੈ? (ਨਾ ਜੀਭ ਆਪ ਬਚਾਓ ਕਰ ਸਕਦੀ ਹੈ ਤੇ ਨਾ ਦੰਦਾਂ ਦੀ ਕੈਂਚੀ ਜੀਭ ਨੂੰ ਕੱਟ ਸਕਦੀ ਹੈ, ਇਹ ਤਾਂ) ਸਭ ਕੁਛ ਹਰੀ ਦੇ ਵੱਸ ਵਿਚ ਹੈ (ਜੋ ਜੀਭ ਦੀ ਰੱਖਿਆ ਕਰਦਾ ਹੈ)।ਇਸੇ ਤਰ੍ਹਾਂ ਸੰਤ ਜਨਾਂ ਦੀ (ਕਈ) ਲੋਕ ਨਿੰਦਾ ਕਰਦੇ ਹਨ, (ਪਰ) ਹਰੀ ਅਪਨੇ ਸੇਵਕਾਂ ਦੀ ਪੈਜ ਰਖਦਾ ਹੈ (ਜਿਵੇਂ ਦੰਦਾਂ ਦੇ ਵਿਚਾਲੇ ਜੀਭ ਦੀ ਰੱਖਿਆ ਕਰਦਾ ਹੈ, ਇਵੇਂ ਨਿੰਦਕਾਂ ਤੋਂ ਅਪਨੇ ਸੇਵਕਾਂ ਦੀ ਰੱਖਿਆ ਕਰਦਾ ਹੈ)।੩।

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ, ਸਭ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ, ਕੋਈ ਲਾਗਿ ਨ ਸਕੈ, ਬਿਨੁ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ,ਜਨ ਨਾਨਕ, ਜੋ ਅੰਤੀ ਅਉਸਰਿ ਲਏ ਛਡਾਇਆ ॥੪॥੭॥੧੩॥੫੧॥ ਹੇ ਭਾਈ! ਮੱਤ ਕੋਈ ਸਮਝੋ ਕਿ ਕਿਸੇ ਜੀਵ ਦੇ ਹੱਥ ਵਿਚ ਕੁਛ (ਤਾਕਤ) ਹੈ, ਸਭ (ਕੋਈ ਵਾਹਿਗੁਰੂ ਦਾ) ਕਰਾਇਆ ਕਰਦਾ ਹੈ।ਬੁਢੇਪਾ, ਮੌਤ, ਬੁਖਾਰ, ਸਿਰ ਦਰਦ ਤੇ ਸਰਾਪ ਸਭ ਹਰੀ ਦੇ ਵਸ ਹੈ, ਹਰੀ ਦੇ ਲਾਏ ਤੋਂ ਬਿਨਾ ਕੋਈ (ਵੀ ਰੋਗ ਆਦਿ ਅਪਨੇ ਆਪ ਕਿਸੇ ਜੀਵ ਨੂੰ) ਨਹੀਂ ਲਗ ਸਕਦਾ।ਦਾਸ ਨਾਨਕ ਆਖਦਾ ਹੈ, ਇਹੋ ਜਿਹਾ ਹਰੀ ਦਾ ਨਾਮ ਮਨ ਤੇ ਚਿਤ ਵਿਚ ਨਿਤ ਧਿਆਵੋ, ਜੋ ਅੰਤ ਸਮੇਂ (ਜਮਾਂ ਤੋਂ) ਛੁਡਾ ਲੈਂਦਾ ਹੈ।੪।੭।੧੩।੫੧।

ਪਦਾਰਥ = ਜਨਨੀ–ਮਾਂ।ਸੁਤੁ–ਪੁਤ੍ਰ ਨੂੰ।ਜਣਿ–ਜੰਮ (ਜਨਮ ਦੇ) ਕੇ।ਨਦਰਿ ਮਝਾਰਿ–ਨਿਗ੍ਹਾ (ਨਿਗਰਾਨੀ) ਵਿਚ।ਗਿਰਾਸੁ–ਭੋਜਨ। ਮੁਖਿ–ਮੂੰਹ ਵਿਚ।ਖਿਨੁ ਖਿਨੁ–ਘੜੀ ਮੁੜੀ।ਪੋਚਾਰਿ–ਪੁਚਕਾਰਦੀ (ਪਲੋਸਦੀ) ਹੈ।੧।ਬਾਰਿਕ ਇਆਣੇ–ਨਿੱਕੇ ਬੱਚੇ; ਅਣਜਾਣ ਬੱਚੇ। ਪਾਧਾ–ਉਪਦੇਸ਼ ਦੇਣ ਵਾਲਾ।ਜਿਨਿ–ਜਿਸ ਨੇ।ਦੇ–ਦੇ ਕੇ।੧।ਰਹਾਉ।ਗਗਨਿ–ਅਕਾਸ਼ ਵਿਚ।ਕਪਰੇ ਬਾਗੇ ਵਾਲੀ–ਚਿੱਟੇ ਲਿਬਾਸ (ਖੰਭਾਂ) ਵਾਲੀ।ਚੀਤੁ–ਚਿੱਤ (ਧਿਆਨ)।ਬਿਚਿ ਬਚਰੇ–ਨਿੱਕੇ ਬੱਚਿਆਂ ਵਿਚ।ਹਿਰਦੈ–ਦਿਲ ਵਿਚ।ਸਾਰਿ ਸੰਭਾਲੀ–ਯਾਦ ਰੱਖਦੀ ਹੈ; ਯਾਦ ਨਾਲ ਸੰਭਾਲ ਕਰਦੀ ਹੈ।ਹਰਿ ਹਰਿ ਕੀ–ਹਰਿ ਹਰਿ ਨਾਮ ਸਿਮਰਨ ਦੀ।ਜੀਅ ਨਾਲੀ–ਦਿਲ ਨਾਲ।੨।ਤੀਸ ਬਤੀਸ–ਕਿਸੇ ਦੇ ਤੀਹ ਤੇ ਕਿਸੇ ਦੇ ਬੱਤੀ ਦੰਦ।ਕਾਤੀ–ਕੈਂਚੀ (ਦੰਦਾਂ ਦੀ)।ਰਸਨਾ–ਜੀਭ।ਰਤੁ–ਲਹੂ {ਦੰਤ ਜੀਭ ਜਿਮ ਰਾਖਿ ਹੈ, ਦੁਸਟ ਅਰਿਸਟ ਸੰਘਾਰ ੧੬੩ ਦ. ਗ੍ਰੰ.}।ਕੇਰੀ–ਦੀ।ਵਸਗਤਿ–ਵੱਸ ਵਿਚ।ਨਰ–ਲੋਕ।ਪੈਜ–ਲਾਜ; ਇੱਜਤ।੩।ਮਤ–ਨਹੀਂ।ਹਾਥਿ–ਹੱਥ ਵਿਚ।ਜਰਾ–ਬੁਢੇਪਾ।ਮਰਾ–ਮੌਤ।ਤਾਪ–ਬੁਖਾਰ।ਸਿਰਤਿ–ਸਿਰ ਦਰਦ।ਸਾਪੁ–ਸਰਾਪ; ਸੱਪ ਦਾ ਲੜਨਾ।ਨਿਤਿ–ਸਦਾ (ਹਰ ਰੋਜ)।ਅੰਤੀ ਅਉਸਰਿ –ਅੰਤ ਸਮੇਂ।੪।੭।੧੩।੫੧।

ਗਉੜੀ ਬੈਰਾਗਣਿ ਮਹਲਾ ੪ ॥ ਜਿਸੁ ਮਿਲਿਐ ਮਨਿ ਹੋਇ ਅਨੰਦੁ ,ਸੋ ਸਤਿਗੁਰੁ ਕਹੀਐ ॥ ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮ ਪਦੁ ਲਹੀਐ ॥੧॥ ਜਿਸ ਨੂੰ ਮਿਲਣ ਨਾਲ ਮਨ ਵਿਚ ਅਨੰਦ ਹੁੰਦਾ ਹੈ, ਉਹ (ਹੀ ਅਸਲ ਵਿਚ) ਸਤਿਗੁਰ ਕਹੀਦਾ ਹੈ।(ਐਸੇ ਗੁਰੂ ਦੇ ਮਿਲਿਆਂ) ਮਨ ਦੀ ਦੁਬਿਧਾ ਨਾਸ਼ ਹੋ ਜਾਂਦੀ ਹੈ ਅਤੇ ਹਰੀ (ਨਾਲ ਮਿਲਾਪ) ਦਾ ਪਰਮ ਪਦ ਪ੍ਰਾਪਤ ਹੋ ਜਾਂਦਾ ਹੈ।੧।

ਮੇਰਾ ਸਤਿਗੁਰ ਪਿਆਰਾ, ਕਿਤੁ ਬਿਧਿ ਮਿਲੈ ॥ ਹਉ ਖਿਨੁ ਖਿਨੁ ਕਰੀ ਨਮਸਕਾਰੁ ,ਮੇਰਾ ਗੁਰੁ ਪੂਰਾ ਕਿਉ ਮਿਲੈ ॥੧॥ਰਹਾਉ॥ (ਅਜੇਹਾ) ਮੇਰਾ ਪਿਆਰਾ ਸਤਿਗੁਰੂ ਕਿਸ ਤਰ੍ਹਾਂ ਮਿਲਦਾ ਹੈ? ਮੈਂ ਛਿਨ ਛਿਨ ਨਮਸਕਾਰ ਕਰਦਾ ਹੈ ਕਿ ਮੇਰਾ ਪੂਰਾ ਗੁਰੂ ਕਿਵੇਂ ਮਿਲੇ? ।੧।ਰਹਾਉ।

ਕਰਿ ਕਿਰਪਾ ਹਰਿ ਮੇਲਿਆ, ਮੇਰਾ ਸਤਿਗੁਰੁ ਪੂਰਾ ॥ ਇਛ ਪੁੰਨੀ ਜਨ ਕੇਰੀਆ, ਲੇ ਸਤਿਗੁਰ ਧੂਰਾ ॥੨॥ ਹਰੀ ਨੇ ਕਿਰਪਾ ਕਰਕੇ ਮੇਰਾ ਪੂਰਾ ਸਤਿਗੁਰੂ (ਮੈਨੂੰ) ਮਿਲਾ ਦਿਤਾ ਹੈ।(ਉਸ) ਸਤਿਗੁਰੂ ਦੀ ਚਰਨ ਧੂੜ ਲੈ ਕੇ ਦਾਸ ਦੀ ਇੱਛਾ ਪੂਰੀ ਹੋ ਗਈ ਹੈ।੨।

ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ, ਤਿਸੁ ਸਤਿਗੁਰ ਮਿਲੀਐ ॥ ਤੋਟਾ ਮੂਲਿ ਨ ਆਵਈ, ਹਰਿ ਲਾਭੁ ਨਿਤਿ ਦ੍ਰਿੜੀਐ ॥੩॥ (ਹੇ ਭਾਈ!) ਉਸ ਸਤਿਗੁਰੂ ਨੂੰ ਮਿਲੀਏ, (ਜੋ ਸਿੱਖਾਂ ਨੂੰ) ਹਰੀ ਦੀ ਭਗਤੀ ਦ੍ਰਿੜ ਕਰਾਉਂਦਾ ਹੈ ਤੇ (ਆਪ ਵੀ) ਹਰੀ ਦੀ ਭਗਤੀ (ਕੀਰਤਨ) ਸੁਣਦਾ ਹੈ।ਹਰੀ ਦੇ ਨਾਮ ਦਾ ਲਾਭ (ਗੁਰੂ ਤੋਂ) ਸਦਾ ਦ੍ਰਿੜ ਕਰੀਏ, (ਤਾਂ ਫਿਰ) ਘਾਟਾ ਬਿਲਕੁਲ ਹੀ ਨਹੀਂ ਆਉਂਦਾ ।੩।

ਜਿਸ ਕਉ ਰਿਦੈ ਵਿਗਾਸੁ ਹੈ, ਭਾਉ ਦੂਜਾ ਨਾਹੀ ॥ ਨਾਨਕ ਤਿਸੁ ਗੁਰ ਮਿਲਿ ਉਧਰੈ, ਹਰਿ ਗੁਣ ਗਾਵਾਹੀ ॥੪॥੮॥੧੪॥੫੨॥ ਜਿਸ ਗੁਰੂ ਨੂੰ ਹਿਰਦੇ ਵਿਚ (ਗਿਆਨ ਦਾ) ਪ੍ਰਕਾਸ਼ ਹੈ ਅਤੇ ਦੂਜਾ ਭਾਵ ਨਹੀਂ ਹੈ।ਗੁਰੂ ਜੀ ਆਖਦੇ ਹਨ, (ਜਿਹੜਾ ਗੁਰੂ ਸਿੱਖਾਂ ਤੋਂ) ਹਰੀ ਦੇ ਗੁਣ ਗਾਇਨ ਕਰਾਉਂਦਾ ਹੈ, ਉਸ ਗੁਰੂ ਨਾਲ ਮਿਲ ਕੇ (ਸਿੱਖ) ਮੁਕਤ ਹੋ ਜਾਂਦਾ ਹੈ।੪।੮।੧੪।੫੨।

ਪਦਾਰਥ = ਦੁਬਿਧਾ–ਦੁਚਿੱਤਾ ਪਣ; ਡਾਵਾਂ ਡੋਲ ਹਾਲਤ।ਪਰਮ ਪਦੁ–ਸਭ ਤੋਂ ਉਚੀ ਪਦਵੀ; ਵਾਹਿਗੁਰੂ ਵਿਚ ਲੀਨਤਾ।ਲਹੀਐ–ਮਿਲਦੀ ਹੈ।੧।ਕਿਤੁ ਬਿਧਿ–ਕਿਸ ਤਰ੍ਹਾਂ।ਹਉ–ਮੈਂ।ਖਿਨੁ ਖਿਨੁ–ਹਰੇਕ ਛਿਨ।ਕਰੀ–ਮੈਂ ਕਰਦਾ ਹਾਂ।੧।ਰਹਾਉ।ਇਛ–ਇੱਛਾ। ਪੁੰਨੀ–ਪੂਰੀ ਹੋ ਗਈ।ਜਨ ਕੇਰੀਆ–ਦਾਸ ਦੀ।ਲੇ–ਲੈ ਕੇ।ਧੂਰਾ–ਚਰਨ ਧੂੜ।੨।ਦ੍ਰਿੜਾਵੈ–ਦ੍ਰਿੜ ਕਰਾ (ਮਨ ਵਿਚ ਪੱਕੀ ਤਰ੍ਹਾਂ ਬਿਠਾ) ਦੇਂਦਾ ਹੈ।ਤੋਟਾ–ਘਾਟਾ।ਮੂਲਿ–ਬਿਲਕੁਲ; ਉਕਾ ਹੀ।ਨ ਆਵਈ–ਨਹੀਂ ਆਉਂਦਾ (ਪੈਂਦਾ)।੩।ਵਿਗਾਸੁ–ਪ੍ਰਕਾਸ਼; ਖੇੜਾ (ਅਨੰਦ)।ਭਾਉ ਦੂਜਾ–ਦੂਜੇ ਦਾ ਪਿਆਰ।ਉਧਰੈ–ਮੁਕਤ ਹੁੰਦਾ ਹੈ; ਤਰ ਜਾਂਦਾ ਹੈ।ਗਾਵਾਹੀ–ਗਾਇਨ ਕਰਾਉਂਦਾ ਹੈ।੪।੮।੧੪।੫੨।

ਨੋਟ = 'ਗਉੜੀ ਬੈਰਾਗਣਿ' ਵਿਚ ੮ ਸ਼ਬਦ, 'ਗਉੜੀ ਗੁਆਰੇਰੀ' ਵਿਚ ੬ ਸ਼ਬਦ, ਕੁਲ ੧੪ ਸ਼ਬਦ।ਅੱਗੇ 'ਗਉੜੀ ਪੂਰਬੀ' ਦੇ ਸ਼ਬਦ ਸ਼ੁਰੂ ਹੋ ਰਹੇ ਹਨ।

ਮਹਲਾ ੪ ਗਉੜੀ ਪੂਰਬੀ ॥ ਹਰਿ ਦਇਆਲਿ ਦਇਆ ਪ੍ਰਭਿ ਕੀਨੀ, ਮੇਰੈ ਮਨਿ ਤਨਿ ਮੁਖਿ ਹਰਿ ਬੋਲੀ ॥ ਗੁਰਮੁਖਿ ਰੰਗੁ ਭਇਆ ਅਤਿ ਗੂੜਾ, ਹਰਿ ਰੰਗਿ ਭੀਨੀ ਮੇਰੀ ਚੋਲੀ ॥੧॥ (ਜਦ ਮੇਰੇ ਤੇ) ਦਇਆਲ ਹਰੀ ਪ੍ਰਭੂ ਨੇ ਕਿਰਪਾ ਕੀਤੀ, (ਤਾਂ ਉਸ ਨੇ ਮੇਰੇ) ਮਨ ਵਿਚ, ਤਨ ਵਿਚ ਤੇ ਮੂੰਹ ਵਿਚ ਹਰੀ (ਨਾਮ ਦੀ) ਬਾਣੀ ਬਖਸ ਦਿਤੀ; ਮਨ, ਤਨ ਤੇ ਮੁਖ ਨਾਲ ਹਰੀ ਨਾਮ ਬੋਲਦਾ (ਜਪਦਾ) ਹਾਂ। ਹਿਰਦੇ ਰੂਪ ਮੇਰੀ ਚੋਲੀ ਹਰੀ ਦੇ ਪ੍ਰੇਮ ਰੰਗ ਵਿਚ ਭਿੱਜ ਗਈ ਹੈ, ਗੁਰੂ ਦੁਆਰਾ (ਉਹ) ਰੰਗ ਬਹੁਤ ਗੂੜ੍ਹਾ ਹੋ ਗਿਆ ਹੈ।੧।

ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥ਜਬ ਹਮ ਹਰਿ ਸੇਤੀ ਮਨੁ ਮਾਨਿਆ, ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥੧॥ਰਹਾਉ॥ ਮੈਂ ਅਪਣੇ ਹਰੀ ਪ੍ਰਭੂ ਦੀ ਦਾਸੀ ਹਾਂ।ਜਦ ਮੇਰਾ ਮਨ ਹਰੀ ਨਾਲ ਮੰਨ (ਸ਼ਰਧਾਵਾਨ ਹੋ) ਗਿਆ, (ਤਾਂ ਉਸ ਨੇ) ਸਾਰਾ ਜਗਤ ਹੀ ਬਿਨਾ ਮੁੱਲ ਦੇ ਮੇਰਾ ਗੋਲਾ ਬਣਾ ਦਿਤਾ (ਸਾਰਾ ਜਗਤ ਸੇਵਾ ਕਰਨ ਲਗ ਪਿਆ)।੧।ਰਹਾਉ।

ਕਰਹੁ ਬਿਬੇਕੁ ਸੰਤ ਜਨ ਭਾਈ, ਖੋਜਿ ਹਿਰਦੈ ਦੇਖਿ ਢੰਢੋਲੀ ॥ ਹਰਿ ਹਰਿ ਰੂਪੁ ਸਭ ਜੋਤਿ ਸਬਾਈ, ਹਰਿ ਨਿਕਟਿ ਵਸੈ ਹਰਿ ਕੋਲੀ ॥੨॥ ਹੇ ਸੰਤ ਜਨ ਭਰਾਵੋ! ਵਿਚਾਰ ਕਰੋ ਅਤੇ (ਅਪਣੇ) ਹਿਰਦੇ ਵਿਚ ਖੋਜ ਕੇ, ਢੂੰਢ ਕੇ ਦੇਖੋ।ਸਾਰੇ ਰੂਪ ਹਰੀ ਦੇ ਹਨ, ਸਭ ਵਿਚ ਹਰੀ ਦੀ ਜੋਤ ਹੈ, ਹਰੀ (ਸਭ ਦੇ) ਨੇੜੇ ਵਸਦਾ ਹੈ, (ਇਉਂ ਸਮਝੋ ਕਿ) ਹਰੀ ਕੋਲ ਹੀ (ਬੈਠਾ) ਹੈ।੨।

ਅੰਗ ੧੬੯ = ਹਰਿ ਹਰਿ ਨਿਕਟਿ ਵਸੈ ਸਭ ਜਗ ਕੈ, ਅਪਰੰਪਰ ਪੁਰਖੁ ਅਤੋਲੀ ॥ ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ, ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥ (ਹਰੀ ਕੇਵਲ ਮਨੁੱਖ ਦੇ ਹੀ ਨੇੜੇ ਨਹੀਂ, ਉਹ) ਹਰੀ ਸਾਰੇ ਜਗਤ ਦੇ ਨੇੜੇ ਵਸਦਾ ਹੈ, ਉਹ ਵਿਆਪਕ ਹਰੀ ਪਰੇ ਤੋਂ ਪਰੇ (ਤ੍ਰਿਗੁਣ ਅਤੀਤ) ਹੈ ਤੇ ਤੋਲਣ ਤੋਂ ਰਹਿਤ ਹੈ (ਜਾਂਚ ਪੜਤਾਲ ਰਾਹੀਂ ਵਿਚਾਰਿਆ ਨਹੀਂ ਜਾ ਸਕਦਾ।ਪਰ ਅਜੇਹੇ) ਹਰੀ ਨੂੰ ਪੂਰੇ ਗੁਰੂ ਨੇ ਪ੍ਰਗਟ ਕਰ ਦਿਤਾ (ਮੈਨੂੰ ਦਰਸ਼ਨ ਕਰਾ ਦਿਤੇ, ਇਸ ਕਰਕੇ ਮੈਂ) ਗੁਰੂ ਪਾਸ ਸਿਰ ਮੁੱਲ ਵੇਚ (ਜੀਵਨ ਅਰਪਣ ਕਰ) ਦਿਤਾ।੩।

ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ, ਤੁਮ ਵਡ ਪੁਰਖ ਵਡੋਲੀ ॥ ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ, ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧॥੧੫॥੫੩॥ ਹੇ ਸਭ (ਜੀਵਾਂ) ਦੇ ਅੰਦਰ ਤੇ ਬਾਹਰ (ਸਾਰੇ ਬ੍ਰਹਮੰਡ ਵਿਚ) ਵਸਣ ਵਾਲੇ ਹਰਿ ਜੀਓ! ਤੁਸੀਂ ਵੱਡੇ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿਕਾਂ) ਤੋਂ ਵੀ ਵੱਡੇ ਪੁਰਖ ਹੋ, ਮੈਂ ਤੁਹਾਡੀ ਸ਼ਰਣ ਵਿਚ ਆਇਆ ਹਾਂ।ਗੁਰੂ ਦੀ ਵਿਚੋਲਗੀ ਦਾ ਸਦਕਾ (ਆਪ ਜੀ ਦਾ) ਦਾਸ ਨਾਨਕ, ਸਤਿਗੁਰੂ ਨੂੰ ਮਿਲ ਕੇ ਹਰੀ ਦੇ ਗੁਣ ਗਾਉਂਦਾ ਹੈ।੪।੧।੧੫।੫੩।

ਪਦਾਰਥ = ਦਇਆਲਿ ਪ੍ਰਭਿ-ਦਇਆਲ ਪ੍ਰਭੂ ਨੇ।ਕੀਨੀ-ਕੀਤੀ।ਹਰਿ ਬੋਲੀ-ਹਰੀ ਦੀ ਨਾਮ ਬਾਣੀ; ਹਰੀ ਨਾਮ ਜਪਦਾ ਹਾਂ।ਰੰਗੁ ਗੂੜਾ-ਪੱਕਾ ਰੰਗ।ਭਇਆ-ਹੋਇਆ।ਅਤਿ-ਬਹੁਤ।ਭੀਨੀ-ਭਿੱਜ ਗਈ।ਚੋਲੀ-ਬੁੱਧੀ ਰੂਪ ਚੋਲੀ; ਜੀਵਨ ਰੂਪ ਚੋਲੀ (ਜੀਵਨ ਹਰੀ ਪ੍ਰੇਮ ਵਿਚ ਰੰਗਿਆ ਗਿਆ)।੧।ਹਉ-ਮੈਂ।ਗੋਲੀ-ਦਾਸੀ।ਸੇਤੀ-ਨਾਲ।ਮਨੁ ਮਾਨਿਆ-ਮਨ ਪਤੀਜ ਗਿਆ; ਮਨ ਵਿਸ਼ਵਾਸ ਵਾਲਾ ਹੋ ਗਿਆ।ਗੋਲ-ਦਾਸ।ਅਮੋਲੀ-ਬਿਨਾ ਮੁੱਲ ਦਿਤਿਆਂ।੧।ਰਹਾਉ।ਕਰਹੁ ਬਿਬੇਕੁ-ਵਿਚਾਰ ਕਰੋ।ਢੰਢੋਲੀ-ਢੰਢੋਲਿ-ਭਾਲ ਕੇ।ਰੂਪੁ-ਸਰੀਰਾਂ ਦੇ ਅਕਾਰ।ਸਬਾਈ-ਸਭ ਵਿਚ।ਨਿਕਟਿ ਕੋਲੀ-ਨੇੜੇ ਤੋਂ ਨੇੜੇ।੨।ਅਪਰੰਪਰ-ਪਰੇ ਤੋਂ ਪਰੇ; ਬੇ ਹੱਦ।ਪੁਰਖ-ਵਿਆਪਕ ਪ੍ਰਭੂ।ਅਤੋਲੀ-ਤੋਲ ਤੋਂ ਰਹਿਤ।ਸਿਰ ਵੇਚਿਓ-ਜੀਵਨ ਅਰਪਣ ਕਰ ਦਿਤਾ।ਮੋਲੀ-ਮੁੱਲ ਲੈ ਕੇ।੩।ਤੁਮ-ਤੇਰੀ।ਸਰਣਾਗਤਿ-ਸ਼ਰਣ ਵਿਚ ਆਇਆ ਹਾਂ।ਵਡ ਵਡੋਲੀ-ਵੱਡਿਆਂ ਤੋਂ ਵੀ ਵੱਡਾ।ਵੇਚੋਲੀ-ਵਿਚੋਲਗੀ।੪।੧।੧੫।੫੩।

ਗਉੜੀ ਪੂਰਬੀ ਮਹਲਾ ੪ ॥ ਜਗਜੀਵਨ ਅਪਰੰਪਰ ਸੁਆਮੀ, ਜਗਦੀਸੁਰ ਪੁਰਖ ਬਿਧਾਤੇ ॥ ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ, ਤਿਤੁ ਮਾਰਗਿ ਹਮ ਜਾਤੇ ॥੧॥ ਹੇ ਜਗਤ ਨੂੰ ਜੀਵਨ ਦੇਣ ਵਾਲੇ! ਪਰੇ ਤੋਂ ਪਰੇ (ਬੇਅੰਤ), ਹੇ ਜਗਤ ਦੇ ਈਸਰ, ਹੇ ਫਲ ਪਰਦਾਤੇ ਪੁਰਖ!।ਹੇ ਸੁਆਮੀ! ਜਿਸ ਰਸਤੇ ਤੇ (ਚੱਲਣ ਵਾਸਤੇ) ਤੁਸੀਂ ਪ੍ਰੇਰਦੇ ਹੋ, ਉਸ ਮਾਰਗ ਤੇ ਅਸੀਂ ਜਾਂਦੇ (ਚਲਦੇ) ਹਾਂ।੧।

ਰਾਮ, ਮੇਰਾ ਮਨੁ ਹਰਿ ਸੇਤੀ ਰਾਤੇ ॥ ਸਤਸੰਗਤਿ ਮਿਲਿ ਰਾਮ ਰਸੁ ਪਾਇਆ, ਹਰਿ ਰਾਮੈ ਨਾਮਿ ਸਮਾਤੇ ॥੧॥ਰਹਾਉ॥ ਹੇ ਰਾਮ! ਮੇਰਾ ਮਨ ਹਰੀ (ਦੇ ਨਾਮ) ਨਾਲ ਰੰਗਿਆ ਗਿਆ ਹੈ।ਸਤਸੰਗਤ ਨਾਲ ਮਿਲ ਕੇ (ਮੈਂ) ਰਾਮ ਨਾਮ ਦਾ ਅਨੰਦ ਪ੍ਰਾਪਤ ਕੀਤਾ ਹੈ ਅਤੇ ਹਰੀ ਰਾਮ ਦੇ ਨਾਮ ਵਿਚ ਲੀਨ ਹੋ ਗਿਆ ਹਾਂ।੧।ਰਹਾਓ।

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ,ਹਰਿ ਹਰਿ ਨਾਮ ਹਰਿ ਸਾਤੇ ॥ ਤਿਨ ਕੇ ਪਾਪ ਦੋਖ ਸਭਿ ਬਿਨਸੇ, ਜੋ ਗੁਰਮਤਿ ਰਾਮੁ ਰਸੁ ਖਾਤੇ ॥੨॥ ਹਰਿ ਹਰਿ ਨਾਮ ਜਗਤ ਵਿਚ ਹਰ ਰੋਗ ਨੂੰ ਨਾਸ਼ ਕਰਨ ਵਾਲੀ ਦੁਆਈ ਹੈ, ਹਰਿ ਹਰਿ ਨਾਮ ਹਰ ਇਕ ਨੂੰ ਸ਼ਾਂਤੀ ਦੇਣ ਵਾਲਾ ਹੈ।ਉਨ੍ਹਾਂ (ਪੁਰਖਾਂ) ਦੇ ਪਾਪ ਤੇ ਦੋਸ਼ ਸਭ ਨਾਸ਼ ਹੋ ਗਏ, ਜੋ ਗੁਰੂ ਦੀ ਸਿੱਖਿਆ ਦੁਆਰਾ ਰਾਮ ਦਾ ਰਸ ਚੱਖਦੇ (ਮਾਣਦੇ) ਹਨ।੨।

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ, ਤੇ ਗੁਰ ਸੰਤੋਖ ਸਰਿ ਨਾਤੇ ॥ ਦੁਰਮਤਿ ਮੈਲੁ ਗਈ ਸਭ ਤਿਨ ਕੀ, ਜੋ ਰਾਮ ਨਾਮ ਰੰਗਿ ਰਾਤੇ

॥੨॥ ਜਿਨ੍ਹਾਂ (ਮਨੁੱਖਾਂ) ਨੂੰ ਮੱਥੇ ਤੇ ਧੁਰ ਤੋਂ ਲੇਖ ਲਿਖਿਆ ਹੋਇਆ ਹੈ, ਉਹ ਗੁਰੂ ਰੂਪ ਸੰਤੋਖ ਸਰੋਵਰ ਵਿਚ ਇਸ਼ਨਾਨ ਕਰਦੇ ਹਨ (ਗੁਰੂ ਰੂਪ ਸਰੋਵਰ, ਸੰਤੋਖ ਦੇ ਜਲ ਨਾਲ ਭਰਪੂਰ ਹੈ। ਗੁਰੂ ਸ਼ਾਂਤ, ਸਤੋ ਗੁਣੀ ਤੇ ਸੰਤੁਸਟ ਹੈ, ਗੁਰੂ ਦੀ ਸੰਗਤ ਕੀਤਿਆਂ ਸਿੱਖ ਸ਼ਾਂਤ, ਸੰਤੁਸ਼ਟ ਤੇ ਸੰਤੋਖੀ ਬਣ ਜਾਂਦਾ ਹੈ)। ਉਨ੍ਹਾਂ ਦੀ ਖੋਟੀ ਮੱਤ ਦੀ ਸਾਰੀ ਮੈਲ ਦੂਰ ਹੋ ਗਈ, ਜੋ ਰਾਮ ਨਾਮ ਦੇ ਰੰਗ ਵਿਚ ਰੰਗੇ ਜਾਂਦੇ ਹਨ। ੩।

ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ, ਤੁਮ ਜੇਵਡ ਅਵਰੁ ਨ ਦਾਤੇ ॥ ਜਨੁ ਨਾਨਕੁ ਨਾਮੁ ਲਏ ਤਾਂ ਜੀਵੈ, ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥ ਹੇ ਰਾਮ! ਤੁਸੀਂ ਅਪਣੇ ਆਪ ਤੋਂ ਆਪ ਮਾਲਕ ਹੋ (ਤੇਰੇ ਉਤੇ ਹੋਰ ਕੋਈ ਮਾਲਕ ਨਹੀਂ) ਅਤੇ ਤੁਹਾਡੇ ਜਿਤਨਾ ਵੱਡਾ ਹੋਰ (ਕੋਈ) ਦਾਤਾ ਨਹੀਂ। ਦਾਸ ਨਾਨਕ (ਤੇਰਾ) ਨਾਮ ਲੈਂਦਾ ਹੈ ਤਾਂ ਜਿਉਂਦਾ ਹੈ, (ਪਰ) ਹਰੀ ਦਾ ਨਾਮ ਹਰੀ ਦੀ ਕਿਰਪਾ ਨਾਲ ਹੀ ਜਪਿਆ ਜਾ ਸਕਦਾ ਹੈ। ੪। ੨। ੧੬। ੫੪।

ਪਦਾਰਥ = ਜਗਜੀਵਨ–ਜਗਤ ਨੂੰ ਜੀਵਨ ਦੇਣ ਵਾਲਾ। ਅਪਰੰਪਰ–ਪਰੇ ਤੋਂ ਪਰੇ (ਬੇਅੰਤ)। ਜਗਦੀਸੁਰ–ਜਗਤ ਦਾ ਮਾਲਕ। ਬਿਧਾਤੇ–ਫਲ ਪਰਦਾਤਾ (ਕਰਮਾਂ ਅਨੁਸਾਰ ਫਲ ਦੇਣ ਵਾਲਾ)। ਮਾਰਗਿ–ਰਸਤੇ ਉਤੇ। ੧। ਸੇਤੀ–ਨਾਲ। ਰਾਤੇ–ਰੰਗਿਆ ਗਿਆ। ਰਸੁ–ਅਨੰਦ। ਰਾਮੈ ਨਾਮਿ–ਵਾਹਿਗੁਰੂ ਦੇ ਨਾਮ ਵਿਚ। ਸਮਾਤੇ–ਸਮਾ ਗਿਆ ਹਾਂ। ੧। ਰਹਾਉ। ਅਵਖਧੁ–ਦੁਆਈ। ਸਾਤੇ–ਸ਼ਾਂਤੀ ਦੇਣ ਵਾਲਾ; ਸੱਤ ਹੈ। ਦੋਖ–ਦੋਸ਼। ਖਾਤੇ–ਛਕਦੇ (ਮਾਣਦੇ) ਹਨ। ੨। ਧੁਰਿ–ਧੁਰ (ਰੱਬ ਦੀ ਹਜੂਰੀ) ਤੋਂ। ਮਸਤਕਿ–ਮੱਥੇ ਤੇ। ਨਾਤੇ–ਨਹਾਉਂਦੇ ਹਨ। ਦੁਰਮਤਿ–ਖੋਟੀ ਬੁੱਧੀ। ਰੰਗਿ ਰਾਤੇ–ਰੰਗ ਵਿਚ ਰੰਗੇ ਹਨ। ੩। ਅਵਰੁ–ਹੋਰ ਦੂਜਾ। ਲਏ–ਲੈਂਦਾ (ਜਪਦਾ) ਹੈ। ਤੇ–ਤੋਂ; ਨਾਲ। ੪। ੨। ੧੬। ੫੪।

ਗਉੜੀ ਪੂਰਬੀ ਮਹਲਾ ੪ ॥ ਕਰਹੁ ਕਿਰਪਾ ਜਗਜੀਵਨ ਦਾਤੇ, ਮੇਰਾ ਮਨੁ ਹਰਿ ਸੇਤੀ ਰਾਚੇ ॥ ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ , ਜਪਿ ਹਰਿ ਹਰਿ ਹਰਿ ਮਨੁ ਮਾਚੇ ॥੧॥ ਹੇ ਜਗਤ ਦੇ ਜੀਵਨ ਦਾਤੇ, (ਮੇਰੇ ਤੇ ਇਹ) ਕਿਰਪਾ ਕਰੋ ਕਿ ਮੇਰਾ ਮਨ ਹਰੀ ਨਾਲ ਰਚ ਮਿਚ ਜਾਵੇ। (ਜਦ) ਸਤਿਗੁਰੂ ਨੇ ਬਹੁਤ ਪਵਿਤ੍ਰ ਬਚਨ (ਉਪਦੇਸ਼) ਦਿਤਾ, (ਉਦੋਂ ਤੋਂ ਮੇਰਾ) ਮਨ ਹਰਿ ਹਰਿ ਜਪ ਕੇ ਜਗ ਪਿਆ ਹੈ। ੧।

ਰਾਮ, ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ ॥ ਜਿਹ ਕਾਲ ਕੈ ਮੁਖਿ ਜਗਤੁ ਸਭ ਗ੍ਰਸਿਆ, ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥ ੧॥ਰਹਾਉ॥ ਹੇ ਰਾਮ! ਹੇ ਸੱਚੇ ਹਰੀ! ਮੇਰਾ ਮਨ ਤੇ ਤਨ (ਤੈਂ ਅਪਣੇ ਪ੍ਰੇਮ ਵਿਚ) ਵਿੰਨ੍ਹ ਲਿਆ ਹੈ। ਜਿਸ ਮੌਤ ਦੇ ਮੂੰਹ ਵਿਚ ਸਾਰਾ ਜਗਤ ਫਸਿਆ ਹੋਇਆ ਹੈ, ਹੇ ਹਰੀ! ਅਸੀਂ ਉਸ ਮੌਤ ਤੋਂ ਪੂਜਨੀਕ ਸਤਿਗੁਰੂ ਦੇ ਉਪਦੇਸ਼ ਦੁਆਰਾ ਬਚ ਗਏ ਹਾਂ। ੧। ਰਹਾਉ।

ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ, ਤੇ ਸਾਕਤ ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ, ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥ ਜਿਨ੍ਹਾਂ ਨੂੰ ਹਰੀ ਨਾਲ ਪ੍ਰੀਤ ਨਹੀਂ ਹੈ, ਉਹ ਸਾਕਤ ਲੋਕ ਹਨ, (ਮਨ ਦੇ) ਮੂਰਖ ਤੇ (ਬੁੱਧੀ ਦੇ) ਕੱਚੇ ਹਨ। (ਕਿਉਂਕਿ ਉਹ ਨਹੀਂ ਜਾਣਦੇ ਕਿ ਹਰੀ ਤੋਂ ਬਿਨਾ) ਉਨ੍ਹਾਂ ਨੂੰ ਜਨਮ ਮਰਣ ਰੂਪ ਬਹੁਤ ਭਾਰੀ ਦੁੱਖ ਬਣਿਆ ਰਹਿੰਦਾ ਹੈ ਅਤੇ ਮਰ ਮਰ ਕੇ ਗੰਦ ਵਿਚ ਸੜਦੇ ਹਨ; ਗਰਭ ਦੇ ਗੰਦ ਵਿਚ ਜੰਮਦੇ ਮਰਦੇ ਖੁਆਰ ਹੁੰਦੇ ਰਹਿੰਦੇ ਹਨ। ੨।

ਤੁਮ ਦਇਆਲ ਸਰਣਿ ਪ੍ਰਤਿਪਾਲਕ, ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ ॥ ਹਰਿ ਕੇ ਦਾਸ ਦਾਸ ਹਮ ਕੀਜੈ, ਮਨੁ ਨਿਰਤਿ ਕਰੇ ਕਰਿ ਨਾਚੇ ॥੩॥ ਤੁਸੀਂ ਦਿਆਲੂ ਹੋ, ਸ਼ਰਣ ਵਿਚ ਆਏ ਦੀ ਪਾਲਣਾ ਕਰਨ ਵਾਲੇ ਹੋ, ਹੇ ਹਰੀ! (ਮੈਂ) ਜਾਚਨਾ ਕਰਦਾ ਹਾਂ ਕਿ ਮੈਨੂੰ (ਨਾਮ) ਦਾਨ ਦਿਓ। ਹੇ ਹਰੀ! ਮੈਨੂੰ ਅਪਣੇ ਦਾਸਾਂ ਦੇ ਦਾਸ ਬਣਾ ਲਵੋ, (ਉਨ੍ਹਾਂ ਅੱਗੇ ਮੇਰਾ) ਮਨ ਨਾਚ ਕਰ ਕਰਕੇ ਨੱਚਦਾ ਰਹੇ (ਖੁਸ਼ੀ ਵਿਚ ਮੈਂ ਝੂਮਦਾ ਫਿਰਾਂ, ਤੇਰੇ ਦਾਸਾਂ ਤੋਂ ਸਦਕੇ ਜਾਵਾਂ ਅਤੇ ਉਨ੍ਹਾਂ ਦੀ ਆਗਿਆ ਵਿਚ ਰਹਾਂ)। ੩।

ਆਪੇ ਸਾਹ ਵਡੇ ਪ੍ਰਭ ਸੁਆਮੀ, ਹਮ ਵਣਜਾਰੇ ਹਹਿ ਤਾ ਚੇ ॥ ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ, ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥੪॥੩॥੧੭॥੫੫॥ ਹੇ ਪ੍ਰਭੂ! (ਤੁਸੀ) ਆਪ ਹੀ ਵੱਡੇ ਸ਼ਾਹ ਤੇ (ਸਭ ਦੇ) ਮਾਲਕ ਹੋ, ਤੇ ਅਸੀਂ (ਸਾਰੇ ਜੀਵ) ਤੇਰੇ ਵਣਜਾਰੇ ਹਾਂ। ਦਾਸ ਨਾਨਕ ਦੇ ਹੇ ਸੱਚੇ ਸ਼ਾਹ! ਮੇਰਾ ਮਨ ਤਨ ਤੇ ਜਿੰਦ ਆਦਿ ਸਾਰੀ ਪੂੰਜੀ ਆਪ ਜੀ ਦੀ ਹੀ ਬਖਸ਼ੀ ਹੋਈ ਹੈ। ੪। ੩। ੧੭। ੫੫।

ਪਦਾਰਥ = ਰਾਚੇ–ਲੀਨ ਹੋ ਜਾਵੇ। ਮਾਚੇ–ਜਗ (ਪ੍ਰਕਾਸ਼ਤ ਹੋ) ਗਿਆ; ਖਿੜ ਗਿਆ। ੧। ਬੇਧਿ ਲੀਓ–ਵਿਨ੍ਹ (ਪਰੋ) ਲਿਆ ਹੈ। ਜਿਹ–ਜਿਸ। ਕਾਲ ਕੈ–ਮੌਤ ਦੇ। ਗ੍ਰਸਿਆ–ਫਸਿਆ; ਨਿਗਲਿਆ ਹੋਇਆ। ਬਾਚੇ–ਬਚ ਗਏ ਹਾਂ। ੧। ਰਹਾਉ। ਸਾਕਤ–ਰੱਬ ਤੋਂ ਟੁੱਟਾ ਮਨੁੱਖ। ਵਿਸਟਾ–ਗੰਦ। ਪਾਚੇ–ਸੜਦੇ ਹਨ; ਖੁਆਰ ਹੁੰਦੇ ਹਨ। ੨। ਪ੍ਰਤਿਪਾਲਕ–ਪਾਲਣਾ ਕਰਨ ਵਾਲਾ। ਮੋ ਕਉ–ਮੈਨੂੰ। ਜਾਚੇ–ਮੰਗਦਾ ਹਾਂ। ਨਿਰਤਿ–ਨਾਚ। ਨਾਚੇ–ਨੱਚਦਾ ਰਹੇ। ੩। ਸਾਹ–ਸ਼ਾਹੂਕਾਰ; ਪਾਤਸ਼ਾਹ। ਤਾ ਚੇ–ਤੇਰੇ; ਉਸ ਦੇ। ਜੀਉ–ਜਿੰਦ। ਰਾਸਿ–ਪੂੰਜੀ। ੪। ੩। ੧੭। ੫੫।

ਗਉੜੀ ਪੂਰਬੀ ਮਹਲਾ ੪ ॥ ਤੁਮ ਦਇਆਲ ਸਰਬ ਦੁਖ ਭੰਜਨ, ਇਕ ਬਿਨਉ ਸੁਨਹੁ ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ ਸੁਆਮੀ, ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥ (ਹੇ ਵਾਹਿਗੁਰੂ!) ਤੁਸੀਂ ਦਇਆ ਦੇ ਘਰ ਹੋ, ਸਾਰੇ ਦੁੱਖਾਂ ਨੂੰ ਨਾਸ ਕਰਨ ਵਾਲੇ ਹੋ, ਕੰਨ ਦੇ ਕੇ (ਮੇਰੀ) ਇਕ ਬੇਨਤੀ ਸੁਣੋ। ਹੇ ਮਾਲਕ! ਮੇਰਾ ਪ੍ਰਾਣ ਰੂਪ ਉਹ ਸਤਿਗੁਰੂ (ਮੈਨੂੰ) ਮਿਲਾ ਦਿਓ, ਹੇ ਹਰੀ! ਜਿਸ ਤੋਂ ਤੁਸੀਂ ਜਾਣੇ ਜਾਂਦੇ

ਹੋ।੧।

ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ, ਗੁਰ ਸਤਿਗੁਰ ਕੈ ਬਚਨਿ, ਹਰਿ ਹਮ ਜਾਨੇ ॥੧॥ ਰਹਾਉ॥ ਹੇ ਰਾਮ (ਦੇ ਪਿਆਰਿਓ)! ਅਸੀਂ ਸਤਿਗੁਰੂ ਨੂੰ ਪਾਰਬ੍ਰਹਮ ਕਰਕੇ ਮੰਨਿਆ ਹੈ।(ਕਿਉਂਕਿ) ਅਸੀਂ ਮੂਰਖ ਤੋਂ ਮੂਰਖ ਤੇ ਮੈਲੀ ਬੁੱਧੀ ਵਾਲੇ ਹੁੰਦੇ ਸੀ, (ਪਰ) ਵੱਡੇ ਸਤਿਗੁਰੂ ਦੇ ਉਪਦੇਸ਼ ਨਾਲ ਅਸੀਂ ਹਰੀ ਨੂੰ ਜਾਣ ਲਿਆ ਹੈ।੧।ਰਹਾਉ।

ਜਿਤਨੇ ਰਸ ਅਨ ਰਸ ਹਮ ਦੇਖੇ, ਸਭ ਤਿਤਨੇ ਫੀਕ ਫੀਕਾਨੇ ॥ (ਹਰੀ ਦੇ ਨਾਮ ਰਸ ਤੋਂ ਬਿਨਾ) ਜਿਤਨੇ ਵੀ ਰਸ ਤੇ ਹੋਰ (ਅਨੇਕਾਂ ਤਰ੍ਹਾਂ ਦੇ) ਰਸ ਅਸੀਂ ਦੇਖੇ ਹਨ, ਉਤਨੇ ਸਾਰੇ ਹੀ ਰਸ ਫਿੱਕਿਆਂ ਤੋਂ ਫਿੱਕੇ (ਬਹੁਤ ਬੇ ਸੁਆਦੇ) ਹਨ (ਵੈਰਾਗ ਵਿਚ ਆ ਕੇ ਭੋਗਾਂ ਤੋਂ ਘ੍ਰਿਣਾ ਹੋ ਜਾਂਦੀ ਹੈ, ਬਹੁਤ ਖਾ ਖਾ ਕੇ ਜਦ ਰੱਜ ਜਾਂਦਾ ਹੈ, ਮੁੜ ਖਾਣ ਨੂੰ ਚਿੱਤ ਨਹੀਂ ਕਰਦਾ)।

ਅੰਗ ੧੭੦ = ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ, ਮਿਲਿ ਸਤਿਗੁਰ ਮੀਠ ਰਸ ਗਾਨੇ ॥੨॥ ਸਤਿਗੁਰੂ ਨੂੰ ਮਿਲ ਕੇ (ਅਸੀਂ ਜੋ) ਹਰੀ ਦਾ ਅੰਮ੍ਰਿਤ ਰੂਪ ਨਾਮ ਰਸ ਚੱਖਿਆ ਹੈ, (ਉਹ ਰਸ) ਗੰਨੇ ਦੇ ਰਸ ਨਾਲੋਂ ਵੀ ਵਧੀਕ ਮਿੱਠਾ ਹੈ; (ਜਦ ਤੋਂ) ਸਤਿਗੁਰੂ ਨੂੰ ਮਿਲ ਕੇ ਨਾਮ ਅੰਮ੍ਰਿਤ ਦਾ ਰਸ ਚੱਖਿਆ ਹੈ, (ਉਦੋਂ ਤੋਂ ਅਸੀਂ) ਮਿੱਠੇ ਰਸ ਵਾਲੇ ਨਾਮ ਦੀ ਮਹਿਮਾਂ ਗਾਉਂਦੇ ਹਾਂ (ਫ.ਸ.; ਸੰ. ਪੋ.)।੨।

ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ, ਤੇ ਸਾਕਤ ਮੂੜ ਦਿਵਾਨੇ ॥ ਤਿਨ ਕੇ ਕਰਮਹੀਨ ਧੁਰਿ ਪਾਏ, ਦੇਖਿ ਦੀਪਕੁ ਮੋਹਿ ਪਚਾਨੇ ॥੩ ॥ ਜਿਨ੍ਹਾਂ ਨੂੰ ਗੁਰੂ ਸਤਿਗੁਰੂ ਨਹੀਂ ਮਿਲਿਆ, ਉਹ ਸਾਕਤ ਮੂਰਖ ਤੇ ਝੱਲੇ ਲੋਕ ਹਨ। ਉਨ੍ਹਾਂ ਦੇ ਕਰਮ ਧੁਰ ਦਰਗਾਹ ਤੋਂ ਮਾੜੇ ਪਏ ਹੋਏ ਹਨ, (ਓਹ ਮਾਇਆ ਦੇ) ਮੋਹ ਵਿਚ ਇਉਂ ਸੜ ਮਰਦੇ ਹਨ, ਜਿਵੇਂ ਦੀਵੇ ਨੂੰ ਦੇਖ ਕੇ ਪਤੰਗੇ ਸੜਦੇ ਹਨ।੩।

ਜਿਨ ਕਉ ਤੁਮ ਦਇਆ ਕਰਿ ਮੇਲਹੁ ,ਤੇ ਹਰਿ ਹਰਿ ਸੇਵ ਲਗਾਨੇ ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ, ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥ ਹੇ ਹਰੀ! ਜਿਨ੍ਹਾਂ (ਮਨੁੱਖਾਂ) ਨੂੰ ਤੁਸੀਂ ਦਇਆ ਕਰਕੇ (ਗੁਰੂ ਨਾਲ) ਮਿਲਾ ਦੇਂਦੇ ਹੋ, ਉਹ ਹਰਿ ਹਰਿ ਦੀ ਸੇਵਾ (ਨਾਮ ਸਿਮਰਨ) ਵਿਚ ਲਗਦੇ ਹਨ। ਦਾਸ ਨਾਨਕ ਆਖਦਾ ਹੈ (ਕਿ ਉਨ੍ਹਾਂ ਦੀ) ਮੱਤ ਗੁਰੂ ਦੀ ਮੱਤ ਦੁਆਰਾ ਨਾਮ ਵਿਚ ਲੀਨ ਹੋ ਜਾਂਦੀ ਹੈ, (ਜਿਸ ਕਰਕੇ ਉਹ ਪੁਰਖ) ਹਰਿ ਹਰਿ ਹਰਿ ਜਪ ਕੇ (ਸੰਸਾਰ ਵਿਚ) ਪ੍ਰਸਿੱਧ ਹੋ ਜਾਂਦੇ ਹਨ।੪।੪।੧੮।੫੬।

ਪਦਾਰਥ = ਭੰਜਨ–ਨਾਸ਼ ਕਰਨ ਵਾਲਾ। ਬਿਨਉ–ਬੇਨਤੀ। ਦੇ ਕਾਨੇ–ਕੰਨ ਦੇ ਕੇ (ਧਿਆਨ ਨਾਲ)। ਜਿਸ ਤੇ–ਜਿਸ ਤੋਂ (ਪਾਸੋਂ)। ਜਾਨੇ–ਜਾਣਿਆ ਜਾਂਦਾ ਹੈ। ਸੋ–ਉਹ। ਪ੍ਰਾਨੇ–ਪ੍ਰਾਣਾਂ ਦਾ ਸਹਾਰਾ।੧। ਮਾਨੇ–ਮੰਨਿਆ ਹੈ। ਮੂੜ ਮੁਗਧ–ਮੂਰਖ ਤੋਂ ਮੂਰਖ। ਅਸੁਧ–ਮੈਲੀ। ਹੋਤੇ–ਹੁੰਦੇ ਸੀ। ਜਾਨੇ–ਜਾਣਿਆ ਹੈ।੧। ਰਹਾਉ। ਅਨ ਰਸ–(ਪਦਾਰਥਾਂ ਤੇ ਭੋਗਾਂ ਦੇ) ਹੋਰ ਰਸ। ਤਿਤਨੇ–ਉਤਨੇ ਹੀ। ਫੀਕ ਫੀਕਾਨੇ–ਫਿੱਕਿਆਂ ਤੋਂ ਫਿੱਕੇ (ਬਹੁਤ ਬੇ ਸੁਆਦੇ)। ਚਾਖਿਆ–ਖਾਧਾ। ਗਾਨੇ–ਗੰਨਾ; ਗਾਉਂਦੇ ਹਾਂ।੨। ਭੇਟਿਆ–ਮਿਲਿਆ। ਸਾਕਤ–ਸ਼ਕਤੀ ਦੇ ਉਪਾਸ਼ਕ (ਮਾਇਆ ਵਿਚ ਗ੍ਰਸੇ ਹੋਏ)। ਦਿਵਾਨੇ–ਪਾਗਲ। ਤਿਨ ਕੇ–ਉਨ੍ਹਾਂ ਦੇ। ਕਰਮਹੀਨ–ਮੰਦੇ ਕਰਮ; ਅਭਾਗੇ। ਧੁਰਿ–ਧੁਰ ਦਰਗਾਹ ਤੋਂ। ਦੀਪਕੁ–ਦੀਵਾ। ਮੋਹਿ–ਮੋਹ ਵਿਚ। ਪਚਾਨੇ–ਸੜਦੇ ਹਨ। ਜਿਨ ਕਉ–ਜਿਨ੍ਹਾਂ ਨੂੰ। ਪ੍ਰਗਟੇ–ਪ੍ਰਸਿੱਧ ਹੋਏ। ਸਮਾਨੇ–ਲੀਨ ਹੋਏ।੪।੪।੧੮।੫੬।